Punjabi Parwaz

# ਪੰਜਾਬੀ ਪਰਵਾਜ਼

ਅੰਕ 65ਵਾਂ (ਸ਼ਿਕਾਗੋ): 08 ਨਵੰਬਰ ਤੋਂ 21 ਨਵੰਬਰ 2025 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

## ਰਾਜਾ ਵੜਿੰਗ ਦਾ ਇੱਕ ਹੋਰ ਸੈਲਫ ਗੋਲ਼


*ਸਾਬਕਾ ਗ੍ਰਹਿ ਮੰਤਰੀ ਬੂਟਾ ਸਿੰਘ ਬਾਰੇ ਰੰਗ ਭੇਦੀ ਬਿਆਨ 'ਤੇ ਵਿਵਾਦ
*ਤਰਨਤਾਰਨ ਦੀ ਜ਼ਿਮਨੀ ਚੋਣ ਲਈ ਵੋਟਾਂ ਗਿਆਰਾਂ ਨੂੰ

**ਜਸਵੀਰ ਸਿੰਘ ਸ਼ੀਰੀ**

ਜਦੋਂ ਤਰਨਤਾਰਨ ਦੀ ਜ਼ਿਮਨੀ ਚੋਣ ਵਿੱਚ ਕੁਝ ਹੀ ਦਿਨ ਬਾਕੀ ਰਹਿ ਗਏ ਹਨ ਤਾਂ ਕਾਂਗਰਸ ਪਾਰਟੀ ਦੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾਵੜਿੰਗ ਨੇ ਮਰਹੂਮ ਕਾਂਗਰਸੀ ਗ੍ਰਹਿ ਮੰਤਰੀ ਬੂਟਾ ਸਿੰਘ ਬਾਰੇ ਇੱਕ ਹੋਰ ਵਿਵਾਦ ਗ੍ਰਸਤ ਬਿਆਨ ਦੇ ਦਿੱਤਾ ਹੈ। ਦਲਿਤ ਭਾਈਚਾਰੇ ਨਾਲ ਸੰਬੰਧਤ ਰਹੇ ਕਾਂਗਰਸੀ ਆਗੂ ਬੂਟਾ ਸਿੰਘ ਦੇ ਰੰਗ ਅਤੇ ਜਾਤ ਬਾਰੇ ਟਿੱਪਣੀ ਕਰਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਨੇ ਪਾਰਟੀ ਚੋਣ ਮੁਹਿੰਮ ਨੂੰ ਇੱਕ ਵਾਰ ਫਿਰ ਅਸੁਰੱਖਿਅਤ ਪੁਜੀਸ਼ਨ ਵੱਲ ਧੱਕ ਦਿੱਤਾ ਹੈ। ਇਸ ਮਾਮਲੇ ਨੂੰ ਲੈ ਕੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਭਾਵੇਂ ਮੁਆਫੀ ਮੰਗ ਲਈ ਹੈ, ਪਰ ਵਿਰੋਧੀ ਪਾਰਟੀਆਂ ਵੱਲੋਂ ਇਸ ਮੁੱਦੇ ਨੂੰ ਦਲਿਤ ਭਾਈਚਾਰੇ ਦੇ ਮਾਣ ਸਨਮਾਨ ਨਾਲ ਜੋੜ ਦੇਣ ਕਾਰਨ ਕਾਂਗਰਸ ਪਾਰਟੀ ਨੂੰ ਜਿੰਨਾ ਕੁ ਨੁਕਸਾਨ ਹੋਣਾ ਸੀ, ਹੋ ਚੁੱਕਾ ਹੈ। ਕਮਾਨੋਂ ਨਿਕਲੇ ਤੀਰ ਵਾਂਗੂ ਸ਼ਬਦਾਂ ਦੀ ਮਾਰ ਨੂੰ ਬਾਅਦ ਵਿੱਚ ਦਿੱਤੇ ਸਪਸ਼ਟੀਕਰਨਾਂ ਨਾਲ ਬਹੁਤਾ ਨਹੀਂ ਘਟਾਇਆ ਜਾ ਸਕਦਾ। ਯਾਦ ਰਹੇ, ਸ. ਬੂਟਾ ਸਿੰਘ ਕਾਂਗਰਸ ਸਰਕਾਰ ਵੇਲੇ ਕੇਂਦਰੀ ਗ੍ਰਹਿ ਮੰਤਰੀ ਰਹੇ ਸਨ। ਉਨ੍ਹਾਂ ਨੂੰ ਇੱਕ ਵਾਰ ਬਿਹਾਰ ਦਾ ਗਵਰਨਰ ਵੀ ਬਣਾਇਆ ਗਿਆ ਸੀ। ਰਾਜਾ ਵੜਿੰਗ ਵੱਲੋਂ ਦਿੱਤੇ ਗਏ ਇੱਕ ਵਿਵਾਦਗ੍ਰਸਤ ਬਿਆਨ ਦਾ ਅਕਾਲੀ ਦਲ, ਭਾਜਪਾ ਅਤੇ ਆਮ ਆਦਮੀ ਪਾਰਟੀ ਵੱਲੋਂ ਤਿੱਖਾ ਵਿਰੋਧ ਕੀਤਾ ਗਿਆ ਹੈ। ਸ਼ਡਿਊਲਡ ਕਾਸਟ ਬਾਰੇ ਨੈਸ਼ਨਲ ਕਮਿਸ਼ਨ ਨੇ ਇਸ ਬਿਆਨ ਦਾ ਆਪਣੇ ਤੌਰ 'ਤੇ ਨੋਟਿਸ ਲੈਂਦਿਆਂ ਤਰਨਤਾਰਨ ਸਾਹਿਬ ਦੇ ਡਿਪਟੀ ਕਮਿਸ਼ਨਰ ਨੂੰ ਇਸ ਮਾਮਲੇ 'ਤੇ ਕਾਰਵਾਈ ਕਰਨ ਲਈ ਕਿਹਾ ਹੈ। ਇਸ ਤੋਂ ਇਲਾਵਾ ਪੰਜਾਬ ਸਟੇਟ ਸ਼ਡਿਊਲਡ ਕਾਸਟ ਕਮਿਸ਼ਨ ਨੇ ਵੀ ਮਾਮਲੇ ਦਾ ਆਪਣੇ ਤੌਰ 'ਤੇ ਨੋਟਿਸ ਲੈਂਦਿਆਂ ਵੜਿੰਗ ਨੂੰ 6 ਨਵੰਬਰ ਨੂੰ ਜਾਤੀ ਤੌਰ 'ਤੇ ਪੇਸ਼ ਹੋਣ ਲਈ ਕਿਹਾ। ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਕਮਿਸ਼ਨ ਦੇ ਨੋਟਿਸ ਵਿੱਚ ਆਇਆ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਮਰਹੂਮ ਸਾਬਕਾ ਗ੍ਰਹਿ ਮੰਤਰੀ ਦੇ ਰੰਗ ਅਤੇ ਜਾਤ 'ਤੇ ਟਿੱਪਣੀ ਕੀਤੀ ਹੈ। ਸ. ਬੂਟਾ ਸਿੰਘ ਦੇ ਸਪੁੱਤਰ ਸਰਬਜੋਤ ਸਿੰਘ ਸਿੱਧੂ ਨੇ ਕਪੂਰਥਲਾ ਦੇ ਐਸ.ਐਸ.ਪੀ. ਕੋਲ ਇੱਕ ਸ਼ਿਕਾਇਤ ਦਰਜ ਕਰਵਾ ਕੇ ਮੰਗ ਕੀਤੀ ਹੈ ਕਿ ਰਾਜਾ ਵੜਿੰਗ ਖਿਲਾਫ ਸ਼ਡਿਊਲਡ ਕਾਸਟ ਅਤੇ ਸ਼ਡਿਊਲਡ ਟਰਾਈਬਜ਼ ਐਕਟ (ਪਰਵੈਨਸ਼ਨ ਆਫ ਐਟਰੋਸਾਈਟਸ-1989) ਅਧੀਨ ਕੇਸ ਦਰਜ ਕੀਤਾ ਜਾਵੇ। ਇਸ ਮਾਮਲੇ 'ਤੇ ਆਪਣਾ ਪ੍ਰਤੀਕਰਮ ਪ੍ਰਗਟ ਕਰਦਿਆਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵੜਿੰਗ ਦੀ ਇਹ ਟਿੱਪਣੀ ਇੱਕ ਸਾਧਾਰਨ ਗਲਤੀ ਨਹੀਂ ਹੈ, ਸਗੋਂ

⇒ ਬਾਕੀ ਸਫਾ 2 ਉਤੇ ਪੜ੍ਹੋ

## ਐਡਵੋਕੇਟ ਧਾਮੀ ਮੁੜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ



ਹਰਜਿੰਦਰ ਸਿੰਘ ਧਾਮੀ ਤੇ ਅਕਾਲੀ ਆਗੂ ਦਲਜੀਤ ਸਿੰਘ ਚੀਮਾ ਖੁਸ਼ੀ ਦੇ ਰਉਂ 'ਚ

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਬੀਤੇ ਸੋਮਵਾਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਹੋਈ ਸਾਲਾਨਾ ਚੋਣ ਦੌਰਾਨ ਮੁੜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚੁਣ ਲਿਆ ਗਿਆ ਹੈ। ਉਹ ਲਗਾਤਾਰ ਪੰਜਵੀਂ ਵਾਰ ਪ੍ਰਧਾਨ ਬਣੇ ਹਨ। ਪਿਛਲੇ ਸਾਲ 2 ਦਸੰਬਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਕਾਲੀ ਆਗੂਆਂ ਨੂੰ ਤਨਖਾਹ ਲਗਾਉਣ ਦੇ ਹੁਕਮਨਾਮੇ ਮਗਰੋਂ ਹਰਜਿੰਦਰ ਸਿੰਘ ਧਾਮੀ ਨੇ ਅਸਤੀਫਾ ਦੇ ਦਿੱਤਾ ਸੀ। ਉਨ੍ਹਾਂ ਦਾ ਇਹ ਅਸਤੀਫਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

⇒ ਬਾਕੀ ਸਫਾ 8 ਉਤੇ ਪੜ੍ਹੋ

## ਵੈਨੇਜ਼ੂਏਲਾ 'ਚ ਆਹਮੋ-ਸਾਹਮਣੇ ਹੋਏ ਰੂਸ ਤੇ ਅਮਰੀਕਾ

**■ਰਾਸ਼ਟਰਪਤੀ ਮਦੂਰੋ ਦੇ ਸਿਰ 'ਤੇ 50 ਮਿਲੀਅਨ ਡਾਲਰ ਦਾ ਇਨਾਮ**
**■ਵੈਨੇਜ਼ੂਏਲਾ 'ਤੇ ਅਮਰੀਕਾ ਦੇ ਹਵਾਈ ਹਮਲੇ ਦੀਆਂ ਹਵਾਈਆਂ**

ਦੱਖਣੀ ਅਮਰੀਕਾ ਦੇ ਮੁਲਕ ਵੈਨੇਜ਼ੂਏਲਾ ਦੀ ਪਿਛਲੇ ਕੁਝ ਸਮੇਂ ਤੋਂ ਅਮਰੀਕੀ ਫੌਜਾਂ ਘੇਰਾਬੰਦੀ ਕਰੀਂ ਖੜੀਆਂ ਹਨ। ਕੈਰੀਬੀਅਨ ਸਮੁੰਦਰੀ ਖੇਤਰ ਵਿੱਚ ਅਮਰੀਕੀ ਬੇੜੇ ਅਤੇ 10,000 ਫੌਜੀ ਤਿਆਰ-ਬਰ-ਤਿਆਰ ਖੜ੍ਹੇ ਹਨ। ਇਸ ਦੌਰਾਨ ਅਮਰੀਕੀ ਫੌਜਾਂ ਨੇ 15 ਵੈਂਜ਼ੂਏਲਨ ਕਿਸ਼ਤੀਆਂ ਨੂੰ ਨਿਸ਼ਾਨਾ ਬਣਾਇਆ ਹੈ ਅਤੇ ਇਸ ਵਿੱਚ ਤਕਰੀਬਨ 60 ਵਿਅਕਤੀਆਂ ਦੀ ਮੌਤ ਹੋ ਗਈ ਹੈ। ਅਮਰੀਕਾ ਦਾ ਆਖਣਾ ਹੈ ਕਿ ਇਹ ਕਿਸ਼ਤੀਆਂ ਨਸ਼ਿਆਂ ਦੀ ਸਪਲਾਈ ਕਰ ਰਹੀਆਂ ਹਨ।

ਇਸ ਵਿਚਕਾਰ ਰੂਸੀ ਫੌਜ ਅਤੇ ਰੂਸੀ ਹਵਾਈ ਫੌਜ ਦੇ ਮਾਲਵਾਹਕ ਜਹਾਜ਼ ਵੈਨੇਜ਼ੂਏਲਾ ਦੇ ਫੇਰੇ ਮਾਰਨ ਲੱਗੇ ਹਨ। ਰੂਸ ਨੇ 200 ਤੋਂ ਵੱਧ ਫੌਜੀ (ਮਰਸਿਨਰੀ ਗਰੁੱਪ) ਵੀ ਵੈਨੇਜ਼ੂਏਲਾ ਦੇ ਰਾਸ਼ਟਰਪਤੀ ਦੀ ਰਾਖੀ ਲਈ ਭੇਜੇ ਹਨ। ਇਸ ਤਰ੍ਹਾਂ ਮੱਧ ਏਸ਼ੀਆ ਅਤੇ ਪੂਰਬੀ ਯੂਰਪ ਤੋਂ ਇਲਾਵਾ ਇੱਕ ਹੋਰ ਖਿੱਤਾ ਵੱਡੀਆਂ ਤਾਕਤਾਂ ਵਿਚਕਾਰ ਕਲ੍ਹਾ ਦਾ ਕੇਂਦਰ ਬਣਦਾ ਜਾ ਰਿਹਾ ਹੈ। ਵੈਨੇਜ਼ੂਏਲਾ ਦੇ ਰਾਸ਼ਟਰਪਤੀ ਨਿਕੋਲਸ ਮਦੂਰੋ ਨੇ ਇਸ ਦਰਮਿਆਨ ਖਦਸ਼ਾ ਪ੍ਰਗਟ ਕੀਤਾ ਹੈ ਕਿ ਅਮਰੀਕਾ ਉਸ ਦੀ ਸਰਕਾਰ ਦਾ ਤਖ਼ਤਾ ਪਲਟਣ ਦਾ ਯਤਨ ਕਰ ਰਿਹਾ ਹੈ, ਜਦਕਿ ਬਹਾਨਾ ਨਸ਼ਿਆਂ ਦੀ ਸਪਲਾਈ ਚੇਨ ਤੋੜਨ ਦਾ ਬਣਾਇਆ ਜਾ ਰਿਹਾ ਹੈ। ਉਂਝ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਦੱਖਣੀ ਅਮਰੀਕਾ ਦੇ ਕਈ ਮੁਲਕ ਕੋਕੇਨ ਵਰਗੇ ਨਸ਼ੇ ਦੀ ਸਪਲਾਈ ਦਾ ਮਾਰਗ ਬਣੇ ਹੋਏ ਹਨ; ਪਰ ਵੈਨੇਜ਼ੂਏਲਾ ਦੀ ਸਰਕਾਰ 'ਤੇ ਖੱਬੇ-ਪੱਖੀ ਠੱਪਾ ਹੋਣ ਕਾਰਨ ਇੱਥੇ ਅਮਰੀਕਾ ਵੱਲੋਂ ਮਦੂਰੋ ਦੀ ਸਰਕਾਰ ਦਾ ਤਖਤਾ ਪਲਟਣ ਦੇ ਯਤਨਾਂ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਵੱਡਾ ਰੌਲਾ ਵੈਨੇਜ਼ੂਏਲਾ ਦੇ ਤੇਲ ਸੋਮਿਆਂ ਦਾ ਜਾਪਦਾ ਹੈ, ਜਿਸ 'ਤੇ ਅਮਰੀਕਾ ਸਮੇਤ ਕਈ ਮੁਲਕਾਂ ਦੀ ਅੱਖ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਹ ਕਹੇ ਜਾਣ ਤੋਂ ਪਿੱਛੋਂ ਕਿ ਉਨ੍ਹਾਂ ਨੇ ਵੈਨੇਜ਼ੂਏਲਾ ਵਿੱਚ ਸੀ.ਆਈ.ਏ. ਨੂੰ ਆਪਣਾ ਉਪਰੇਸ਼ਨ ਚਲਾਉਣ ਦੀ ਇਜਾਜ਼ਤ ਦੇ ਦਿੱਤੀ ਹੈ, ਨਾਲ ਨਾ ਸਿਰਫ ਦੋਹਾਂ ਮੁਲਕਾਂ ਵਿਚਕਾਰ ਸਗੋਂ ਦੁਨੀਆਂ ਦੇ ਮੁਲਕਾਂ ਦੇ ਦੋ ਵਿਰੋਧੀ ਕੈਂਪਾਂ ਵਿਚਕਾਰ ਤਣਾਅ ਤਿੱਖਾ ਹੋ ਗਿਆ ਹੈ। ਸੁਣਨ ਵਿੱਚ ਆਇਆ ਹੈ ਕਿ ਚੀਨ ਇਰਾਨ, ਕਿਊਬਾ ਅਤੇ ਉੱਤਰੀ ਕੋਰੀਆ ਵਰਗੇ ਮੁਲਕ ਵੀ ਵੈਨੇਜ਼ੂਏਲਾ ਦੇ ਪੱਖ ਵਿੱਚ ਡੱਕਾ ਸੁੱਟ ਰਹੇ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਟਰੰਪ ਸਰਕਾਰ ਨੇ ਵੈਨੇਜ਼ੂਏਲਾ ਵਿੱਚ ਆਪਣੇ ਟਿਕਾਣੇ ਟਿੱਕ ਲਏ ਹਨ, ਜਿਨ੍ਹਾਂ 'ਤੇ ਹਮਲੇ ਕੀਤੇ ਜਾਣੇ ਹਨ। ਇਨ੍ਹਾਂ ਵਿੱਚ ਸੰਭਾਵਤ ਤੌਰ 'ਤੇ ਵੈਨੇਜ਼ੂਏਲਾ ਦੇ ਫੌਜੀ ਕੰਟਰੋਲ ਹੇਠ ਰੱਖੀਆਂ ਗਈਆਂ ਬੰਦਰਗਾਹਾਂ ਅਤੇ ਹਵਾਈ ਅੱਡੇ ਸ਼ਾਮਲ ਹਨ, ਜਿਨ੍ਹਾਂ ਤੋਂ ਕਥਿੱਤ ਤੌਰ 'ਤੇ ਨਸ਼ੀਲੀ ਸਮਗਰੀ ਐਕਸਪੋਰਟ ਕੀਤੀ ਜਾਂਦੀ ਹੈ। ਅਮਰੀਕਨ ਫੌਜ ਵੱਲੋਂ ਕੀਤਾ ਜਾਣ ਵਾਲਾ ਇਸ ਕਿਸਮ ਦਾ ਹਮਲਾ ਵੈਨੇਜ਼ੂਏਲਾ ਖਿਲਾਫ ਜੰਗ ਦਾ ਐਲਾਨ ਹੀ ਸਮਝਿਆ ਜਾਵੇਗਾ। ਉਪਰੋਕਤ ਕਿਸਮ ਦੀਆਂ ਰਿਪੋਰਟਾਂ ਵਾਲ ਸਟਰੀਟ ਜਰਨਲ ਸਮੇਤ ਕਈ

⇒ ਬਾਕੀ ਸਫਾ 4 ਉਤੇ ਪੜ੍ਹੋ






# ਭਾਰਤੀ ਕੁੜੀਆਂ ਨੇ ਕ੍ਰਿਕਟ ਦਾ ਵਿਸ਼ਵ ਕੱਪ ਜਿੱਤਿਆ

***ਦੱਖਣੀ ਅਫਰੀਕਾ ਨੂੰ 53 ਦੌੜਾਂ ਨਾਲ ਹਰਾਇਆ**
***ਪ੍ਰਧਾਨ ਮੰਤਰੀ ਸਮੇਤ ਉਘੀਆਂ ਹਸਤੀਆਂ ਵੱਲੋਂ ਮੁਬਾਰਕਾਂ**

**ਜਸਵੀਰ ਸਿੰਘ ਮਾਂਗਟ**

ਕਪਤਾਨ ਹਰਮਨਪ੍ਰੀਤ ਕੌਰ ਦੀ ਅਗਵਾਈ ਵਿੱਚ ਕੁੜੀਆਂ ਦੀ ਭਾਰਤੀ ਕ੍ਰਿਕਟ ਟੀਮ ਨੇ 2025 ਦਾ ਵਰਲਡ ਕੱਪ ਜਿੱਤ ਕੇ ਇਤਿਹਾਸ ਰਚ ਦਿੱਤਾ ਹੈ। ਬੀਤੇ ਐਤਵਾਰ ਦੀ ਰਾਤ ਨਵੀਂ ਮੁੰਬਈ ਵਿੱਚ ਭਾਰਤ ਅਤੇ ਦੱਖਣੀ ਅਫਰੀਕਾ ਵਿਚਕਾਰ ਹੋਏ ਮੁਕਾਬਲੇ ਵਿੱਚ ਭਾਰਤੀ ਕੁੜੀਆਂ ਦੀ ਕ੍ਰਿਕਟ ਹਰਮਨਪ੍ਰੀਤ ਕੌਰ ਨੇ ਕੀਤੀ ਅਤੇ ਲੀਗ ਸਟੇਜ 'ਤੇ ਤਿੰਨ ਵੱਡੀਆਂ ਟੀਮਾਂ ਦੇ ਖਿਲਾਫ ਮੁਕਾਬਲੇ ਹਾਰ ਜਾਣ ਦੇ ਬਾਵਜੂਦ ਹਿੰਦੁਸਤਾਨੀ ਕ੍ਰਿਕਟ ਟੀਮ ਨੇ ਆਸਟਰੇਲੀਆ ਨੂੰ ਹਰਾ ਕੇ ਸੈਮੀਫਾਈਨਲ ਮੁਕਾਬਲਾ ਜਿੱਤਿਆ ਅਤੇ ਫਾਈਨਲ ਵਿੱਚ ਪ੍ਰਵੇਸ਼ ਕੀਤਾ। ਬੀਤੇ ਐਤਵਾਰ ਨਵੀਂ ਮੁੰਬਈ ਵਿੱਚ ਹੋਏ ਫਾਈਨਲ ਮੁਕਾਬਲੇ ਵਿੱਚ ਭਾਰਤੀ ਟੀਮ ਨੇ 7 ਵਿਕਟਾਂ ਗੁਆ ਕੇ 298 ਰਨ ਬਣਾਏ, ਜਦਕਿ ਦੱਖਣੀ ਅਫਰੀਕਾ ਦੀ ਪੂਰੀ ਟੀਮ 246 ਰਨ ਬਣਾ ਕੇ ਆਊਟ ਹੋ ਗਈ। ਇਸ



ਟੀਮ ਨੇ ਦੱਖਣੀ ਅਫਰੀਕਾ ਨੂੰ 53 ਦੌੜਾਂ ਦੇ ਫਰਕ ਨਾਲ ਹਰਾ ਦਿੱਤਾ। ਫਾਈਨਲ ਮੁਕਾਬਲੇ ਵਿੱਚ 58 ਰਨ ਬਣਾਉਣ ਅਤੇ 5 ਖਿਡਾਰਨਾਂ ਨੂੰ ਆਊਟ ਕਰਨ ਵਾਲੀ ਦੀਪਤੀ ਸ਼ਰਮਾ ਨੂੰ ਪਲੇਅਰ ਆਫ ਦਾ ਟੂਰਨਾਮੈਂਟ ਐਲਾਨਿਆ ਗਿਆ। ਪ੍ਰਤੀਕਾ ਰਵਾਲ ਦੇ ਜ਼ਖਮੀ ਹੋਣ ਜਾਣ ਕਾਰਨ ਸੈਮੀਫਾਈਨਲ ਮੁਕਾਬਲੇ ਵਿੱਚ ਟੀਮ ਨਾਲ ਜੁੜੀ ਸ਼ਫ਼ਾਲੀ ਵਰਮਾ ਨੇ 80 ਰਨ ਬਣਾਏ ਅਤੇ ਬਾਅਦ ਵਿੱਚ ਦੋ ਵਿਕਟਾਂ ਵੀ ਲਈਆਂ। ਉਸ ਨੂੰ 'ਪਲੇਅਰ ਆਫ ਮੈਚ' ਦਾ ਖਿਤਾਬ ਦਿੱਤਾ ਗਿਆ ਹੈ। ਜਦਕਿ ਦੀਪਤੀ ਸ਼ਰਮਾ ਨੂੰ 'ਪਲੇਅਰ ਆਫ ਦਾ ਟੂਰਨਾਮੈਂਟ' ਐਲਾਨਿਆ ਗਿਆ। ਯਾਦ ਰਹੇ, ਭਾਰਤ ਦੀ ਕੁੜੀਆਂ ਦੀ ਕ੍ਰਿਕਟ ਟੀਮ ਨੇ ਇਹ ਪਹਿਲਾ ਵਿਸ਼ਵ ਕੱਪ ਜਿੱਤਿਆ ਹੈ। ਇਸ ਤੋਂ ਪਹਿਲਾਂ 2005 ਅਤੇ 2017 ਵਾਲੇ ਸੰਸਾਰ ਕ੍ਰਿਕਟ ਕੱਪ ਦੇ ਫਾਈਨਲ ਵਿੱਚ ਪਹੁੰਚਣ ਦੇ ਬਾਵਜੂਦ ਹਿੰਦੁਸਤਾਨ ਨੂੰ ਖਿਤਾਬ ਜਿੱਤਣਾ ਨਸੀਬ ਨਹੀਂ ਸੀ ਹੋਇਆ।

ਪੰਜਾਬ ਅਤੇ ਮੋਗੇ ਜ਼ਿਲ੍ਹੇ ਲਈ ਇਸ ਜਿੱਤ ਦੇ ਖਾਸ ਮਾਇਨੇ ਹਨ, ਕਿਉਂਕਿ ਇਸ ਟੀਮ ਦੀ ਅਗਵਾਈ ਤਰ੍ਹਾਂ ਭਾਰਤੀ ਟੀਮ ਨੇ ਇਹ ਮੁਕਾਬਲਾ 52 ਰਨ ਦੇ ਫਰਕ ਨਾਲ ਜਿੱਤ ਲਿਆ। ਸੰਸਾਰ ਕ੍ਰਿਕਟ ਵਿੱਚ ਪ੍ਰਵੇਸ਼ ਕਰਨ ਤੋਂ ਬਾਅਦ ਭਾਰਤੀ ਕੁੜੀਆਂ ਨੇ ਇਹ ਪਹਿਲਾ ਸੰਸਾਰ ਕੱਪ ਮੁਕਾਬਲਾ ਜਿੱਤਿਆ ਹੈ। ਹਰਮਨਪ੍ਰੀਤ ਕੌਰ ਨੇ ਦੀਪਤੀ ਦੀ ਗੇਂਦ 'ਤੇ ਜਿਵੇਂ ਦੌੜਦਿਆਂ ਸ਼ਾਨਦਾਰ ਆਖਰੀ ਕੈਚ ਲਿਆ, ਉਸ ਨੇ ਦਰਸਾਇਆ ਕਿ ਹਾਲੇ ਵੀ ਉਸ ਦਾ ਅਥਲੈਟਿਸਿਜ਼ਮ ਵਿਸ਼ਵ ਪੱਧਰੀ ਹੈ।

ਖਿਤਾਬ ਜਿੱਤਣ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਹਰਮਨਪ੍ਰੀਤ ਕੌਰ ਨੇ ਕਿਹਾ ਕਿ ਭਾਵੇਂ ਅਸੀਂ ਇਸ ਵਿਸ਼ਵ ਕੱਪ ਵਿੱਚ ਲਗਾਤਾਰ ਤਿੰਨ ਮੁਕਾਬਲੇ ਹਾਰੇ, ਪਰ ਸਾਨੂੰ ਵਿਸ਼ਵਾਸ ਸੀ ਕਿ ਇਹ ਟੀਮ ਲਾਜ਼ਮੀ ਕੋਈ ਕ੍ਰਿਸ਼ਮਾ ਕਰੇਗੀ। ਹਿੰਦੁਸਤਾਨੀ ਟੀਮ ਦੇ ਮੁੱਖ ਕੋਚ ਅਮੋਲ ਮਜੂਮਦਾਰ ਨੇ ਇਸ ਜਿੱਤ ਤੋਂ ਬਾਅਦ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਇਸ ਟੀਮ 'ਤੇ ਹਰ ਹਿੰਦੁਸਤਾਨੀ ਨੂੰ ਮਾਣ ਹੈ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਦੱਖਣੀ ਅਫਰੀਕਾ ਦੀ ਟੀਮ ਇਸ ਟੂਰਨਾਮੈਂਟ ਵਿੱਚ ਜਿਸ ਜਜ਼ਬੇ ਨਾਲ ਖੇਡੀ, ਭਾਰਤ ਅਤੇ ਆਸਟਰੇਲੀਆ ਤੋਂ ਬਾਅਦ ਉਹ ਵੀ ਖਿਤਾਬ ਦੀ ਦਾਅਵੇਦਾਰ ਲਗਦੀ ਸੀ। ਉਸ ਨੇ ਇੰਗਲੈਂਡ ਜਿਹੀ ਮਜਬੂਤ ਟੀਮ ਨੂੰ ਹਰਾ ਕੇ ਫਾਈਨਲ ਵਿੱਚ ਪ੍ਰਵੇਸ਼ ਕੀਤਾ। ਦੱਖਣੀ ਅਫਰੀਕਾ ਦੀ ਟੀਮ ਦੀ ਕੈਪਟਨ ਲਾਓਰਾ ਵੂਲਵਾਰਟ ਨੇ ਇਸ ਮੁਕਾਬਲੇ ਵਿੱਚ ਜ਼ਬਰਦਸਤ ਲੜਾਈ ਲੜੀ ਅਤੇ 101 ਦੌੜਾਂ ਬਣਾਈਆਂ ਪਰ, ਪਰ ਉਸ ਦੇ ਬਰਾਬਰ ਦੂਜੀ ਸਾਈਡ 'ਤੇ ਖਿਡਾਰਨਾਂ ਆਊਟ ਹੁੰਦੀਆਂ ਚਲੀਆਂ ਗਈਆਂ। ਫਾਈਨਲ ਮੁਕਾਬਲੇ ਬਾਰੇ ਆਪਣੀ ਰਾਏ ਪ੍ਰਗਟ ਕਰਦਿਆਂ ਦੱਖਣੀ ਅਫਰੀਕਾ ਦੀ ਕੈਪਟਨ ਨੇ ਉਦਾਸ ਲਹਿਜੇ ਵਿੱਚ ਕਿਹਾ ਕਿ ਮੈਨੂੰ ਆਪਣੀ ਟੀਮ ਦੇ ਪ੍ਰਦਰਸ਼ਨ 'ਤੇ ਬਹੁਤਾ ਮਾਣ ਨਹੀਂ ਹੈ। ਉਸ ਨੇ ਕਿਹਾ ਕਿ ਭਾਰਤ ਨੇ ਅੱਜ ਸ਼ਾਨਦਾਰ ਪ੍ਰਦਸ਼ਨ ਕੀਤਾ। ਉਨ੍ਹਾਂ ਸਾਨੂੰ ਹਰ ਖੇਤਰ ਵਿੱਚ ਮਾਤ ਦਿੱਤੀ; ਪਰ ਫਾਈਨਲ ਤੱਕ ਪਹੁੰਚਣ ਲਈ ਦੱਖਣੀ ਅਫਰੀਕਾ ਸ਼ਾਨਦਾਰ ਖੇਡ ਖੇਡਿਆ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤੀ ਕੁੜੀਆਂ ਦੇ ਵਿਸ਼ਵ ਚੈਂਪੀਅਨ ਬਣਨ 'ਤੇ ਵਧਾਈ ਦਿੰਦਿਆਂ ਕਿਹਾ ਕਿ 'ਲਾਮਿਸਾਲ ਟੀਮ ਵਰਕ ਅਤੇ ਦ੍ਰਿੜਤਾ ਕਾਰਨ ਭਾਰਤੀ ਟੀਮ ਇਹ ਸੰਸਾਰ ਕੱਪ ਜਿੱਤੀ ਹੈ। ਸਾਡੀਆਂ ਕੁੜੀਆਂ ਦੀ ਇਹ ਜਿੱਤ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਣਾ ਦੇਵੇਗੀ। ਭਾਰਤ ਦੀ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਕੁੜੀਆਂ ਦੀ ਜਿੱਤ 'ਤੇ ਟੀਮ ਨੂੰ ਵਧਾਈ ਦਿੱਤੀ। ਇਸ ਤੋਂ ਇਲਾਵਾ ਕੇਂਦਰੀ ਖੇਡ ਮੰਤਰੀ ਮਨਸੁਖ ਮੰਡਾਈਆ, ਕਾਂਗਰਸੀ ਲੀਡਰ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ, ਟੈਕਨੋਕਰੇਟ ਸੁੰਦਰ ਪਿਚਾਈ ਅਤੇ ਸੱਤਿਆ ਨਡੇਲਾ ਨੇ ਵੀ ਭਾਰਤੀ ਔਰਤਾਂ ਦੀ ਕ੍ਰਿਕਟ ਟੀਮ ਵੱਲੋਂ ਵਿਸ਼ਵ ਕੱਪ ਜਿੱਤਣ 'ਤੇ ਵਧਾਈ ਦਿੱਤੀ ਹੈ।

## ਕੈਪਟਨ ਹਰਮਨਪ੍ਰੀਤ ਕੌਰ: ਕਣਕਵੰਨੇ ਚਿਹਰੇ 'ਤੇ ਲਿਖੀ ਇਬਾਰਤ

ਹਿੰਦੁਸਤਾਨੀ ਔਰਤਾਂ ਦੀ ਕ੍ਰਿਕਟ ਟੀਮ ਨੂੰ ਵਿਸ਼ਵ ਚੈਂਪੀਅਨ ਬਣਾਉਣ ਵਾਲੀ ਹਰਮਨਪ੍ਰੀਤ ਕੌਰ ਪੰਜਾਬ ਦੇ ਮਾਲਵਾ ਖੇਤਰ ਦੀ ਕਲਗੀ ਸਮਝੇ ਜਾਂਦੇ 'ਮੋਗੇ' ਦੀ ਜੰਮਪਲ ਹੈ। ਉਸ ਦਾ ਜਨਮ 8 ਮਾਰਚ 1989 ਨੂੰ ਹੋਇਆ। ਉਹ 2009 ਵਿੱਚ ਆਸਟਰੇਲੀਆ ਵਿੱਚ ਆਪਣਾ ਪਹਿਲਾ ਅੰਤਰਰਾਸ਼ਟਰੀ ਮੈਚ ਪਾਕਿਸਤਾਨ ਖਿਲਾਫ ਖੇਡੀ। ਇੰਜ ਵਿਸ਼ਵ ਕੱਪ ਜਿੱਤਣ ਦੇ ਮੁਕਾਮ ਤੱਕ ਪਹੁੰਚਣ ਲਈ ਉਸ ਨੂੰ 16 ਸਾਲ ਲੱਗੇ। ਉਮਰ ਦਾ ਸੈਂਤੀਵਾਂ ਸਾਲ 2025 ਉਹਦੇ ਲਈ ਭਾਗਾਂ ਭਰਿਆ ਸਾਬਤ ਹੋਇਆ। 2017 ਦੇ ਵਿਸ਼ਵ ਕੱਪ ਦੇ ਫਾਈਨਲ ਮੁਕਾਬਲੇ ਵਿੱਚ ਭਾਰਤੀ ਟੀਮ ਥੋੜ੍ਹੇ ਜਿਹੇ ਫਰਕ ਨਾਲ ਇੰਗਲੈਂਡ ਕੋਲੋਂ ਹਾਰ ਗਈ ਸੀ। ਇਹ ਪਲ ਦਿਲ ਤੋੜਨ ਵਾਲੇ ਸਨ, ਪਰ 2 ਨਵੰਬਰ 2025 ਦਾ ਦਿਨ ਹਰਮਨਪ੍ਰੀਤ ਤੇ ਉਸ ਦੀ ਟੀਮ ਲਈ ਰੌਣਕ ਲੈ ਕੇ ਆਇਆ।



ਹਿੰਦੁਸਤਾਨੀ ਟੀਮ ਦੀ ਕੈਪਟਨ ਹੁੰਦਿਆਂ ਹਰਮਨ ਨੂੰ ਮਹੱਤਵਪੂਰਨ ਮੁਕਾਬਲਿਆਂ ਦੇ ਫਾਈਨਲ ਵਿੱਚ ਪਹੁੰਚ ਕੇ ਹਾਰ ਜਾਣ ਸਮੇਤ ਬਹੁਤ ਸਾਰੇ ਤਾਅਨੇ-ਮਿਹਣਿਆਂ ਦਾ ਸਾਹਮਣਾ ਕਰਨਾ ਪਿਆ। ਇਸ ਵਾਰ ਦੇ ਵਿਸ਼ਵ ਕੱਪ ਵਿੱਚ ਵੀ ਲੀਗ ਸਟੇਜ 'ਤੇ ਉਸ ਦਾ ਬੱਲਾ ਖਾਮੋਸ਼ ਰਹਿਣ ਕਾਰਨ ਅਤਿ ਭੱਦੀ ਟਰੋਲਿੰਗ ਉਸ ਦਾ ਪਿੱਛਾ ਕਰਦੀ ਰਹੀ; ਜਿਵੇਂ ਇਹ ਹੁਣ ਸ਼ੁਭਮਨ ਗਿੱਲ ਦਾ ਕਰ ਰਹੀ ਹੈ। ਪਰ ਸੈਮੀਫਾਈਨ ਵਿੱਚ ਜਮੀਮਾ ਰੋਡਰਿਗਜ਼ (127) ਨਾਲ 89 ਦੌੜਾਂ ਦੀ ਸ਼ਾਨਦਾਰ ਪਾਰੀ ਖੇਡ ਕੇ ਉਸ ਨੇ ਵਿਖਾਇਆ ਕਿ ਵੱਡੇ ਖਿਡਾਰੀ ਵੱਡੇ ਮੌਕਿਆਂ 'ਤੇ ਪਰਖੇ ਜਾਂਦੇ ਹਨ। ਇਸ ਤਲਖ ਸਫਰ/ਸੰਘਰਸ਼ ਦੀ ਇਬਾਰਤ ਹਰਮਨਪ੍ਰੀਤ ਕੌਰ ਦੇ ਕਣਕਵੰਨੇ ਚਿਹਰੇ 'ਤੇ ਸਪਸ਼ਟ ਲਿਖੀ ਹੋਈ ਹੈ। ਕਣਕਵੰਨਾ-ਪੱਕਾ ਰੰਗ ਕਿਸਾਨਾਂ ਦੀ ਪ੍ਰਤੀਨਿਧਤਾ ਕਰਦਾ ਹੈ, ਜਿਸ ਵਿੱਚ ਸਖ਼ਤ ਕਿਸਮ ਦੀਆਂ ਧੁੱਪਾਂ-ਛਾਵਾਂ ਨੂੰ ਜਜ਼ਬ ਕਰਨ ਦੀ ਅਥਾਹ ਸਮਰੱਥਾ ਹੈ; ਜਿਵੇਂ ਇਹ ਡਾਕਰ ਧਰਤੀ ਵਿੱਚ ਹੁੰਦੀ ਹੈ। ਸ਼ਾਇਦ ਇਸ ਕਿਸਮ ਦੀ ਸਮਰੱਥਾ ਹੀ ਉਸ ਨੂੰ ਇਸ ਮੁਕਾਮ ਤੱਕ ਲੈ ਆਈ।

ਹਰਮਨਪ੍ਰੀਤ ਕੌਰ ਨੇ 50 ਓਵਰਾਂ ਦੀ ਕ੍ਰਿਕਟ ਵਿੱਚ ਹੁਣ ਤੱਕ 161 ਮੈਚ ਖੇਡੇ ਹਨ ਅਤੇ 4409 ਦੌੜਾਂ ਬਣਾਈਆਂ ਹਨ। ਉਸ ਦਾ ਸਭ ਤੋਂ ਵੱਧ ਸਕੋਰ 171 ਰਿਹਾ। ਇਹ ਉਸ ਨੇ 2017 ਦੇ ਵਿਸ਼ਵ ਕੱਪ ਮੁਕਾਬਲੇ ਦੇ ਸੈਮੀਫਾਈਨਲ ਵਿੱਚ ਆਸਟਰੇਲੀਆ ਖਿਲਾਫ ਬਣਾਇਆ ਸੀ। ਇਹ ਮੁਕਾਬਲਾ ਖੇਡਣ ਤੋਂ ਬਾਅਦ ਘਰ ਵੱਲ ਪਰਤਦਿਆਂ ਜਦੋਂ ਉਹ ਮੋਗਾ ਬੱਸ ਸਟੈਂਡ 'ਤੇ ਉਤਰੀ ਤਾਂ 'ਆਮ ਆਦਮੀ ਪਾਰਟੀ' ਦੇ ਆਗੂਆਂ ਅਤੇ ਵਰਕਰਾਂ ਦੀ ਇੱਕ ਟੋਲੀ ਉਸ ਦੇ ਸੁਆਗਤ ਲਈ ਪਹੁੰਚੀ; ਪਰ ਇਸ ਭੀੜ ਵੱਲ ਉਸ ਨੇ ਵੇਖਿਆ ਤੱਕ ਨਹੀਂ ਸੀ, ਸਿੱਧੀ ਆਪਣੇ ਘਰ ਵੱਲ ਤੁਰ ਗਈ ਸੀ। ਉਸ ਸਮੇਂ ਉਸ ਦੀ ਇਸ ਇਕਾਗਰਤਾ ਨੇ ਹੀ ਬਿਆਨ ਕਰ ਦਿੱਤਾ ਸੀ ਕਿ ਇਸ ਕੁੜੀ ਵਿੱਚ ਕੁਝ ਖਾਸ ਕਰਨ ਦੀ ਸਮਰੱਥਾ ਹੈ। ਹਰਮਨ ਨੇ ਹੁਣ ਆਪਣੀ ਖੇਡ ਵਿੱਚ ਟੀਸੀ ਦਾ ਬੇਰ ਤੋੜ ਲਿਆ ਹੈ। ਉਸ ਦੀ ਅੰਮੀ, ਬਾਬਲ ਹੁਣ ਉਹਦੇ ਵਿਆਹ ਦੀ ਉਡੀਕ ਵਿੱਚ ਹੋਣਗੇ।

# ਰਾਜਾ ਵੜਿੰਗ ਦਾ ਇੱਕ ਹੋਰ ਸੈਲਫ ਗੋਲ

...ਸਫਾ ਇੱਕ ਦੀ ਬਾਕੀ ⇒

ਜਾਤ ਹੰਕਾਰ ਦੀ ਮਾਨਸਿਕਤਾ ਅਧੀਨ ਕੀਤਾ ਗਿਆ ਜੁਰਮ ਹੈ, ਜਿਸ ਦੀ ਉਨ੍ਹਾਂ ਨੂੰ ਕਾਨੂੰਨੀ ਸਜ਼ਾ ਮਿਲਣੀ ਚਾਹੀਦੀ ਹੈ।

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਵੀ ਤਰਨਤਾਰਨ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾ ਕੇ ਐਸ.ਸੀ./ਐਸ.ਟੀ. ਐਕਟ ਅਧੀਨ ਸ਼ਿਕਾਇਤ ਦਰਜ ਕਰਨ ਦੀ ਮੰਗ ਕੀਤੀ ਹੈ। ਅਕਾਲੀ ਦਲ ਦੇ ਸ਼ਡਿਊਲਡ ਕਾਸਟ ਵਿੰਗ ਦੇ ਪ੍ਰਧਾਨ ਗੁਲਜ਼ਾਰ ਸਿੰਘ ਰਣੀਕੇ ਨੇ ਇਸ ਮਾਮਲੇ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਵੜਿੰਗ ਵੱਲੋਂ ਇਹ ਬਿਆਨ ਦਲਿਤ ਭਾਈਚਾਰੇ ਨੂੰ ਬਦਨਾਮ ਕਰਨ ਅਤੇ ਉਨ੍ਹਾਂ ਦੇ ਜਜ਼ਬਾਤਾਂ ਨੂੰ ਠੇਸ ਪਹੁੰਚਾਉਣ ਲਈ ਦਿੱਤਾ ਗਿਆ ਹੈ।


ਇਸੇ ਦੌਰਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਉਨ੍ਹਾਂ ਨੇ ਆਪਣੇ ਸਾਬਕਾ ਮਰਹੂਮ ਕੇਂਦਰੀ ਮੰਤਰੀ ਦੀ ਕੋਈ ਬੇਇਜ਼ਤੀ ਨਹੀਂ ਕੀਤੀ। ਉਨ੍ਹਾਂ ਦੇ ਬਿਆਨ ਵਿੱਚ ਕੋਈ ਮੰਦਭਾਵਨਾ ਨਹੀਂ ਸੀ। ਉਨ੍ਹਾਂ ਕਿਹਾ ਕਿ ਫਿਰ ਵੀ ਜੇ ਕਿਸੇ ਦੇ ਜਜ਼ਬਾਤਾਂ ਨੂੰ ਠੇਸ ਪਹੁੰਚੀ ਹੈ ਤਾਂ ਉਹ ਬਿਨਾ ਸ਼ਰਤ ਮੁਆਫੀ ਮੰਗਦੇ ਹਨ। ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ, "ਮੇਰਾ ਬਿਆਨ ਕਾਂਗਰਸ ਪਾਰਟੀ ਨੂੰ ਸਭਨਾਂ ਦੀ ਨੁਮਾਇੰਦਗੀ ਕਰਨ ਵਾਲੀ ਇਨਕਲਿਊਸਿਵ ਪਾਰਟੀ ਵਜੋਂ ਪੇਸ਼ ਕਰਨ ਲਈ ਹਾਂਮੁਖੀ ਸੰਦਰਭ ਵਿੱਚ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਮੇਰੀ ਭਾਵਨਾ ਇਹ ਸੀ ਕਿ ਕਾਂਗਰਸ ਪਾਰਟੀ ਕਿਸੇ ਨਾਲ ਜਾਤੀ, ਨਸਲੀ ਅਤੇ ਧਾਰਮਿਕ ਤੌਰ 'ਤੇ ਵਿਤਕਰਾ ਨਹੀਂ ਕਰਦੀ।

ਭਾਰਤੀ ਜਨਤਾ ਪਾਰਟੀ ਦੇ ਕੌਮੀ ਜਨਰਲ ਸਕੱਤਰ ਤਾਰਨ ਚੁੱਘ ਨੇ ਮੰਗ ਕੀਤੀ ਹੈ ਕਿ ਕਾਂਗਰਸ ਪਾਰਟੀ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਇਸ ਮਾਮਲੇ ਵਿੱਚ ਮੁਆਫੀ ਮੰਗਣ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਨੇ ਦਲਿਤ ਭਾਈਚਾਰੇ ਨੂੰ ਹਮੇਸ਼ਾ ਵੋਟ ਬੈਂਕ ਵਜੋਂ ਵਰਤਿਆ ਹੈ ਅਤੇ ਉਨ੍ਹਾਂ ਦੇ ਵਿਕਾਸ ਲਈ ਕੋਈ ਕੰਮ ਨਹੀਂ ਕੀਤਾ। ਉਨ੍ਹਾਂ ਕਿਹਾ, ਵੜਿੰਗ ਦੀ ਟਿੱਪਣੀ ਸਾਰੇ ਮੁਲਕ ਦੀ ਬਦਨਾਮੀ ਹੈ।

ਇੱਥੇ ਜ਼ਿਕਰਯੋਗ ਹੈ ਕਿ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਇਸ ਤੋਂ ਪਹਿਲਾਂ ਵੀ ਹਿੰਦੁਸਤਾਨ ਅਤੇ ਖਾਲਿਸਤਾਨ ਵਿਚਕਾਰ ਮੁਕਾਬਲੇ ਵਾਲਾ ਬਿਆਨ ਦੇ ਕੇ ਇੱਕ ਵਿਵਾਦ ਖੜ੍ਹਾ ਕਰ ਲਿਆ ਸੀ। ਯਾਦ ਰਹੇ, ਤਰਨਤਾਰਨ ਇੱਕ ਪੰਥਕ ਸੀਟ ਹੈ, ਜਿਸ ਵਿੱਚ 80 ਫੀਸਦੀ ਵੱਸੋਂ ਸਿੱਖ ਭਾਈਚਾਰੇ ਦੀ ਹੈ।

ਤਰਨਤਾਰਨ ਸੀਟ 'ਆਪ' ਐਮ.ਐਲ.ਏ. ਡਾ. ਕਸ਼ਮੀਰ ਸਿੰਘ ਸੋਹਲ ਦੀ ਮੌਤ ਤੋਂ ਬਾਅਦ ਖਾਲੀ ਹੋ ਗਈ ਸੀ। ਇਸ ਸੀਟ 'ਤੇ ਹੁਣ 'ਆਪ', ਕਾਂਗਰਸ ਅਤੇ ਅਕਾਲੀ ਦਲ ਦੇ ਉਮੀਦਵਾਰ ਚੋਣ ਲੜ ਰਹੇ ਹਨ। ਪੰਥਕ ਧਿਰਾਂ ਨੇ ਜੇਲ੍ਹ ਵਿੱਚ ਸੂਬਾ ਸਿੰਘ 'ਤੇ ਹਮਲਾ ਕਰਨ ਵਾਲੇ ਅਤੇ ਸ਼ਿਵ ਸੈਨਾ ਦੇ ਆਗੂ ਸੂਰੀ ਦਾ ਕਤਲ ਕਰਨ ਵਾਲੇ ਸਨਦੀਪ ਸਿੰਘ ਦੇ ਭਰਾ ਮਨਦੀਪ ਸਿੰਘ ਨੂੰ ਚੋਣ ਮੈਦਾਨ ਵਿੱਚ ਉਤਾਰਿਆ। ਇਹ ਚੋਣ ਅਗਲੀਆਂ ਵਿਧਾਨ ਸਭਾ ਚੋਣ ਦੇ ਸੰਦਰਭ ਵਿੱਚ ਹੁਣ ਵੱਕਾਰ ਦਾ ਸਵਾਲ ਬਣ ਗਈ ਹੈ।

ਤਰਨਤਾਰਨ ਜ਼ਿਮਨੀ ਚੋਣ ਲਈ ਵੋਟਾਂ ਤੋਂ ਪਹਿਲਾਂ ਹੋਣ ਵਾਲਾ ਸਾਰਾ ਲੱਲਾ-ਭੱਭਾ ਹੋ ਚੁੱਕਾ ਹੈ। ਹੁਣ 11 ਨਵੰਬਰ ਨੂੰ ਵੋਟਾਂ ਪੈਣੀਆਂ ਹਨ ਅਤੇ 14 ਨਵੰਬਰ ਨੂੰ ਰਿਜ਼ਲਟ ਆ ਜਾਣਾ ਹੈ। ਇਸ ਲਈ ਚੋਣ ਪ੍ਰਚਾਰ ਲਈ ਸਾਰੀਆਂ ਧਿਰਾਂ ਦਾ ਅੱਡੀ ਚੋਟੀ ਦਾ ਜ਼ੋਰ ਲੱਗ ਰਿਹਾ ਹੈ। ਇਸ ਪ੍ਰਚਾਰ ਵਿੱਚ ਇੱਕ ਅੱਧ ਨੂੰ ਛੱਡ ਕੇ ਬਾਕੀਆਂ ਨੇ ਛੂਟ ਭਲਾਈ ਤੋਂ ਹੋਰ ਸਾਰਾ ਕੁਝ ਕਰਨਾ ਸ਼ੁਰੂ ਕਰ ਦਿੱਤਾ ਹੈ।



ਮਰਹੂਮ ਗ੍ਰਹਿ ਮੰਤਰੀ ਬੂਟਾ ਸਿੰਘ



ਅਮਰਿੰਦਰ ਸਿੰਘ ਰਾਜਾ ਵੜਿੰਗ

ਚੋਣ ਕਮਿਸ਼ਨ ਦੇ ਨਿਰਦੇਸ਼ਾਂ 'ਤੇ ਕੰਮ ਕਰਦਿਆਂ ਤਰਨਤਾਰਨ ਪੁਲਿਸ ਵੱਲੋਂ ਸ਼ਰਾਬ ਸਮੇਤ 57 ਕਰੋੜ ਦਾ ਸਮਾਨ ਅਤੇ ਕੈਸ਼ ਵਗੈਰਾ ਜਬਤ ਕੀਤਾ ਗਿਆ। ਅਗਲੇ 4-5 ਦਿਨਾਂ ਵਿੱਚ ਧਨ ਅਤੇ ਮਾਲ-ਮੱਤੇ ਦੀ ਇਸ ਵੰਡ ਨੇ ਸਿਖ਼ਰਾਂ ਛੂਹਣੀਆਂ ਹਨ। ਖ਼ਾਸ ਕਰਕੇ ਜਦੋਂ ਪਾਰਟੀਆਂ ਵੱਲੋਂ ਚੋਣ ਪ੍ਰਚਾਰ ਘਰ-ਘਰ ਜਾ ਕੇ ਕੀਤਾ ਜਾਣਾ ਹੈ।

ਚੋਣ ਕਮਿਸ਼ਨ ਵੱਲੋਂ ਅਧਿਕਾਰਤ ਤੌਰ 'ਤੇ ਜਾਰੀ ਕੀਤੀ ਗਈ ਜਾਣਕਾਰੀ ਅਨੁਸਾਰ 7 ਅਕਤੂਬਰ ਨੂੰ ਚੋਣ ਜ਼ਾਬਤਾ ਲੱਗਣ ਤੋਂ ਲੈ ਕੇ 3 ਨਵੰਬਰ ਤੱਕ ਪੁਲਿਸ ਅਧਿਕਾਰੀਆਂ ਨੇ 51,429 ਲੀਟਰ ਸ਼ਰਾਬ ਬਰਾਮਦ ਕੀਤੀ ਹੈ। ਇਸ ਦੀ ਕੀਮਤ 32.29 ਲੱਖ ਬਣਦੀ ਹੈ। ਇਸ ਤੋਂ ਇਲਾਵਾ 56.67 ਕਰੋੜ ਦੇ ਹੋਰ ਨਸ਼ੇ ਫੜੇ ਗਏ ਹਨ। 9.73 ਲੱਖ ਦੀ ਨਕਦੀ ਤੋਂ ਇਲਾਵਾ 37.5 ਲੱਖ ਦਾ ਹੋਰ ਸਾਜ਼ੋ ਸਮਾਨ ਫੜਿਆ ਗਿਆ ਹੈ, ਜਿਹੜਾ ਲਾਲਚ ਦੇ ਤੌਰ 'ਤੇ ਵੋਟਰਾਂ ਨੂੰ ਵੰਡਿਆ ਜਾਣਾ ਸੀ। ਮੁੱਖ ਚੋਣ ਅਫਸਰ ਸਿਬਨ ਸੀ. ਨੇ ਦੱਸਿਆ ਕਿ ਪੁਲਿਸ ਅਧਿਕਾਰੀਆਂ ਨੂੰ ਗੈਰ-ਕਾਨੂੰਨੀ ਨਸ਼ੇ, ਕੈਸ਼ ਅਤੇ ਸਾਜ਼ੋ ਸਮਾਨ ਫੜਨ ਲਈ ਚੌਵੀ ਘੰਟੇ ਸੱਤ ਦਿਨ ਨਿਗਰਾਨੀ ਰੱਖਣ ਲਈ ਸਾਰੇ ਚੈਕ ਪੁਆਇੰਟਾਂ 'ਤੇ ਪਹਿਰਾ ਦੇਣ ਲਈ ਸੀ.ਸੀ.ਟੀ.ਵੀ. ਕੈਮਰੇ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਵੋਟਰਾਂ ਨੂੰ ਪ੍ਰਭਾਵਤ ਕਰਨ ਲਈ ਕੈਸ਼ ਜਾਂ ਹੋਰ ਵਸਤਾਂ ਵੰਡਣ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਚੋਣ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਚੋਣ ਅਧਿਕਾਰੀ ਨੇ ਕਿਹਾ ਕਿ ਤਰਨਤਾਰਨ ਅਸੈਂਬਲੀ ਹਲਕੇ ਵਿੱਚ ਕੁੱਲ 1,92,838 ਵੋਟਾਂ ਹਨ। ਇਨ੍ਹਾਂ ਵਿੱਚ 100933 ਮਰਦਾਂ ਦੀਆਂ ਅਤੇ 91,897 ਔਰਤਾਂ ਦੀਆਂ ਵੋਟਾਂ ਹਨ। ਤੀਸਰੇ ਜੈਂਡਰ ਦੀਆਂ 8 ਵੋਟਾਂ ਹਨ। ਤਰਨਤਾਰਨ ਚੋਣ ਵਿੱਚ ਵੋਟਾਂ ਪਾਉਣ ਲਈ 222 ਪੋਲਿੰਗ ਸਟੇਸ਼ਨ ਬਣਾਏ ਗਏ ਹਨ। ਇਨ੍ਹਾਂ ਵਿੱਚੋਂ 162 ਪੇਂਡੂ ਖੇਤਰਾਂ ਵਿੱਚ ਹਨ ਅਤੇ 60 ਸ਼ਹਿਰੀ ਖੇਤਰ ਵਿੱਚ ਹਨ।

ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ॥

Gazab®

Premium Quality

Happy Gurpurab

'ਦੀਨ ਦੁਨੀਆ ਦੇ ਪਾਤਿਸਾਹੁ'

'ਕੁਲ ਲੋਕਾਈ ਦੇ ਰਹਿਬਰ'

ਗੁਰੂ ਨਾਨਕ ਦੇਵ ਜੀ ਦੇ

ਪ੍ਰਕਾਸ਼ ਪੁਰਬ ਦੀ ਸਮੂਹ ਭਾਈਚਾਰੇ ਨੂੰ

ਲੱਖ ਲੱਖ ਵਧਾਈ

President: Surinder Singh Mulatni

Vice President: Gagandeep Singh Multani

UNITED TRADING INC.

201 W. OAKTON STREEY, UNIT-A
DES PLAINES, IL. 60018 & DALLAS, TX
Office: 224 500 3678 F. 847 378 4521
WWW.UTIGAZAB.COM

# ਕੇਂਦਰ ਵੱਲੋਂ ਪੰਜਾਬ ਯੂਨੀਵਰਸਿਟੀ ਦੇ ਪ੍ਰਸ਼ਾਸਨਿਕ ਢਾਂਚੇ ’ਚ ਵੱਡੀ ਰੱਦੋਬਦਲ

***ਕੇਂਦਰੀ ਉੱਚ ਵਿਦਿਆ ਵਿਭਾਗ ਵੱਲੋਂ ਨੋਟੀਫਿਕੇਸ਼ਨ ਜਾਰੀ**
***ਪੰਜਾਬ ਦੀਆਂ ਸਾਰੀਆਂ ਰਾਜਨੀਤਿਕ ਧਿਰਾਂ ਵੱਲੋਂ ਵਿਰੋਧ**

ਪੰਜਾਬੀ ਪਰਵਾਜ਼ ਬਿਊਰੋ

ਪੰਜਾਬ ਯੂਨੀਵਰਸਿਟੀ ਨੂੰ ਪੰਜਾਬ ਦੀ ਵਿਰਾਸਤ ਨਾਲੋਂ ਤੋੜਨ ਦੀ ਕਾਰਵਾਈ ਲਗਪਗ ਮੁਕੰਮਲ ਹੋ ਗਈ ਹੈ। ਕੇਂਦਰ ਸਰਕਾਰ ਨੇ ਇੱਕ ਨੋਟੀਫਿਕੇਸ਼ਨ ਰਾਹੀ ਸੈਨੇਟ ਦੇ ਰਜਿਸਟਰਡ ਗਰੈਜੂਏਟ ਅਤੇ ਅਲਿਊਮਿਨੀ ਵਜੋਂ ਚੁਣੇ ਜਾਂਦੇ ਮੈਂਬਰਾਂ ਦਾ ਪੱਤਾ ਸਾਫ ਕਰ ਦਿੱਤਾ ਹੈ।

28 ਅਕਤੂਬਰ ਨੂੰ ਜਾਰੀ ਕੀਤੇ ਗਏ ਇਸ ਨੋਟੀਫਿਕੇਸ਼ਨ ਰਾਹੀਂ ਕੇਂਦਰ ਸਰਕਾਰ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸੈਨੇਟ ਅਤੇ ਸਿੰਡੀਕੇਟ ਦਾ ਮੁਕੰਮਲ ਓਵਰਹਾਲ ਕਰਨ ਦਾ ਯਤਨ ਕੀਤਾ ਹੈ। ਇਸ ਨੋਟੀਫਿਕੇਸ਼ਨ ਨਾਲ ਸਰਾਕਾਰ ਨੇ ਪੰਜਾਬ ਯੂਨੀਵਰਸਿਟੀ ਦੇ ਸੈਨੇਟ ਮੈਂਬਰਾਂ ਦੀ ਗਿਣਤੀ 90 ਤੋਂ ਘਟਾ ਕੇ 31 ਕਰ ਦਿੱਤੀ ਹੈ ਅਤੇ ਇਸ ‘ਤੇ ਵਾਈਸ ਚਾਂਸਲਰ ਸਮੇਤ ਬਿਊਰੋਕਰੇਸੀ ਦਾ ਕੰਟਰੋਲ ਵਧਾ ਦਿੱਤਾ ਹੈ। ਇਸ ਤਰ੍ਹਾਂ ਹੁਣ ਕੇਂਦਰ ਪੰਜਾਬ ਯੂਨੀਵਰਸਿਟੀ ਦੇ ਪ੍ਰਸ਼ਾਸਨਿਕ ਤੰਤਰ ਅਤੇ ਵਿਦਿਅਕ ਧਾਰਾ ਨੂੰ ਆਪਣੀ ਨਵੀਂ ਵਿਦਿਅਕ ਨੀਤੇ ਦੇ ਹਿਸਾਬ ਨਾਲ ਢਾਲਣ ਦਾ ਯਤਨ ਕਰਨ ਦਾ ਮਕਸਦ ਪੂਰਾ ਕਰ ਸਕਦਾ ਹੈ। ਯਾਦ ਰਹੇ, 142 ਸਾਲ ਪਹਿਲਾਂ ਲਾਹੌਰ ਵਿੱਚ ਹੋਂਦ ਵਿੱਚ ਆਈ ਪੰਜਾਬ ਯੂਨੀਵਰਸਿਟੀ ਦਾ ਚੰਡੀਗੜ੍ਹ ਵਾਲਾ ਬੁਨਿਆਦੀ ਪ੍ਰਸ਼ਾਸਨਿਕ ਢਾਂਚਾ 1947 ਵਿੱਚ ਬਣੇ ਇੱਕ ਐਕਟ ਰਾਹੀਂ ਹੋਂਦ ਵਿੱਚ ਆਇਆ ਸੀ ਅਤੇ ਵਿਧਾਨ ਸਭਾ ਹੀ ਇਸ ਵਿੱਚ ਸੋਧ ਕਰ ਸਕਦੀ ਸੀ; ਪਰ ਕੇਂਦਰ ਨੇ ਪੰਜਾਬ ਯੂਨੀਵਰਸਿਟੀ ਦੇ ਇਸ ਪ੍ਰਸ਼ਾਸਨਿਕ ਢਾਂਚੇ ਨੂੰ ਬਦਲਣ ਲਈ ਨੋਟੀਫਿਕੇਸ਼ਨ ਵਾਲਾ ਤਾਨਾਸ਼ਾਹੀ ਤਰੀਕਾ ਅਪਣਾਇਆ ਹੈ।

ਕੇਂਦਰ ਵੱਲੋਂ ਪੰਜਾਬ ਦੀ ਵਿਰਾਸਤੀ ਯੂਨੀਵਰਸਿਟੀ ਨੂੰ ਕਾਬੂ ਕਰਨ ਲਈ ਕੀਤੇ ਗਏ ਇਸ ਹਮਲੇ ਦਾ ਪੰਜਾਬ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਨੇ ਜ਼ੋਰਦਾਰ ਵਿਰੋਧ ਕੀਤਾ ਹੈ। ਉਪਰੋਕਤ ਨੋਟੀਫਿਕੇਸ਼ਨ ਰਾਹੀਂ ਕੇਂਦਰ ਸਰਕਾਰ ਨੇ ਪੰਜਾਬ ਯੂਨੀਵਰਸਿਟੀ ਦੇ ਦੋ ਪ੍ਰਸ਼ਾਸਨਿਕ ਸੰਗਠਨਾਂ-ਸੈਨੇਟ ਅਤੇ ਸਿੰਡੀਕੇਟ ਨੂੰ ਚੁਣੇ ਹੋਏ ਸੰਗਠਨਾਂ ਤੋਂ ਬਦਲ ਕੇ ਪੂਰੀ ਤਰ੍ਹਾਂ ਨੌਮੀਨੇਟਿਡ ਸੰਗਠਨ ਬਣਾ ਦਿੱਤਾ ਹੈ। ਯਾਦ ਰਹੇ, 1947 ਤੋਂ ਪਹਿਲਾਂ ਪੰਜਾਬ ਯੂਨੀਵਰਸਿਟੀ 1882 ਵਿੱਚ ਲਾਹੌਰ ਵਿੱਚ ਕਾਇਮ ਕੀਤੀ ਗਈ ਸੀ। 1947 ਤੋਂ ਬਾਅਦ ਇਸ ਨੂੰ ਪੂਰਬੀ ਪੰਜਾਬ ਦੀ ਵਿਰਾਸਤੀ ਯੂਨੀਵਰਸਿਟੀ ਵਜੋਂ ਚੰਡੀਗੜ੍ਹ ਵਿੱਚ ਬਣਾਇਆ ਗਿਆ। ਬਾਅਦ ਵਿੱਚ 1 ਨਵੰਬਰ 1966 ਨੂੰ ਇਸ ਦੀ ਸੈਨੇਟ ਅਤੇ ਸਿੰਡੀਕੇਟ ਦਾ ਗਠਨ ਕੀਤਾ ਗਿਆ।

ਸਥਿਤੀ ਦਾ ਵਿਅੰਗ ਇਹ ਹੈ ਕਿ ਕੇਂਦਰ ਸਰਕਾਰ ਵੱਲੋਂ ਇਸ ਤਾਨਾਸ਼ਾਹੀ ਤਬਦੀਲੀ ਦਾ ਨੋਟੀਫਿਕੇਸ਼ਨ 1 ਨਵੰਬਰ ਨੂੰ ਪੰਜਾਬ ਦਿਵਸ ‘ਤੇ ਜਾਰੀ ਕੀਤਾ ਗਿਆ। ਇਸ ਤਰ੍ਹਾਂ ਇਹ ਨੋਟੀਫਿਕੇਸ਼ਨ ਇੱਕ ਤਰ੍ਹਾਂ ਨਾਲ ਦੇਸ਼ ਦੇ ਸੀਮਤ ਫੈਡਰਲ ਢਾਂਚੇ ਨੂੰ ਵੀ ਵੱਡਾ ਝਟਕਾ ਹੈ। ਖਾਸ ਕਰਕੇ ਪੰਜਾਬ ਵਰਗੇ ਸੂਬੇ ਲਈ ਇਹ ਬੇਹੱਦ ਨੁਕਸਾਨਦੇਹ ਸਾਬਤ ਹੋਵੇਗਾ, ਜਿਸ ਦਾ ਆਪਣਾ ਇੱਕ ਵਿਲੱਖਣ ਇਤਿਹਾਸ, ਸੱਭਿਆਚਾਰ ਅਤੇ ਸਿਧਾਂਤਕ ਦਿਸ਼ਾ ਹੈ।

ਕੇਂਦਰ ਸਰਕਾਰ ਦੇ ਮਨਿਸਟਰੀ ਆਫ ਹਾਇਰ ਐਜੂਕੇਸ਼ਨ ਵਿਭਾਗ ਵੱਲੋਂ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਅਨੁਸਾਰ ਇਹ ਪੰਜਾਬ ਯੂਨੀਵਰਸਿਟੀ ਦੇ ਪ੍ਰਸ਼ਾਸਨਿਕ ਢਾਂਚੇ ਨੂੰ ਰਾਜਨੀਤਿਕ ਨੁਮਾਇੰਦਗੀ ਦੇ ਚੱਕਰ ਵਿੱਚੋਂ ਕੱਢ ਕੇ ਅਕਾਦਮਿਕ ਪ੍ਰਸ਼ਾਸਨਿਕ ਤੰਤਰ ਵਿੱਚ ਲਿਆਉਣ ਦਾ ਯਤਨ ਹੈ। ਵਿਭਾਗ ਅਨੁਸਾਰ ਇਹ ਸੁਧਾਰ ਪੰਜਾਬ ਯੂਨੀਵਰਸਿਟੀ ਐਕਟ-1947 (ਈਸਟ ਪੰਜਾਬ ਐਕਟ 7 ਆਫ 1947) ਦੇ ਅਧੀਨ ਕੀਤਾ ਗਿਆ ਹੈ। ਇਸ ਅਧੀਨ ਗਰੈਜੂਏਟ ਕਾਨਸਟੀਚੂਐਂਸੀ ਨੂੰ ਖਤਮ ਕਰ ਦਿੱਤਾ ਗਿਆ ਹੈ। ਸੈਨੇਟ ਮੈਂਬਰਾਂ ਦੀ ਗਿਣਤੀ 90 ਤੋਂ ਘਟਾ ਕੇ 31 ਕਰ ਦਿੱਤੀ ਗਈ ਹੈ। ਇਸ ਵਿੱਚ 18 ਇਲੈਕਟਿਡ, 6 ਨੌਮੀਨੇਟਿਡ ਅਤੇ 7 ਸਾਬਕਾ ਬਿਊਰੋਕਰੇਟ ਜਾਂ ਕੇਂਦਰ ਪੱਖੀ ਸਿਆਸਤਦਾਨ ਹੋਣਗੇ। ਇਸ ਨਵੀਂ ਸੈਨੇਟ ਵਿੱਚ ਚੰਡੀਗੜ੍ਹ ਦੇ ਚੀਫ ਸਕੱਤਰ, ਇੱਥੋਂ ਦੇ ਪਾਰਲੀਮੈਂਟ ਮੈਂਬਰ ਅਤੇ ਵਿਦਿਅਕ ਸਕੱਤਰ ਨੂੰ ਐਕਸ ਔਫੀਸੀਓ ਮੈਂਬਰ ਬਣਾਇਆ ਗਿਆ ਹੈ। ਨਵੇਂ ਐਲਾਨ ਕੀਤੇ ਗਏ ਢਾਂਚੇ ਅਨੁਸਾਰ ਸੈਨੇਟ ਦੇ 31 ਮੈਂਬਰਾਂ ਵਿੱਚੋਂ 2 ਯੂਨੀਵਰਸਿਟੀ ਦੇ ਸਾਬਕਾ ਉੱਘੇ ਵਿਦਿਆਰਥੀ ਉਪ ਰਾਸ਼ਟਰਪਤੀ (ਯੂਨੀਵਰਸਿਟੀ ਦੇ ਚਾਂਸਲਰ) ਵੱਲੋਂ ਨਾਮਜਦ ਕੀਤੇ ਜਾਣਗੇ। ਦੋ ਪ੍ਰੋਫੈਸਰ ਫੈਕਲਟੀ ਵੱਲੋਂ ਨਾਮਜ਼ਦ ਕੀਤੇ ਜਾਣਗੇ, ਜਿਨ੍ਹਾਂ ਵਿੱਚੋਂ ਇੱਕ ਸਾਇੰਸ ਅਤੇ ਇੱਕ ਆਰਟਸ ਨਾਲ ਸੰਬੰਧਤ ਹੋਵੇਗਾ। ਦੋ ਐਸੋਸੀਏਟ ਅਤੇ ਅਸਿਸਟੈਂਟ ਪ੍ਰੋਫੈਸਰ ਵੀ ਫੈਕਲਟੀ ਵੱਲੋਂ ਹੀ ਨਾਮਜ਼ਦ ਕੀਤੇ ਜਾਣਗੇ। ਇਸ ਤੋਂ ਇਲਾਵਾ 4 ਅਫਿਲੀਏਟਡ ਕਾਲਜਾਂ ਦੇ ਪ੍ਰਿੰਸੀਪਲ, ਅਫਿਲੀਏਟਿਡ ਸੰਸਥਾਵਾਂ ਤੋਂ 6 ਅਧਿਆਪਕ ਅਤੇ ਇੱਕ ਐਮ.ਐਲ.ਏ. ਪੰਜਾਬ ਵਿਧਾਨ ਸਭਾ ਦੇ ਸਪੀਕਰ ਵੱਲੋਂ ਨਾਮਜ਼ਦ ਕੀਤਾ ਜਾਵੇਗਾ। ਆਮ (ਔਰਡਨਰੀ) ਫੇਲੋਜ਼ ਦੀ ਇਲੈਕਸ਼ਨ ਨੂੰ ਮਨਜੂਰੀ ਚਾਂਸਲਰ (ਉੱਪ ਰਾਸ਼ਟਰਪਤੀ) ਵੱਲੋਂ ਦਿੱਤੀ ਜਾਵੇਗੀ। ਹਰ ਇੱਕ ਦੀ ਟਰਮ ਚਾਰ ਸਾਲ ਦੀ ਹੋਵੇਗੀ, ਪਰ ਜੇ ਸੰਬੰਧਤ ਮੈਂਬਰ ਕੁਆਲੀਫਾਈ ਨਹੀਂ ਕਰਦਾ ਤਾਂ ਉਸ ਦੀ ਮੈਂਬਰਸ਼ਿੱਪ ਖਤਮ ਹੋ ਜਾਵੇਗੀ। ਯੋਗਤਾ ਬਾਰੇ ਕੋਈ ਵੀ ਝਗੜਾ ਵਾਈਸ ਚਾਂਸਲਰ ਵੱਲੋਂ ਹੱਲ ਕੀਤਾ ਜਾਵੇਗਾ। 1947 ਵਾਲੇ ਅਸਲ ਯੂਨੀਵਰਸਿਟੀ ਐਕਟ ਦੀ ਧਾਰਾ 14 ਖਤਮ ਕਰ ਦਿੱਤੀ ਗਈ ਹੈ। ਇਸ ਤਹਿਤ ਸਿੰਡੀਕੇਟ ਚੁਣੀ ਹੋਣ ਦੀ ਥਾਂ ਪੂਰੀ ਤਰ੍ਹਾਂ ਨੌਮੀਨੇਟਿਡ ਹੋਵੇਗੀ। ਯੂਨੀਵਰਸਿਟੀ ਦੀ ਅਗਜ਼ੈਕਟਿਵ ਤਾਕਤ ਸਿੰਡੀਕੇਟ ਕੋਲ ਹੀ ਹੋਵੇਗੀ, ਪਰ ਇਸ ਦੀ ਬਣਤਰ ਨਵੀਂ ਤਰ੍ਹਾਂ ਦੀ ਹੋਵੇਗੀ।



ਵਾਈਸ ਚਾਂਸਲਰ ਸਿੰਡੀਕੇਟ ਦਾ ਚੇਅਰ ਪਰਸਨ ਹੋਵੇਗਾ। ਪੰਜਾਬ ਜਾਂ ਯੂ.ਟੀ. ਦੇ ਉਚ ਵਿਦਿਆ ਦੇ ਸਕੱਤਰ ਜਾਂ ਉਨ੍ਹਾਂ ਦੇ ਨੁਮਾਇੰਦੇ ਇਸ ਵਿੱਚ ਸ਼ਾਮਲ ਹੋਣਗੇ। ਪੰਜਾਬ ਅਤੇ ਚੰਡੀਗੜ੍ਹ ਦੇ ਡਾਇਰੈਕਟਰ ਆਫ ਪਬਲਿਕ ਇਨਸਟਰਕਸ਼ਨਜ਼, ਚਾਂਸਲਰ ਵੱਲੋਂ ਨਾਮਜ਼ਦ ਕੀਤਾ ਗਿਆ ਇੱਕ ਸੈਨੇਟ ਮੈਂਬਰ। ਵਾਈਸ ਚਾਂਸਲਰ ਵੱਲੋਂ ਨਾਮਜਦ ਕੀਤੇ ਗਏ 10 ਮੈਂਬਰ ਹੋਣਗੇ, ਜਿਨ੍ਹਾਂ ਵਿੱਚ ਯੂਨੀਵਰੀਸਟੀ ਦੇ ਡੀਨ, ਯੂਨੀਵਰਸਿਟੀ ਅਤੇ ਕਾਲਜਾਂ ਦੇ ਪ੍ਰੋਫੈਸਰ ਅਤੇ ਅਧਿਆਪਕਾਂ ਦੇ ਹੋਰ ਨੁਮਾਇੰਦੇ ਸ਼ਾਮਲ ਕੀਤੇ ਜਾਣਗੇ।

ਐਕਸ ਆਫੀਸੀਓ ਮੈਂਬਰਾਂ ਵਿੱਚ ਪੰਜਾਬ ਦੇ ਮੁੱਖ ਮੰਤਰੀ, ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਚੀਫ ਜਸਟਿਸ, ਪੰਜਾਬ ਦੇ ਐਜੂਕੇਸ਼ਨ ਮਨਿਸਟਰ, ਚੰਡੀਗੜ੍ਹ ਦੇ ਚੀਫ ਸੈਕਰੇਟਰੀ, ਪੰਜਾਬ ਹਾਇਰ ਐਜੂਕੇਸ਼ਨ ਦੇ ਸਕੱਤਰ, ਯੂ.ਟੀ. ਐਜੂਕੇਸ਼ਨ ਦੇ ਸਕੱਤਰ ਅਤੇ ਚੰਡੀਗੜ੍ਹ ਦਾ ਮੈਂਬਰ ਪਾਰਲੀਮੈਂਟ ਸ਼ਾਮਲ ਹੋਣਗੇ। ਸਿੰਡੀਕੇਟ ਦੀਆਂ ਅਗਜ਼ੈਕਟਿਵ ਤਾਕਤਾਂ ਵਾਈਸ ਚਾਂਸਲਰ ਵੱਲੋਂ ਸਬ ਕਮੇਟੀ ਅਤੇ ਕਿਸੇ ਹੋਰ ਯੂਨੀਵਰਸਿਟੀ ਅਥਾਰਟੀ ਨੂੰ ਡੈਲੀਗੇਟ ਵੀ ਕਰ ਸਕਦਾ ਹੈ।

ਯਾਦ ਰਹੇ, ਪੰਜਾਬ ਯੂਨੀਵਰਸਟੀ ਦੇ ਪ੍ਰਸ਼ਾਸਨਿਕ ਢਾਂਚੇ ਵਿੱਚ ਇਹ ਤਬਦੀਲੀਆਂ 2021 ਵਿੱਚ ਉਸ ਸਮੇਂ ਦੇ ਉੱਪ ਰਾਸ਼ਟਰਪਤੀ, ਐਮ ਵੈਂਕਈਆ ਨਾਇਡੂ ਵੱਲੋਂ ਬਣਾਈ ਗਈ ਕਮੇਟੀ ਵੱਲੋਂ ਸੁਝਾਈਆਂ ਗਈਆਂ ਸਨ। ਇਸ ਕਮੇਟੀ ਵਿੱਚ ਪੰਜਾਬ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਕੇਂਦਰੀ ਯੂਨੀਵਰਸਿਟੀ ਬਠਿੰਡਾ ਦੇ ਉਸ ਸਮੇਂ ਦੇ ਵਾਈਸ ਚਾਂਸਲਰ ਅਤੇ ਲੰਬੇ ਸਮੇਂ ਤੱਕ ਸੈਨੇਟ ਮੈਂਬਰ ਰਹੇ ਤੇ ਸਾਬਕਾ ਐਮ.ਪੀ. ਸੱਤਪਾਲ ਜੈਨ ਸ਼ਾਮਲ ਸਨ। ਸਿੰਡੀਕੇਟ ਅਤੇ ਸੈਨੇਟ ਦੀ ਇਸ ਮੁੜ ਉਸਾਰੀ ਤੋਂ ਮਤਲਬ ਹੈ ਕਿ ਗਰੈਜੂਏਟਸ ਅਤੇ ਸਾਬਕਾ ਉਘੇ ਵਿਦਿਆਰਥੀਆਂ ਦੀ ਯੂਨੀਵਰਸਿਟੀ ਮੈਨੇਜਮੈਂਟ ਵਿੱਚ ਕੋਈ ਭੂਮਿਕਾ ਨਹੀਂ ਹੋਏਗੀ।

ਕੇਂਦਰ ਵੱਲੋਂ ਪੰਜਾਬ ਯੂਨੀਵਰਸਿਟੀ ਦੇ ਪ੍ਰਬੰਧਨ ਵਿੱਚ ਕੀਤੀਆਂ ਗਈਆਂ ਇਨ੍ਹਾਂ ਵੱਡੀਆਂ ਤਬਦਲੀਆਂ ਦਾ ਪੰਜਾਬ ਸਰਕਾਰ ਦੇ ਮੰਤਰੀ ਹਰਪਾਲ ਸਿੰਘ ਚੀਮਾ ਨੇ ਜ਼ੋਰਦਾਰ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ 28 ਅਕਤੂਬਰ ਨੂੰ ਜਾਰੀ ਕੀਤਾ ਗਿਆ ਨੋਟੀਫਿਕੇਸ਼ਨ ਸੰਸਥਾਵਾਂ ਦੇ ਜਮਹੂਰੀ ਢਾਂਚੇ ‘ਤੇ ਸਿੱਧਾ ਹਮਲਾ ਹੈ। ਉਨ੍ਹਾਂ ਕਿਹਾ 5 ਨਵੰਬਰ ਤੋਂ ਲਾਗੂ ਹੋਣ ਵਾਲਾ ਇਹ ਨੋਟੀਫਿਕੇਸ਼ਨ ਪੰਜਾਬ ਦਾ ਆਪਣੀ ਇਤਿਹਾਸਕ ਯੂਨੀਵਰਸਿਟੀ ਦੀ ਮੈਨੇਜਮੈਂਟ ਵਿੱਚ ਦਖਲ ਘਟਾਉਣ ਲਈ ਤਿਆਰ ਕੀਤਾ ਗਿਆ ਹੈ। ਪੰਜਾਬ ਦੇ ਵਿੱਤ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਨੋਟੀਫਿਕੇਸ਼ਨ ਨੂੰ ਕਾਨੂੰਨੀ ਤੌਰ ‘ਤੇ ਚੁਣੌਤੀ ਦੇਵੇਗੀ। ਆਮ ਆਦਮੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਵੀ ਕੇਂਦਰ ਦੇ ਉੱਚ ਵਿਦਿਆ ਵਿਭਾਗ ਵੱਲੋਂ ਜਾਰੀ ਕੀਤੇ ਗਏ ਇਸ ਨੋਟੀਫਿਕੇਸ਼ਨ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਚੁਣੀ ਹੋਈ ਸੈਨੇਟ ਅਤੇ ਸਿੰਡੀਕੇਟ ਨੂੰ ਖਤਮ ਕਰਨ ਦਾ ਯਤਨ ਕਰਕੇ ਕੇਂਦਰ ਨੇ ਪੰਜਾਬ ਦੇ ਹੱਕਾਂ ‘ਤੇ ਛਾਪਾ ਮਾਰਿਆ ਹੈ। ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਇਹ ਯੂਨੀਵਰਸਿਟੀ ਦਾ ਭਗਵਾਂਕਰਨ ਕਰਨ ਦਾ ਯਤਨ ਹੈ। ਉਨ੍ਹਾਂ ਕਿਹਾ ਕਿ ਭਾਜਪਾ ਅਤੇ ਸੰਘ ਪਰਿਵਾਰ ਦੇਸ਼ ਦੀਆਂ ਖੁਦਮੁਖਤਾਰ ਸੰਸਥਾਵਾਂ ਨੂੰ ਆਪਣੇ ਕਾਬੂ ਵਿੱਚ ਕਰਨ ਦਾ ਯਤਨ ਕਰ ਰਹੇ ਹਨ। ਇਸ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵੀ ਕੇਂਦਰ ਵੱਲੋਂ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਦਾ ਜ਼ੋਰਦਾਰ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਭਾਜਪਾ ਅਤੇ ਆਰ.ਐਸ.ਐਸ. ਵੱਲੋਂ ਦੇਸ਼ ਦੀਆਂ ਇਤਿਹਾਸਕ ਸੰਸਥਾਵਾਂ ਹਾਈਜੈਕ ਕਰਨ ਦਾ ਯਤਨ ਹੈ। ਉਨ੍ਹਾਂ ਹੋਰ ਕਿਹਾ ਕਿ ਪੰਜਾਬ ਦੇ ਲੋਕ ਇਸ ਨੂੰ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਨੂੰ ਇਹ ਇੱਕ ਚੁਣੀ ਹੋਈ ਮੈਨੇਜਮੈਂਟ ਹੇਠੋਂ ਕੱਢ ਕੇ ਕੇਂਦਰ ਦੀ ਅਫਸਰਸ਼ਾਹੀ ਦੇ ਅਧੀਨ ਕਰਨਾ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਵੀ ਕੇਂਦਰ ਦੇ ਇਸ ਵਿਵਾਦਗ੍ਰਸਤ ਨੋਟੀਫਿਕੇਸ਼ਨ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇ ਇਹ ਨੋਟੀਫਿਕੇਸ਼ਨ ਵਾਪਸ ਨਾ ਲਿਆ ਗਿਆ ਤਾਂ ਅਕਾਲੀ ਦਲ ਹੋਰਨਾਂ ਪਾਰਟੀਆਂ ਨਾਲ ਮਿਲ ਕੇ ਇਸ ਦਾ ਜ਼ੋਰਦਾਰ ਵਿਰੋਧ ਕਰੇਗਾ। ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀ ਸੰਗਠਨ ਵੀ ਇਸ ਨੋਟੀਫਿਕੇਸ਼ਨ ਦਾ ਜ਼ੋਰਦਾਰ ਵਿਰੋਧ ਕਰ ਸਕਦੇ ਹਨ।

# ਵੈਨੇਜ਼ੂਏਲਾ ’ਚ ਆਹਮੋ-ਸਾਹਮਣੇ ਹੋਏ ਰੂਸ ਤੇ ਅਮਰੀਕਾ

*...ਸਫਾ ਇੱਕ ਦੀ ਬਾਕੀ ⇒*

ਲੋਕਲ ਅਮਰੀਕੀ ਅਖ਼ਬਾਰਾਂ ਵਿੱਚ ਛਪੀਆਂ ਹਨ। ਉਂਝ ਅਮਰੀਕਾ ਦੇ ਸਰਕਾਰੀ ਨੁਮਾਇੰਦੇ ਨੇ ਇਸ ਕਿਸਮ ਦੀਆਂ ਰਿਪੋਰਟਾਂ ਦੀ ਸੱਚਾਈ ਤੋਂ ਇਨਕਾਰ ਕੀਤਾ ਹੈ। ਇੱਥੇ ਜ਼ਿਕਰਯੋਗ ਹੈ ਕਿ ਵੈਨੇਜ਼ੂਏਲਾ ਦੀ ਕੁੱਲ ਆਬਾਦੀ 28 ਮਿਲੀਅਨ ਦੇ ਕਰੀਬ ਹੈ ਅਤੇ ਇਸ ਦੀਆਂ ਫੌਜੀ ਫੋਰਸਾਂ ਦੀ ਗਿਣਤੀ ਸਵਾ ਲੱਖ ਦੇ ਕਰੀਬ ਹੈ। ਇਸ ਤਰ੍ਹਾਂ ਦੱਖਣੀ ਅਮਰੀਕਾ ਦਾ ਇਹ ਮੁਲਕ ਛੋਟਾ ਹੋਣ ਦੇ ਬਾਵਜੂਦ ਫੌਜੀ ਅਰਥਾਂ ਵਿੱਚ ਛੋਟਾ ਨਹੀਂ ਹੈ। ਵਿਰੋਧੀ ਮੁਲਕਾਂ ਵੱਲੋਂ ਕੀਤੀ ਜਾਣ ਵਾਲੀ ਹਥਿਆਰਾਂ ਦੀ ਸਪਲਾਈ ਵੀ ਅਮਰੀਕਾ ਨੂੰ ਲੰਮੇ ਸਮੇਂ ਲਈ ਉਲਝਾਅ ਸਕਦੀ ਹੈ।

ਅਮਰੀਕਾ ਵੱਲੋਂ ਵੈਨੇਜ਼ੂਏਲਾ ‘ਤੇ ਹਵਾਈ ਹਮਲਿਆਂ ਦੀਆਂ ਕਿਆਸਅਰਾਈਆਂ ਬਾਰੇ ਗੱਲ ਕਰਦਿਆਂ ਵਾਈਟ ਹਾਊਸ ਦੀ ਸਪੋਕਸਪਰਸਨ ਅੰਨਾ ਕੈਲੀ ਨੇ ਕਿਹਾ, “ਕੁਝ ਮੀਡੀਆ ਦੇ ਕਥਿਤ ਗੁਪਤ ਸੂਤਰਾਂ ਨੂੰ ਪਤਾ ਨਹੀਂ ਹੈ ਕਿ ਉਹ ਕਾਹਦੇ ਬਾਰੇ ਬੋਲ ਰਹੇ ਹਨ।” ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਵੈਨੇਜ਼ੂਏਲਾ ‘ਤੇ ਹਵਾਈ ਹਮਲਿਆਂ ਦੀ ਕਿਸੇ ਯੋਜਨਾ ਤੋਂ ਇਨਕਾਰ ਕੀਤਾ ਹੈ।

ਉਂਝ ਇਹ ਪੱਖ ਵੀ ਧਿਆਨ ਵਿੱਚ ਰੱਖਣ ਵਾਲਾ ਹੈ ਕਿ ਅਮਰੀਕਾ ਅਤੇ ਵੈਨੇਜ਼ੂਏਲਾ ਵਿਚਕਾਰ ਖਿੱਚੋਤਾਣ ਨਵੀਂ ਨਹੀਂ ਹੈ। ਮਦੂਰੋ ਜੋ ਤੰਗੀ ਤੁਰਸ਼ੀ ਦੇ ਦਿਨਾਂ ਵਿੱਚ ਇੱਕ ਟਰੱਕ ਡਰਾਈਵਰ ਰਿਹਾ ਹੈ, ਆਪਣੇ ਤੋਂ ਪਹਿਲੇ ਵੈਨੇਜ਼ੂਏਲਾ ਦੇ ਹਾਕਮ ਹਿਊਗੋ ਛਾਵੇਜ ਦਾ ਉੱਤਰਾਧਿਕਾਰੀ ਬਣ ਕੇ ਉਭਰਿਆ। ਛਾਵੇਜ ਦੀ ਕੈਂਸਰ ਦੇ ਇਲਾਜ ਦੌਰਾਨ ਕਿਊਬਾ ਵਿੱਚ ਮੌਤ ਹੋ ਗਈ ਸੀ। ਰਾਸ਼ਟਰਪਤੀ ਛਾਵੇਜ ਵੇਲੇ ਵੀ ਅਮਰੀਕਾ ਅਤੇ ਵੈਨੇਜ਼ੂਏਲਾ ਦੇ ਸੰਬੰਧ ਤਣਾਅ ਪੂਰਨ ਰਹੇ। ਉਸ ਨੇ ਇੱਕ ਵਾਰ ਕਿਹਾ ਸੀ ਕਿ ਅਮਰੀਕਾ ਨੇ 2002 ਵਿੱਚ ਉਸ ਦੀ ਸਰਕਾਰ ਦਾ ਤਖਤਾ ਪਲਟਣ ਦੀ ਅਸਫਲ ਕੋਸ਼ਿਸ਼ ਕੀਤੀ। ਰਾਸ਼ਟਰਪਤੀ ਹਿਊਗੋ ਛਾਵੇਜ ਨੇ ਵੈਨੇਜ਼ੂਏਲਾ ਦੇ ਤੇਲ ਦੇ ਸੋਮਿਆਂ ਦਾ ਕੌਮੀਕਰਨ ਕਰ ਦਿੱਤਾ ਸੀ। ਅਮਰੀਕੀ ਤੇਲ ਕੰਪਨੀਆਂ ਉਸ ਦੇ ਇਸ ਫੈਸਲੇ ਤੋਂ ਕਾਫੀ ਔਖੀਆਂ ਸਨ। ਮਦੂਰੋ ਛਾਵੇਜ ਦੇ ਮੁਕਾਬਲੇ ਘੱਟ ਪੜ੍ਹਿਆ-ਲਿਖਿਆ ਅਤੇ ਜ਼ਿਆਦਾ ਤਾਨ੍ਹਾਸ਼ਾਹੀ ਰੁਚੀਆਂ ਦਾ ਮਾਲਕ ਸਾਬਤ ਹੋਇਆ। ਕੁਝ ਅਮਰੀਕੀ ਤਖਤਾ ਪਲਟ ਦੇ ਡਰ ਨੇ ਵੀ ਉਸ ਨੂੰ ਇਸ ਪਾਸੇ ਵੱਲ ਧੱਕਿਆ। ਪਿਛਲੇ ਸਾਲ ਵੈਨੇਜ਼ੂਏਲਾ ਦੀਆਂ ਆਮ ਚੋਣਾਂ ਵਿੱਚ ਉਸ ਉਪਰ ਵੋਟਾਂ ਦਾ ਘਪਲਾ ਕਰਨ ਦੇ ਦੋਸ਼ ਵੀ ਲੱਗੇ। ਫਿਰ ਵੀ ਉਸ ਨੇ ਰਾਸ਼ਟਰਪਤੀ ਦੀ ਚੋਣ ਵਿੱਚ 56 ਫੀਸਦੀ ਵੋਟਾਂ ਹਾਸਲ ਕੀਤੀਆਂ। ਮਦੂਰੋ ਦੇ ਵਿਰੋਧੀ ਇਸੇ ਕਾਰਨ ਉਸ ਨੂੰ ਇੱਕ ਸਖਤ ਤਾਨ੍ਹਾਸ਼ਾਹ ਦਾ ਦਰਜਾ ਦਿੰਦੇ ਹਨ। ਜਿਹੜਾ ਖੱਬੇ ਪੱਖੀ ਝੁਕਾਅ ਰੱਖਣ ਵਾਲੇ ਸਾਬਕਾ ਰਾਸ਼ਟਰਪਤੀ ਛਾਵੇਜ ਤੋਂ ਵੀ ਕਈ ਕੋਹਾਂ ਅਗਾਂਹ ਚਲਿਆ ਗਿਆ ਹੈ; ਪਰ ਮਦੂਰੋ ਇਨ੍ਹਾਂ ਸਾਰੇ ਦੋਸ਼ਾਂ ਨੂੰ ਰੱਦ ਕਰਦਾ ਹੈ। ਉਸ ਦਾ ਆਖਣਾ ਹੈ ਕਿ ਇਹ ਅਮਰੀਕਾ ਅਤੇ ਉਸ ਦਾ ਪੱਖ ਪੂਰਨ ਵਾਲੇ ਲੋਕਾਂ ਦਾ ਪ੍ਰਾਪੇਗੰਡਾ ਹੈ। ਧਿਆਨ ਰਹੇ, ਦੁਨੀਆਂ ਦੇ ਤਕਰੀਬਨ 50 ਮੁਲਕ ਵੈਨੇਜ਼ੂਏਲਾ-ਅਮਰੀਕਾ ਕਲੇਸ਼ ਵਿੱਚ ਅਮਰੀਕਾ ਦਾ ਪੱਖ ਪੂਰ ਰਹੇ ਹਨ। ਅਮਰੀਕਾ ਨੇ ਮਦੂਰੋ ਦੀ ਗ੍ਰਿਫਤਾਰੀ ਲਈ ਸੂਹ ਦੇਣ ਵਾਲੇ ਨੂੰ 50 ਮਿਲੀਅਨ ਦਾ ਇਨਾਮ ਦੇਣ ਦਾ ਵੀ ਐਲਾਨ ਕੀਤਾ ਹੋਇਆ ਹੈ। ਟਰੰਪ ਪ੍ਰਸ਼ਾਸਨ ਮਦੂਰੋ ਸਰਕਾਰ ‘ਤੇ ਫੈਂਟਾਨਿਲ ਜਿਹੇ ਨਸ਼ੇ ਦੀ ਸਪਲਾਈ ਦਾ ਦੋਸ਼ ਲਾਉਂਦਾ ਹੈ; ਪਰ ਇਸ ਵਿੱਚ ਬਹੁਤੀ ਸੱਚਾਈ ਨਹੀਂ ਜਾਪਦੀ। ਕੋਕੇਨ ਦੀ ਸਪਲਾਈ ਜ਼ਰੂਰ ਵੈਨੇਜ਼ੂਏਲਾ ਵਿੱਚ ਦੀ ਹੋ ਕੇ ਲੰਘਦੀ ਹੋ ਸਕਦੀ ਹੈ।

ਵੈਨੇਜ਼ੂਏਲਾ ਦੇ ਲੋਕਾਂ ਦਾ ਅਮਰੀਕਾ ਵੱਲ ਪਰਵਾਸ ਵੀ ਟਰੰਪ ਪ੍ਰਸ਼ਾਸਨ ਲਈ ਸਿਦਰਦੀ ਬਣਿਆ ਹੋਇਆ ਹੈ। ਹਾਲ ਹੀ ਵਿੱਚ ਟਰੰਪ ਨੇ ਵੈਨੇਜ਼ੂਏਲਾ ਦੇ ਅਮਰੀਕੀ ਪਰਵਾਸੀਆਂ ਖਿਲਾਫ ਐਲਾਈਨ ਐਨੀਮੀਜ਼ ਐਕਟ ਲਾਗੂ ਕਰਨ ਦੀ ਵੀ ਗੱਲ ਤੋਰੀ ਸੀ। ਟਰੰਪ ਦੀ ਰਾਸ਼ਟਰਪਤੀ ਵਜੋਂ ਆਮਦ ਤੋਂ ਬਾਅਦ ਪਰਵਾਸੀਆਂ ਖਿਲਾਫ ਕੀਤੀ ਗਈ ਸਖਤੀ ਅਮਰੀਕਾ ਲਈ ਵਿਵਾਦਗ੍ਰਸਤ ਬਣੀ ਹੋਈ ਹੈ। ਭਾਰਤੀ ਪਰਵਾਸੀਆਂ ਨੂੰ ਡਿਪੋਰਟ ਕਰਨ ਦੇ ਮਾਮਲੇ ਵਿੱਚ ਵੀ ਟਰੰਪ ਪ੍ਰਸ਼ਾਸਨ ਨੇ ਬੇਹੱਦ ਸਖਤੀ ਤੋਂ ਕੰਮ ਲਿਆ ਹੈ। ਕਈਆਂ ਨੂੰ ਹਥਕੜੀਆਂ ਅਤੇ ਬੇੜੀਆਂ ਲਾ ਕੇ ਭਾਰਤ ਵੱਲ ਡਿਪੋਰਟ ਕੀਤਾ ਗਿਆ। ਅਮਰੀਕਾ ਜਿਹੜਾ ਮੂਲ ਰੂਪ ਵਿੱਚ ਰੈਡ ਇੰਡੀਅਨਜ਼ ਦਾ ਮੁਲਕ ਹੈ, ਹੁਣ ਪਰਵਾਸੀਆਂ ਨਾਲ ਹੀ ਭਰਿਆ ਪਿਆ ਹੈ। ਆਲੋਚਕ ਇਹ ਵੀ ਸੁਆਲ ਕਰਦੇ ਹਨ ਕਿ ਅਮਰੀਕਾ ਗੋਰਿਆਂ ਦੇ ਪਿਓ ਦਾ ਮੁਲਕ ਨਹੀਂ। ਉਹ ਵੀ ਇੱਥੇ ਪਰਵਾਸ ਕਰਕੇ ਹੀ ਆਏ ਹਨ। ਇਸੇ ਤਰ੍ਹਾਂ ਵੈਨੇਜ਼ੂਏਲਾ ਦੇ ਪਰਵਾਸੀਆਂ ਨੂੰ ਜ਼ਬਰੀ ਡਿਪੋਰਟ ਕਰਨਾ ਵੀ ਉਨ੍ਹਾਂ ਦੇ ਮਾਨਵੀ ਅਧਿਕਾਰਾਂ ਦੀ ਉਲੰਘਣਾ ਹੈ। ਅਮਰੀਕੀ ਪ੍ਰਸ਼ਾਸਨ ਦੀ ਦਲੀਲ ਹੈ ਕਿ ਵੈਨੇਜ਼ੂਏਲਾ ਦੀ ਸਰਕਾਰ ਵੱਲੋਂ ਪ੍ਰਮੋਟ ਕੀਤਾ ਜਾਂਦਾ ਇੱਕ ਗੈਂਗ ‘ਟਰੇਨ ਡੀ ਆਰਗੂਆ’ ਉਨ੍ਹਾਂ ਲਈ ਸਿਰਦਰਦੀ ਬਣਿਆ ਹੋਇਆ ਹੈ; ਪਰ ਅਮਰੀਕੀ ਲਿਬਰਲ ਧਿਰਾਂ ਇਸ ਦਾ ਵਿਰੋਧ ਕਰਦੀਆਂ ਹਨ। ਉਨ੍ਹਾਂ ਅਨੁਸਾਰ ਆਪਣੀ ਤਾਕਤ ਵਧਾਉਣ ਲਈ ਟਰੰਪ ਪ੍ਰਸ਼ਾਸਨ ਵੱਲੋਂ ਘੜਿਆ ਗਿਆ ਇਹ ਬਹਾਨਾ ਮਾਤਰ ਹੈ।

ਵੈਨੇਜ਼ੂਏਲਾ ਦੇ ਰਾਸ਼ਟਰਪਤੀ ਮਦੂਰੋ ਨੇ ਆਪਣੇ ਦੇਸ਼ ਦੀ ਰਾਖੀ ਲਈ 40 ਲੱਖ ਸਿਵਲ ਮਲੀਸ਼ੀਆ ਤਾਇਨਾਤ ਕਰਨ ਦੀ ਦਲੀਲ ਦਿੱਤੀ ਹੈ।ਉਸ ਦਾ ਆਖਣਾ ਹੈ ਕਿ ਉਹ ਆਪਣੇ ਦੇਸ਼ ਦੀ ਜ਼ਮੀਨ ਦੇ ਇੱਕ-ਇੱਕ ਇੰਚ ਦੀ ਰਾਖੀ ਕਰਨਗੇ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਮਦੂਰੋ ਨੇ ਅਮਰੀਕਾ ਨਾਲ ਤਣਾਅ ਘੱਟ ਕਰਨ ਲਈ ਬੀਤੇ ਮਹੀਨੇ ਤੇਲ ਅਤੇ ਖਣਿੱਜ ਪਦਾਰਥਾਂ ਦੀ ਖੋਜ ਅਤੇ ਵਪਾਰ ਵਿੱਚ ਕਾਫੀ ਵੱਡੀ ਖੁੱਲ੍ਹ ਦੇਣ ਦੀ ਤਜਵੀਜ਼ ਦਿੱਤੀ ਸੀ, ਪਰ ਅਮਰੀਕਾ ਨੇ ਇਹ ਤਜਵੀਜ਼ ਸਵਿਕਾਰ ਨਹੀਂ ਕੀਤੀ।

## ਭੁੱਲ ਦੀ ਸੋਧ

**‘ਪੰਜਾਬੀ ਪਰਵਾਜ਼’ ਦੇ ਅੰਕ ਨੰਬਰ 64 ਵਿੱਚ ਪੰਨਾ 11 ਉਤੇ “ਨੌਂ ਵਾਰ ਨੋਬਲ ਪੁਰਸਕਾਰ ਲਈ ਨਾਮਜ਼ਦ ਹੋਣ ਵਾਲਾ ਭੌਤਿਕ ਵਿਗਿਆਨੀ ਈ.ਸੀ. ਜਾਰਜ ਸੁਦਰਸ਼ਨ” ਸਿਰਲੇਖ ਵਾਲਾ ਲੇਖ ਪ੍ਰਿੰਸੀਪਲ ਵਿਜੈ ਕੁਮਾਰ ਦਾ ਲਿਖਿਆ ਹੋਇਆ ਹੈ। ਗਲਤੀ ਨਾਲ ਉਨ੍ਹਾਂ ਦਾ ਨਾਂ ਲਿਖਣੋਂ ਰਹਿ ਗਿਆ, ਕਿਉਂਕਿ ਇਸੇ ਪੰਨੇ ਉਤੇ ਨੋਬਲ ਪੁਰਸਕਾਰ ਨਾਲ ਸਬੰਧਤ ਪਹਿਲੇ ਦੋ ਲੇਖ ਵਿਜੈ ਗਰਗ ਦੇ ਲਿਖੇ ਹੋਏ ਹਨ, ਜਦਕਿ ਤੀਜਾ ਲੇਖ ਪ੍ਰਿੰਸੀਪਲ ਵਿਜੈ ਕੁਮਾਰ ਦਾ ਲਿਖਿਆ ਹੋਇਆ ਹੈ। ਇਸ ਭੁੱਲ ਲਈ ਪਾਠਕਾਂ ਅਤੇ ਲੇਖਕ ਤੋਂ ਖਿਮਾ ਦੇ ਜਾਚਕ ਹਾਂ। *-ਪ੍ਰਬੰਧਕੀ ਸੰਪਾਦਕ***


SAKHI ATTIRE
*Bridal Lehenga
*Party Lehenga
*Punjabi Suit
*Co Ord Sets
*Kallire *Chuda
*Punjabi Jutti
*Jewellery
*ਦੁਲਹਨ ਦਾ ਲਹਿੰਗਾ
*ਪਾਰਟੀ ਲਹਿੰਗਾ
*ਪੰਜਾਬੀ ਸੂਟ
*ਕਲੀਰੇ
*ਪੰਜਾਬੀ ਜੁੱਤੀ
*ਗਹਿਣੇ *ਚੂੜਾ
...ਅਤੇ ਹੋਰ ਬੜਾ ਕੁਝ
Rupi Sidhu
Ph: 630-415-7389
sakhi.attire
rupisidhu30@gmail.com


TASTE OF India
FINE DINING BISTRO
17115 W. Bluemound Rd, Suite D1, Brookfield, WI 53005
We Do Catering
ਅਸੀਂ ਕੇਟਰਿੰਗ ਵੀ ਕਰਦੇ ਹਾਂ
ਟੇਸਟ ਆਫ ਇੰਡੀਆ
ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ
ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ
ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ
BOLLYWOOD Grill
Restaurant - Bar - Banquet
1038 N. Jackson St, Milwaukee, WI 53202
We Also Provide
Onsite Tandoor Service For Fresh Naan & KABABS and Onsite Fresh DOSA Service.
ਫੋਨ: 262-894-0913
ਜਾਂ 414-588-3325

# ਸੰਸਾਰ 'ਚ ਮੁੜ ਸ਼ੁਰੂ ਹੋ ਸਕਦੀ ਹੈ ਹਥਿਆਰਾਂ ਦੀ ਨਵੀਂ ਦੌੜ

**ਅਹਿਮ**

**ਸਿੱਧਾਰਥ ਵਰਦਰਾਜਨ**



## ਟਰੰਪ ਦੀ ਨਵੀਂ ਪ੍ਰਮਾਣੂ ਪਰੀਖਣ ਯੋਜਨਾ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 30 ਅਕਤੂਬਰ ਨੂੰ ਇੱਕ ਵੱਡਾ ਅਤੇ ਵਿਵਾਦਗ੍ਰਸਤ ਐਲਾਨ ਕੀਤਾ। ਉਨ੍ਹਾਂ ਨੇ ਪੈਂਟਾਗਨ ਯਾਨੀ ਅਮਰੀਕੀ ਰੱਖਿਆ ਵਿਭਾਗ ਨੂੰ ਤੁਰੰਤ ਪ੍ਰਮਾਣੂ ਹਥਿਆਰਾਂ ਦੇ ਪਰੀਖਣ ਮੁੜ ਸ਼ੁਰੂ ਕਰਨ ਦੀ ਪੂਰੀ ਇਜਾਜ਼ਤ ਅਤੇ ਨਿਰਦੇਸ਼ ਦਿੱਤੇ ਹਨ। ਇਹ ਐਲਾਨ ਇਸ ਲਈ ਵੀ ਮਹੱਤਵਪੂਰਨ ਹੈ, ਕਿਉਂਕਿ ਅਮਰੀਕਾ ਨੇ ਆਖਰੀ ਵਾਰ ਪ੍ਰਮਾਣੂ ਪਰੀਖਣ 33 ਸਾਲ ਪਹਿਲਾਂ, ਯਾਨੀ 1992 ਵਿੱਚ ਕੀਤਾ ਸੀ। ਉਸ ਤੋਂ ਬਾਅਦ ਅਮਰੀਕਾ ਨੇ ਭਵਿੱਖ ਵਿੱਚ ਅਜਿਹੇ ਸਾਰੇ ਪਰੀਖਣਾਂ 'ਤੇ ਇੱਕ ਸਵੈ-ਇੱਛਕ ਰੋਕ ਯਾਨੀ ਮੋਰੇਟੋਰੀਅਮ ਲਗਾਉਣ ਦਾ ਐਲਾਨ ਕੀਤਾ ਸੀ। ਇਸ ਮੋਰੇਟੋਰੀਅਮ ਨੂੰ ਅਮਰੀਕੀ ਨੀਤੀ ਦਾ ਅਹਿਮ ਹਿੱਸਾ ਮੰਨਿਆ ਜਾਂਦਾ ਰਿਹਾ ਹੈ ਅਤੇ ਇਸ ਨੇ ਵਿਸ਼ਵ ਪੱਧਰ 'ਤੇ ਪ੍ਰਮਾਣੂ ਹਥਿਆਰਾਂ ਦੀ ਦੌੜ ਨੂੰ ਕੁਝ ਹੱਦ ਤੱਕ ਰੋਕਣ ਵਿੱਚ ਮਦਦ ਕੀਤੀ ਸੀ।

ਟਰੰਪ ਨੇ ਆਪਣੇ ਇਸ ਨਵੇਂ ਫ਼ੈਸਲੇ ਦੀ ਵਜ੍ਹਾ ਬੜੀ ਸਪੱਸ਼ਟਤਾ ਨਾਲ ਦੱਸੀ। ਉਨ੍ਹਾਂ ਨੇ ਕਿਹਾ ਕਿ "ਹੋਰ ਦੇਸ਼ਾਂ ਦੇ ਪ੍ਰਮਾਣੂ ਪਰੀਖਣ ਪ੍ਰੋਗਰਾਮਾਂ" ਕਾਰਨ ਉਨ੍ਹਾਂ ਨੂੰ ਇਹ ਕਦਮ ਚੁੱਕਣਾ ਪਿਆ ਹੈ। ਉਨ੍ਹਾਂ ਨੇ ਆਪਣੇ ਬਿਆਨ ਵਿੱਚ ਕਿਹਾ, "ਅਮਰੀਕਾ ਕੋਲ ਕਿਸੇ ਵੀ ਹੋਰ ਦੇਸ਼ ਨਾਲੋਂ ਜ਼ਿਆਦਾ ਪ੍ਰਮਾਣੂ ਹਥਿਆਰ ਹਨ। ਇਹ ਕਾਮਯਾਬੀ ਮੇਰੇ ਪਹਿਲੇ ਕਾਰਜਕਾਲ ਦੌਰਾਨ ਹਾਸਲ ਕੀਤੀ ਗਈ ਸੀ, ਜਦੋਂ ਅਸੀਂ ਮੌਜੂਦਾ ਹਥਿਆਰਾਂ ਨੂੰ ਪੂਰੀ ਤਰ੍ਹਾਂ ਅਪਡੇਟ ਕੀਤਾ ਅਤੇ ਆਧੁਨਿਕ ਬਣਾਇਆ। ਰੂਸ ਦੂਜੇ ਨੰਬਰ 'ਤੇ ਹੈ ਅਤੇ ਚੀਨ ਕਾਫ਼ੀ ਪਿੱਛੇ ਤੀਜੇ ਨੰਬਰ 'ਤੇ, ਪਰ ਅਗਲੇ ਪੰਜ ਸਾਲਾਂ ਵਿੱਚ ਚੀਨ ਬਰਾਬਰੀ 'ਤੇ ਪਹੁੰਚ ਜਾਵੇਗਾ। ਇਸ ਲਈ ਮੈਂ ਯੁੱਧ ਵਿਭਾਗ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਸਾਡੇ ਪ੍ਰਮਾਣੂ ਹਥਿਆਰਾਂ ਦਾ ਪਰੀਖਣ ਬਰਾਬਰ ਪੱਧਰ 'ਤੇ ਤੁਰੰਤ ਸ਼ੁਰੂ ਕਰਨ।"

ਟਰੰਪ ਦੇ ਇਸ ਬਿਆਨ ਨੂੰ ਵਿਸ਼ਲੇਸ਼ਕ ਬੜੇ ਧਿਆਨ ਨਾਲ ਵੇਖ ਰਹੇ ਹਨ। ਖ਼ਾਸ ਕਰ ਇਸ ਲਈ, ਕਿਉਂਕਿ ਚੀਨ ਨੇ ਆਖਰੀ ਪ੍ਰਮਾਣੂ ਪਰੀਖਣ ਜੁਲਾਈ 1996 ਵਿੱਚ ਤਿੱਬਤ ਦੇ ਲੋਪ ਨੂਰ ਖੇਤਰ ਵਿੱਚ ਕੀਤਾ ਸੀ ਅਤੇ ਰੂਸ ਨੇ 1990 ਵਿੱਚ ਨੋਵਾਇਆ ਜ਼ੈਮਲਿਆ ਵਿੱਚ। ਉਸ ਤੋਂ ਬਾਅਦ ਨਾ ਤਾਂ ਚੀਨ ਨੇ ਅਤੇ ਨਾ ਹੀ ਰੂਸ ਨੇ ਕੋਈ ਨਵਾਂ ਪ੍ਰਮਾਣੂ ਪਰੀਖਣ ਕੀਤਾ ਹੈ ਤੇ ਨਾ ਹੀ ਅਜਿਹੀ ਕੋਈ ਧਮਕੀ ਦਿੱਤੀ ਹੈ। ਇਸ ਸਥਿਤੀ ਵਿੱਚ ਟਰੰਪ ਵੱਲੋਂ "ਬਰਾਬਰੀ ਵਾਲੇ ਪੱਧਰ 'ਤੇ ਪਰੀਖਣ ਸ਼ੁਰੂ ਕਰਨ" ਵਾਲੇ ਹੁਕਮ ਦਾ ਅਸਲ ਮਤਲਬ ਕੀ ਹੈ, ਇਹ ਸਪੱਸ਼ਟ ਨਹੀਂ ਹੋ ਰਿਹਾ। ਕਈ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਹ ਸਿਰਫ਼ ਰੂਸ ਅਤੇ ਚੀਨ ਨੂੰ ਚੇਤਾਵਨੀ ਦੇਣ ਦਾ ਤਰੀਕਾ ਹੋ ਸਕਦਾ ਹੈ, ਪਰ ਇਸ ਨਾਲ ਪ੍ਰਮਾਣੂ ਹਥਿਆਰਾਂ ਦੀ ਨਵੀਂ ਦੌੜ ਸ਼ੁਰੂ ਹੋਣ ਦਾ ਖ਼ਤਰਾ ਵੀ ਵਧ ਜਾਂਦਾ ਹੈ।

ਦਰਅਸਲ, ਰੂਸ ਅਤੇ ਚੀਨ ਨੇ ਵੀ ਅਮਰੀਕਾ ਵਾਂਗ ਵਿਆਪਕ ਪ੍ਰਮਾਣੂ ਪਰੀਖਣ ਪਾਬੰਦੀ ਸੰਧੀ (ਕਾਮਪ੍ਰਿਹੈਂਸਿਵ ਨਿਊਕਲੀਅਰ ਟੈਸਟ ਬੈਨ ਟ੍ਰੀਟੀ - ਸੀ.ਟੀ.ਬੀ.ਟੀ.) 'ਤੇ ਦਸਤਖ਼ਤ ਕੀਤੇ ਹਨ। ਇਹ ਸੰਧੀ ਸਤੰਬਰ 1996 ਵਿੱਚ ਹਸਤਾਖ਼ਰ ਲਈ ਖੋਲ੍ਹੀ ਗਈ ਸੀ, ਪਰ ਅਮਰੀਕਾ, ਰੂਸ ਅਤੇ ਚੀਨ- ਤਿੰਨਾਂ ਵੱਡੀਆਂ ਪ੍ਰਮਾਣੂ ਸ਼ਕਤੀਆਂ ਨੇ ਅਜੇ ਤੱਕ ਇਸ ਦੀ ਪੁਸ਼ਟੀ ਨਹੀਂ ਕੀਤੀ। ਇਸ ਲਈ ਸੰਧੀ ਅਜੇ ਲਾਗੂ ਨਹੀਂ ਹੋਈ। 1996 ਤੋਂ ਬਾਅਦ ਸਿਰਫ਼ ਤਿੰਨ ਦੇਸ਼ਾਂ ਨੇ ਪ੍ਰਮਾਣੂ ਪਰੀਖਣ ਕੀਤੇ ਹਨ: ਭਾਰਤ ਅਤੇ ਪਾਕਿਸਤਾਨ ਨੇ 1998 ਵਿੱਚ ਅਤੇ ਉੱਤਰ ਕੋਰੀਆ ਨੇ 2006 ਤੋਂ 2017 ਦੇ ਵਿਚਕਾਰ ਕਈ ਵਾਰ।

ਅਮਰੀਕੀ ਮੀਡੀਆ ਟਰੰਪ ਦੇ ਇਸ ਫ਼ੈਸਲੇ ਨੂੰ ਰੂਸ ਵੱਲੋਂ ਹਾਲ ਹੀ ਵਿੱਚ ਆਪਣੇ ਪ੍ਰਮਾਣੂ ਹਥਿਆਰਾਂ ਲਈ ਨਵੇਂ ਡਿਲਿਵਰੀ ਸਿਸਟਮਾਂ (ਯਾਨੀ ਹਥਿਆਰਾਂ ਨੂੰ ਲੈ ਕੇ ਜਾਣ ਅਤੇ ਛੱਡਣ ਵਾਲੀਆਂ ਪ੍ਰਣਾਲੀਆਂ) ਦੇ ਪਰੀਖਣ ਨਾਲ ਜੋੜ ਕੇ ਵੇਖ ਰਿਹਾ ਹੈ; ਪਰ ਵਿਸ਼ਲੇਸ਼ਕਾਂ ਮੁਤਾਬਕ ਇਹ ਦੋਵੇਂ ਗੱਲਾਂ ਬਿਲਕੁਲ ਵੱਖਰੀਆਂ ਹਨ। ਡਿਲਿਵਰੀ ਸਿਸਟਮਾਂ ਦਾ ਪਰੀਖਣ ਪ੍ਰਮਾਣੂ ਧਮਾਕੇ ਤੋਂ ਬਿਨਾ ਹੁੰਦਾ ਹੈ ਅਤੇ ਅਮਰੀਕਾ ਨੇ ਵੀ ਇਸ 'ਤੇ ਕੰਮ ਕਦੇ ਨਹੀਂ ਰੋਕਿਆ। ਇਸ ਲਈ ਇਹ ਜੋੜਨਾ ਗਲਤ ਹੋ ਸਕਦਾ ਹੈ।

ਟਰੰਪ ਨੇ ਇਹ ਐਲਾਨ ਉਸ ਸਮੇਂ ਕੀਤਾ, ਜਦੋਂ ਕੁਝ ਘੰਟਿਆਂ ਬਾਅਦ ਉਨ੍ਹਾਂ ਦੀ ਸਿਓਲ ਵਿੱਚ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਮੁਲਾਕਾਤ ਤੈਅ ਸੀ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਇਸ ਮੁਲਾਕਾਤ ਦਾ ਐਲਾਨ ਕਰਦੇ ਹੋਏ ਲਿਖਿਆ: "G2 will be convening shortly" ਯਾਨੀ "ਜੀ-2 (ਅਮਰੀਕਾ ਅਤੇ ਚੀਨ) ਦੀ ਮੀਟਿੰਗ ਜਲਦ ਸ਼ੁਰੂ ਹੋਵੇਗੀ।"

'G2' ਸ਼ਬਦ ਦੀ ਵਰਤੋਂ ਬਹੁਤ ਮਹੱਤਵਪੂਰਨ ਹੈ। ਇਹ ਅਮਰੀਕੀ ਵਿਦੇਸ਼ ਨੀਤੀ ਵਿੱਚ ਇੱਕ ਬੁਨਿਆਦੀ ਬਦਲਾਅ ਨੂੰ ਦਰਸਾਉਂਦੀ ਹੈ। ਪਹਿਲਾਂ ਅਮਰੀਕਾ ਚੀਨ ਨੂੰ ਰੋਕਣ ਦੀ ਨੀਤੀ 'ਤੇ ਚੱਲ ਰਿਹਾ ਸੀ, ਪਰ ਹੁਣ ਇਹ ਨਜ਼ਰੀਆ ਬਦਲ ਕੇ ਚੀਨ ਨਾਲ ਮਿਲ ਕੇ ਵਿਸ਼ਵ ਮਸਲਿਆਂ ਨੂੰ ਹੱਲ ਕਰਨ ਵਾਲਾ ਹੋ ਗਿਆ ਹੈ। ਇਸ ਅਨੁਸਾਰ ਅਮਰੀਕਾ ਅਤੇ ਚੀਨ ਮਿਲ ਕੇ ਵਿਸ਼ਵ ਦੀਆਂ ਵੱਡੀਆਂ ਸਮੱਸਿਆਵਾਂ ਜਿਵੇਂ ਜਲਵਾਯੂ ਤਬਦੀਲੀ, ਵਪਾਰ ਅਤੇ ਸੁਰੱਖਿਆ ਨੂੰ ਹੱਲ ਕਰਨਗੇ।

ਸੀ.ਟੀ.ਬੀ.ਟੀ. ਅਜੇ ਤੱਕ ਲਾਗੂ ਨਹੀਂ ਹੋਈ ਹੈ, ਇਸ ਲਈ ਅਮਰੀਕਾ ਨੂੰ ਪ੍ਰਮਾਣੂ ਪਰੀਖਣ ਮੁੜ ਸ਼ੁਰੂ ਕਰਨ ਵਿੱਚ ਕੋਈ ਕਾਨੂੰਨੀ ਰੁਕਾਵਟ ਨਹੀਂ ਹੈ। ਪਰ ਜੇ ਅਮਰੀਕਾ ਆਪਣਾ ਮੋਰੇਟੋਰੀਅਮ ਖ਼ਤਮ ਕਰਦਾ ਹੈ, ਤਾਂ ਲਗਭਗ ਪੱਕਾ ਹੈ ਕਿ ਰੂਸ ਅਤੇ ਚੀਨ ਵੀ ਆਪਣੇ ਪ੍ਰਮਾਣੂ ਪਰੀਖਣ ਮੁੜ ਸ਼ੁਰੂ ਕਰ ਦੇਣਗੇ। ਉਹ ਆਪਣੇ ਮੌਜੂਦਾ ਹਥਿਆਰਾਂ ਦੀ ਭਰੋਸੇਯੋਗਤਾ ਯਕੀਨੀ ਬਣਾਉਣ ਅਤੇ ਨਵੇਂ ਡਿਜ਼ਾਈਨਾਂ ਨੂੰ ਪਰਖਣ ਲਈ ਅਜਿਹਾ ਕਰਨਗੇ।

ਅਮਰੀਕਾ ਨੇ ਆਖਰੀ ਪਰੀਖਣ ਤੋਂ ਬਾਅਦ ਸੀ.ਟੀ.ਬੀ.ਟੀ. ਨੂੰ ਅੱਗੇ ਵਧਾਇਆ ਸੀ, ਕਿਉਂਕਿ ਉਸ ਸਮੇਂ ਉਸ ਕੋਲ ਰੂਸ ਅਤੇ ਚੀਨ ਨਾਲੋਂ ਦੋਹਰਾ ਫਾਇਦਾ ਸੀ: ਪਹਿਲਾ, ਉਸ ਕੋਲ ਕਿਤੇ ਜ਼ਿਆਦਾ ਪ੍ਰਮਾਣੂ ਭੰਡਾਰ ਸੀ; ਦੂਜਾ, ਉਸ ਕੋਲ ਕੰਪਿਊਟਰ ਸਿਮੂਲੇਸ਼ਨ ਰਾਹੀਂ ਨਵੇਂ ਹਥਿਆਰ ਡਿਜ਼ਾਈਨ ਕਰਨ ਅਤੇ ਪਰਖਣ ਦੀ ਬਹੁਤ ਉੱਨਤ ਤਕਨੀਕ ਸੀ। ਇਸ ਲਈ ਮੋਰੇਟੋਰੀਅਮ ਅਮਰੀਕਾ ਲਈ ਫਾਇਦੇਮੰਦ ਸੀ। ਪਰ ਜੇ ਰੂਸ ਅਤੇ ਚੀਨ ਨੂੰ ਲੱਗੇ ਕਿ ਸੀ.ਟੀ.ਬੀ.ਟੀ. ਨਾਲ ਅਮਰੀਕਾ ਨੂੰ ਤੁਲਨਾਤਮਕ ਤੌਰ 'ਤੇ ਜ਼ਿਆਦਾ ਲਾਭ ਹੋਇਆ ਹੈ, ਤਾਂ ਅਮਰੀਕੀ ਪਰੀਖਣ ਉਨ੍ਹਾਂ ਲਈ ਆਪਣੇ ਪਰੀਖਣਾਂ ਦੀ ਨਵੀਂ ਲੜੀ ਸ਼ੁਰੂ ਕਰਨ ਦਾ ਬਹਾਨਾ ਬਣ ਸਕਦਾ ਹੈ।

**ਸਭ ਤੋਂ ਅਹਿਮ ਗੱਲ ਇਹ ਹੈ ਕਿ ਟਰੰਪ ਦੇ ਤਾਜ਼ਾ ਐਲਾਨ, ਜਿਸ ਵਿੱਚ ਉਨ੍ਹਾਂ ਨੇ ਪ੍ਰਮਾਣੂ ਪਰੀਖਣ ਮੁੜ ਸ਼ੁਰੂ ਕਰਨ ਦਾ ਹੁਕਮ ਦਿੱਤਾ ਹੈ, ਦੇ ਸੰਦਰਭ ਵਿੱਚ 'ਧਾਰਾ 14.2' ਭਾਰਤ ਨੂੰ ਇਹ ਕਹਿਣ ਦਾ ਮੌਕਾ ਦਿੰਦੀ ਹੈ ਕਿ ਉਹ ਵੀ ਆਪਣੇ 'ਬਦਲੇ ਹੋਏ ਸੁਰੱਖਿਆ ਮਾਹੌਲ' ਕਾਰਨ ਨਵੇਂ ਪ੍ਰਮਾਣੂ ਪਰੀਖਣ ਕਰ ਸਕਦਾ ਹੈ।**



ਭਾਰਤ ਅਤੇ ਪ੍ਰਮਾਣੂ ਪਰੀਖਣਾਂ ਦਾ ਇਤਿਹਾਸ

1990ਵਿਆਂ ਦੇ ਦਹਾਕੇ ਵਿੱਚ ਅਮਰੀਕਾ, ਖ਼ਾਸ ਕਰ ਬਿਲ ਕਲਿੰਟਨ ਦੀ ਸਰਕਾਰ ਨੇ ਸੀ.ਟੀ.ਬੀ.ਟੀ. ਨੂੰ ਅੱਗੇ ਵਧਾਉਣ ਦੀਆਂ ਕੋਸ਼ਿਸ਼ਾਂ ਇਸ ਲਈ ਵੀ ਕੀਤੀਆਂ ਸਨ ਤਾਂ ਜੋ ਭਾਰਤ ਅਤੇ ਪਾਕਿਸਤਾਨ ਵਰਗੇ ਦੇਸ਼ਾਂ ਨੂੰ ਪ੍ਰਮਾਣੂ ਪਰੀਖਣ ਕਰਨ ਤੋਂ ਪਹਿਲਾਂ ਹੀ ਰੋਕਿਆ ਜਾ ਸਕੇ। ਯਾਨੀ ਉਨ੍ਹਾਂ ਲਈ ਇਹ ਰਾਹ ਹਮੇਸ਼ਾ ਲਈ ਬੰਦ ਕਰ ਦਿੱਤਾ ਜਾਵੇ।

ਇਸ ਦੇ ਜਵਾਬ ਵਿੱਚ ਭਾਰਤ ਨੇ ਮਈ 1998 ਵਿੱਚ ਪੋਖਰਨ ਵਿੱਚ ਇੱਕ ਲੜੀ ਵਜੋਂ ਪ੍ਰਮਾਣੂ ਪਰੀਖਣ ਕੀਤੇ। ਇਨ੍ਹਾਂ ਨੂੰ 'ਪੋਖਰਨ-2' ਕਿਹਾ ਜਾਂਦਾ ਹੈ। ਇਸ ਤੋਂ ਬਾਅਦ ਭਾਰਤ ਨੇ ਸਵੈ-ਇੱਛਕ ਮੋਰੇਟੋਰੀਅਮ ਦਾ ਐਲਾਨ ਕੀਤਾ। ਤੁਰੰਤ ਬਾਅਦ ਪਾਕਿਸਤਾਨ ਨੇ ਵੀ ਅਜਿਹੇ ਹੀ ਪਰੀਖਣ ਕੀਤੇ ਅਤੇ ਮੋਰੇਟੋਰੀਅਮ ਐਲਾਨਿਆ।

ਅਮਰੀਕਾ ਨੇ ਉਸੇ ਸਾਲ ਭਾਰਤ 'ਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ। ਇਨ੍ਹਾਂ ਵਿੱਚ ਤਕਨੀਕੀ, ਵਪਾਰਕ ਅਤੇ ਵਿੱਤੀ ਪਾਬੰਦੀਆਂ ਸ਼ਾਮਲ ਸਨ; ਪਰ ਬਾਅਦ ਵਿੱਚ ਜਾਰਜ ਡਬਲਯੂ ਬੁਸ਼ ਪ੍ਰਸ਼ਾਸਨ ਨੇ ਇਨ੍ਹਾਂ ਪਾਬੰਦੀਆਂ ਵਿੱਚ ਢਿੱਲ ਦੇਣ ਦੀ ਪ੍ਰਕਿਰਿਆ ਸ਼ੁਰੂ ਕੀਤੀ। ਇਹ ਪ੍ਰਕਿਰਿਆ 2005 ਵਿੱਚ ਆਪਣੇ ਸਿਖਰ 'ਤੇ ਪਹੁੰਚੀ, ਜਦੋਂ ਅਮਰੀਕਾ ਨੇ ਭਾਰਤ ਨਾਲ ਪੂਰਨ ਪ੍ਰਮਾਣੂ ਸਹਿਯੋਗ ਦਾ ਵਾਅਦਾ ਕੀਤਾ। ਇਸ ਦੀਆਂ ਸ਼ਰਤਾਂ ਸਨ: ਭਾਰਤ ਆਪਣੀ ਪਰੀਖਣ-ਪਾਬੰਦੀ ਨੀਤੀ ਨੂੰ ਬਰਕਰਾਰ ਰੱਖੇ, ਆਪਣੇ ਫੌਜੀ ਤੇ ਨਾਗਰਿਕ ਪ੍ਰਮਾਣੂ ਪ੍ਰੋਗਰਾਮਾਂ ਨੂੰ ਵੱਖ ਕਰੇ ਅਤੇ ਨਾਗਰਿਕ ਪ੍ਰੋਗਰਾਮਾਂ ਨੂੰ ਅੰਤਰਰਾਸ਼ਟਰੀ ਪ੍ਰਮਾਣੂ ਊਰਜਾ ਏਜੰਸੀ ਦੀ ਨਿਗਰਾਨੀ ਹੇਠ ਰੱਖੇ।

2005 ਵਿੱਚ ਜਦੋਂ ਇਸ ਸਮਝੌਤੇ ਨੂੰ ਲਾਗੂ ਕਰਨ ਲਈ ਗੱਲਬਾਤ ਸ਼ੁਰੂ ਹੋਈ, ਤਾਂ ਭਾਰਤੀ ਵਾਰਤਾਕਾਰਾਂ ਨੂੰ ਪਤਾ ਲੱਗਾ ਕਿ ਅਮਰੀਕੀ ਪੱਖ ਭਾਰਤ ਦੇ ਸਵੈ-ਇੱਛਕ ਮੋਰੇਟੋਰੀਅਮ ਨੂੰ ਕਾਨੂੰਨੀ ਤੌਰ 'ਤੇ ਲਾਜ਼ਮੀ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਭਾਰਤੀ ਅਧਿਕਾਰੀਆਂ ਨੇ ਇਸ ਨੂੰ ਸਫਲਤਾਪੂਰਵਕ ਟਾਲ ਦਿੱਤਾ; ਪਰ ਅਮਰੀਕੀ ਕਾਂਗਰਸ ਅਤੇ ਪ੍ਰਸ਼ਾਸਨ ਨੇ 2007 ਵਿੱਚ '123 ਸਮਝੌਤੇ' ਵਿੱਚ ਧਾਰਾ 14 ਜੋੜਨ 'ਤੇ ਜ਼ੋਰ ਦਿੱਤਾ। ਇਸ ਧਾਰਾ ਅਨੁਸਾਰ ਜੇ ਭਾਰਤ ਪ੍ਰਮਾਣੂ ਪਰੀਖਣ ਕਰਦਾ ਹੈ, ਤਾਂ ਅਮਰੀਕਾ ਨਾ ਸਿਰਫ਼ ਸਮਝੌਤਾ ਖ਼ਤਮ ਕਰ ਸਕਦਾ ਹੈ, ਸਗੋਂ ਭਾਰਤ ਨੂੰ ਦਿੱਤੇ ਗਏ ਉਪਕਰਣ ਅਤੇ ਸਮੱਗਰੀ ਵੀ ਵਾਪਸ ਮੰਗ ਸਕਦਾ ਹੈ।

ਭਾਰਤੀ ਵਾਰਤਾਕਾਰਾਂ ਨੇ ਇਸ ਅਮਰੀਕੀ ਸ਼ਰਤ ਨੂੰ, ਜਿਸ ਨੂੰ ਉਸ ਸਮੇਂ ਸਮਝੌਤਾ ਤੋੜਨ ਵਾਲਾ ਕਦਮ ਮੰਨਿਆ ਜਾ ਰਿਹਾ ਸੀ, ਨੂੰ ਕਮਜ਼ੋਰ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ। ਉਨ੍ਹਾਂ ਨੇ ਸ਼ਰਤ ਰੱਖੀ ਕਿ ਕਿਸੇ ਵੀ ਅਮਰੀਕੀ ਉਪਕਰਣ ਦੀ ਵਾਪਸੀ ਤੋਂ ਪਹਿਲਾਂ ਅਮਰੀਕਾ ਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਭਾਰਤੀ ਪ੍ਰਮਾਣੂ ਰਿਐਕਟਰ ਬਿਨਾ ਕਿਸੇ ਰੁਕਾਵਟ ਦੇ ਚੱਲਦੇ ਰਹਿਣ, ਭਾਵੇਂ ਭਾਰਤ ਨੇ ਪ੍ਰਮਾਣੂ ਪਰੀਖਣ ਕੀਤਾ ਹੋਵੇ।

ਸਭ ਤੋਂ ਅਹਿਮ ਗੱਲ ਇਹ ਹੈ ਕਿ ਟਰੰਪ ਦੇ ਤਾਜ਼ਾ ਐਲਾਨ, ਜਿਸ ਵਿੱਚ ਉਨ੍ਹਾਂ ਨੇ ਪ੍ਰਮਾਣੂ ਪਰੀਖਣ ਮੁੜ ਸ਼ੁਰੂ ਕਰਨ ਦਾ ਹੁਕਮ ਦਿੱਤਾ ਹੈ, ਦੇ ਸੰਦਰਭ ਵਿੱਚ 'ਧਾਰਾ 14.2' ਭਾਰਤ ਨੂੰ ਇਹ ਕਹਿਣ ਦਾ ਮੌਕਾ ਦਿੰਦੀ ਹੈ ਕਿ ਉਹ ਵੀ ਆਪਣੇ 'ਬਦਲੇ ਹੋਏ ਸੁਰੱਖਿਆ ਮਾਹੌਲ' ਕਾਰਨ ਨਵੇਂ ਪ੍ਰਮਾਣੂ ਪਰੀਖਣ ਕਰ ਸਕਦਾ ਹੈ।

ਇਸ ਤੋਂ ਇਲਾਵਾ ਭਾਰਤ ਵੱਲੋਂ ਗੱਲਬਾਤ ਕਰਨ ਵਾਲੀ ਟੀਮ ਨੇ '123 ਸਮਝੌਤੇ' ਵਿੱਚ ਇੱਕ ਮਹੱਤਵਪੂਰਨ ਸੁਰੱਖਿਆ ਮਤਾ ਜੋੜ ਕੇ ਭਾਰਤ ਦੇ ਰਣਨੀਤਕ ਪ੍ਰਮਾਣੂ ਪ੍ਰੋਗਰਾਮ ਨੂੰ ਅਪ੍ਰਤੱਖ ਤੌਰ 'ਤੇ ਸੁਰੱਖਿਅਤ ਕਰ ਲਿਆ। ਸਮਝੌਤੇ ਦੀ ਧਾਰਾ 2.4 ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ "ਇਸ ਸਮਝੌਤੇ ਦਾ ਉਦੇਸ਼ ਸ਼ਾਂਤੀਪੂਰਨ ਪ੍ਰਮਾਣੂ ਸਹਿਯੋਗ ਨੂੰ ਵਧਾਉਣਾ ਹੈ, ਨਾ ਕਿ ਕਿਸੇ ਵੀ ਪੱਖ ਦੀਆਂ ਪ੍ਰਮਾਣੂ ਗਤੀਵਿਧੀਆਂ ਨੂੰ ਪ੍ਰਭਾਵਿਤ ਕਰਨਾ।" ਇਸ ਨਾਲ ਭਾਰਤ ਦਾ ਸੈਨਿਕ ਪ੍ਰਮਾਣੂ ਪ੍ਰੋਗਰਾਮ ਪੂਰੀ ਤਰ੍ਹਾਂ ਸੁਰੱਖਿਅਤ ਰਿਹਾ।

ਹਾਲਾਂਕਿ, ਹੁਣ ਟਰੰਪ ਵੱਲੋਂ ਪ੍ਰਮਾਣੂ ਪਰੀਖਣ ਮੁੜ ਸ਼ੁਰੂ ਕਰਨ ਦੇ ਐਲਾਨ ਨਾਲ ਭਾਰਤ ਵਿੱਚ ਇਸ ਮਸਲੇ 'ਤੇ ਨਵੀਂ ਅਤੇ ਗੰਭੀਰ ਬਹਿਸ ਸ਼ੁਰੂ ਹੋ ਸਕਦੀ ਹੈ। ਕਈ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਐਲਾਨ ਭਾਰਤ ਲਈ ਮੁੜ ਪ੍ਰਮਾਣੂ ਪਰੀਖਣਾਂ ਦਾ ਰਾਹ ਖੋਲ੍ਹ ਸਕਦਾ ਹੈ। ਜੇ ਭਾਰਤ ਅਜਿਹਾ ਕਰਦਾ ਹੈ, ਤਾਂ ਪਾਕਿਸਤਾਨ ਵੀ ਲਾਜ਼ਮੀ ਤੌਰ 'ਤੇ ਉਸੇ ਤਰ੍ਹਾਂ ਦਾ ਕਦਮ ਚੁੱਕੇਗਾ। ਇਸ ਨਾਲ ਦੱਖਣੀ ਏਸ਼ੀਆ ਵਿੱਚ ਪ੍ਰਮਾਣੂ ਸਥਿਰਤਾ 'ਤੇ ਗੰਭੀਰ ਪ੍ਰਭਾਵ ਪਵੇਗਾ ਅਤੇ ਵਿਸ਼ਵ ਪੱਧਰ 'ਤੇ ਪ੍ਰਮਾਣੂ ਹਥਿਆਰਾਂ ਦੀ ਨਵੀਂ ਦੌੜ ਸ਼ੁਰੂ ਹੋ ਸਕਦੀ ਹੈ।


**ਜ਼ਰੂਰੀ**

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ



**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੱਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਪਰਮਜੀਤ ਸਿੰਘ ਸਿੱਧੂ (ਮਹਿਰਾਜ)
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਲਾਲੀ ਧਾਲੀਵਾਲ
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਇੰਦਰ ਹੁੰਜਣ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਹਰਕੇਵਲ ਸਿੰਘ ਲਾਲੀ

ੴ ਘਰਿ ਘਰਿ ਬਾਬਾ ਪੂਜੀਐ ੴ

ਕਲਯੁਗ ਵਿੱਚ ਅਵਤਾਰ ਧਾਰ ਕੇ ਦੁਨੀਆਂ ਦੇ ਲੋਕਾਂ ਨੂੰ
ਸਤਿਨਾਮੁ ਦਾ ਮੰਤਰ ਦ੍ਰਿੜ੍ਹ ਕਰਵਾਉਣ ਅਤੇ ਕਲਯੁਗੀ
ਲੋਕਾਂ ਦਾ ਉਧਾਰ ਕਰਨ ਵਾਲੇ ਪੂਰੇ ਸਤਿਗੁਰ

# ਧੰਨ ਧੰਨ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੀਆਂ ਸਭ ਨੂੰ

# ਲੱਖ ਲੱਖ ਵਧਾਈਆਂ



ਬੇਅੰਤ ਸਿੰਘ ਬੋਪਾਰਾਏ ਤੇ ਨਰਿੰਦਰ ਕੌਰ ਬੋਪਾਰਾਏ
ਗੁਰਪੌਲ ਸਿੰਘ ਬੋਪਾਰਾਏ ਤੇ ਰਿਆਨ ਸਿੰਘ ਬੋਪਾਰਾਏ
(ਮਿਲਵਾਕੀ, ਵਿਸਕਾਨਸਿਨ)

# ਐਡਵੋਕੇਟ ਧਾਮੀ ਮੁੜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ

*...ਸਫਾ ਇੱਕ ਦੀ ਬਾਕੀ ⇒*

ਦੀ ਅੰਤਰਿੰਗ ਕਮੇਟੀ ਵੱਲੋਂ ਪ੍ਰਵਾਨ ਨਹੀਂ ਸੀ ਕੀਤਾ ਗਿਆ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਕੁਝ ਹੋਰ ਆਗੂਆਂ ਨੇ ਉਨ੍ਹਾਂ ਨੂੰ ਅਸਤੀਫਾ ਵਾਪਸ ਲੈਣ ਲਈ ਮਨਾ ਲਿਆ ਸੀ। ਯਾਦ ਰਹੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਇਸ ਚੋਣ ਲਈ ਕੁੱਲ 136 ਵੋਟਾਂ ਪੋਲ ਹੋਈਆਂ, ਜਿਨ੍ਹਾਂ ਵਿੱਚ 117 ਹਰਜਿੰਦਰ ਸਿੰਘ ਧਾਮੀ ਨੂੰ ਪਈਆਂ ਅਤੇ ਵਿਰੋਧੀ ਉਮੀਦਵਾਰ ਮਿੱਠੂ ਸਿੰਘ ਕਾਨ੍ਹੇਕੇ ਨੂੰ 18 ਵੋਟ ਮਿਲੇ, ਜਦਕਿ ਇੱਕ ਵੋਟ ਰੱਦ ਕਰ ਦਿੱਤੀ ਗਈ। ਉਨ੍ਹਾਂ ਤੋਂ ਇਲਾਵਾ ਰਘੂਜੀਤ ਸਿੰਘ ਵਿਰਕ ਨੂੰ ਸੀਨੀਅਰ ਉੱਪ ਪ੍ਰਧਾਨ ਅਤੇ ਬਲਦੇਵ ਸਿੰਘ ਕਲਿਆਨ ਨੂੰ ਜੂਨੀਅਰ ਪ੍ਰਧਾਨ ਚੁਣਿਆ ਗਿਆ ਹੈ।

ਇਸ ਤੋਂ ਇਲਾਵਾ ਅੰਤਰਿੰਗ ਕਮੇਟੀ ਦੇ ਮੈਂਬਰ ਸੁਰਜੀਤ ਸਿੰਘ ਗੜ੍ਹੀ, ਸੁਰਜੀਤ ਸਿੰਘ ਤੁਗਲਵਾਲਾ, ਸੁਰਜੀਤ ਸਿੰਘ ਕੰਗ, ਗੁਰਪ੍ਰੀਤ ਸਿੰਘ ਝੱਬਰ, ਦਲਜੀਤ ਸਿੰਘ ਭਿੰਡਰ, ਹਰਜਿੰਦਰ ਕੌਰ, ਬਲਦੇਵ ਸਿੰਘ ਕਾਇਮਪੁਰੀ, ਮੇਜਰ ਸਿੰਘ ਢਿੱਲੋਂ, ਮਨਵਿੰਦਰ ਸਿੰਘ ਖਾਪਰਖੇੜੀ, ਜੰਗਬਹਾਦਰ ਸਿੰਘ ਰਾਏ ਅਤੇ ਮਿੱਠੂ ਸਿੰਘ ਕਾਨ੍ਹੇਕੇ ਹੋਣਗੇ।

ਸ਼੍ਰੋਮਣੀ ਅਕਾਲੀ ਦਲ ਦੇ ਆਗੂ ਦਲਜੀਤ ਸਿੰਘ ਚੀਮਾ ਅਨੁਸਾਰ ਸੁਖਬੀਰ ਸਿੰਘ ਬਾਦਲ ਨੇ ਸਾਰੇ ਐਸ.ਜੀ.ਪੀ.ਸੀ. ਮੈਂਬਰਾਂ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਪ੍ਰਧਾਨ ਦੇ ਨਾਂ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਬਹੁਗਿਣਤੀ ਮੈਂਬਰ ਉਨ੍ਹਾਂ ਨੂੰ ਪ੍ਰਧਾਨ ਬਣਾਏ ਜਾਣ ਦੇ ਹੱਕ ਵਿੱਚ ਸਨ। ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਤੇਜਾ ਸਿੰਘ ਸਮੁੰਦਰੀ ਹਾਲ ਦੇ ਬਾਹਰ ਇਸ ਚੋਣ ਵਿਰੁਧ ਪ੍ਰਦਰਸ਼ਨ ਕੀਤਾ ਅਤੇ ਕਿਹਾ ਕਿ ਇਹ ਚੋਣ ਗੈਰ-ਕਾਨੂੰਨੀ ਹੈ, ਕਿਉਂਕਿ 2011 ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਨਹੀਂ ਕਰਵਾਈਆਂ ਗਈਆਂ। ਵਿਰੋਧੀ ਦਲ ਦੇ ਆਗੂਆਂ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਸਿੱਖਾਂ ਦੇ ਜਮਹੂਰੀ ਤੇ ਮਨੁੱਖੀ ਅਧਿਕਾਰਾਂ ਨੂੰ ਦਬਾਅ ਰਹੀ ਹੈ।

ਇਸ ਚੋਣ ਦੇ ਨਤੀਜੇ ਵਿੱਚ ਵਿਰੋਧੀ ਧਿਰ ਦੇ ਹੱਕ ਵਿੱਚ ਵੋਟਰਾਂ ਦੀ ਗਿਣਤੀ ਹੋਰ ਘਟ ਗਈ ਹੈ। ਯਾਦ ਰਹੇ, ਬੀਬੀ ਜਗੀਰ ਕੌਰ ਨੇ ਜਦੋਂ ਇਹ ਸਾਲਾਨਾ ਚੋਣ ਲੜੀ ਸੀ ਤਾਂ ਉਨ੍ਹਾਂ ਨੂੰ 42 ਵੋਟਾਂ ਪਈਆਂ ਸਨ। ਇਸ ਵਾਰ ਦਾ ਨਤੀਜਾ ਦਰਸਾਉਂਦਾ ਹੈ ਕਿ ਮਿੱਠੂ ਸਿੰਘ ਕਾਨ੍ਹੇਕੇ ਨੂੰ ਉਮੀਦਵਾਰ ਐਲਾਨਣ ਤੋਂ ਸਿਵਾਏ ਗਿਆਨੀ ਹਰਪ੍ਰੀਤ ਸਿੰਘ ਵਾਲੇ ਧੜੇ ਨੇ ਕਮੇਟੀ ਮੈਂਬਰਾਂ ਨੂੰ ਆਪਣੇ ਹੱਕ ਵਿੱਚ

****ਧਾਮੀ ਨੂੰ 117 ਤੇ ਵਿਰੋਧੀ ਉਮੀਦਵਾਰ ਨੂੰ 18 ਵੋਟਾਂ ਪਈਆਂ***
****ਨਵੇਂ ਅਕਾਲੀ ਦਲ ਨੂੰ ਆਪਣਾ ਵੱਖਰਾ ਪ੍ਰਵਚਨ ਸਿਰਜਣ ਦੀ ਲੋੜ***

ਭੁਗਤਾਉਣ ਲਈ ਕੋਈ ਜ਼ੋਰ ਨਹੀਂ ਲਾਇਆ। ਇਹ ਠੀਕ ਹੈ ਕਿ ਅਕਾਲੀ ਦਲ (ਸੁਧਾਰ ਲਹਿਰ) ਵਾਲੇ ਧੜੇ ਨੇ ਆਪਣਾ ਪ੍ਰਧਾਨ ਅਤੇ ਵਰਕਿੰਗ ਕਮੇਟੀ ਆਦਿ ਤਾਂ ਚੁਣ ਲਏ ਹਨ, ਪਰ ਕਿਸੇ ਬੱਝਵੀਂ ਸਿਆਸੀ ਦਿਸ਼ਾ ਦੀ ਅਣਹੋਂਦ ਵਿੱਚ ਅਤੇ ਰਾਜਨੀਤਿਕ ਨੈਰੇਟਿਵਾਂ ਦੇ ਭੇੜ ਵਿੱਚੋਂ ਲਗਾਤਾਰ ਬਾਹਰ ਰਹਿਣ ਕਰਕੇ ਗਿਆਨੀ ਹਰਪ੍ਰੀਤ ਸਿੰਘ ਵਾਲੇ ਅਕਾਲੀ ਦਲ ਦਾ ਪ੍ਰਭਾਵ ਫਿੱਕਾ ਪੈ ਰਿਹਾ ਹੈ। ਹਾਲੇ ਤੱਕ ਇਹ ਦਲ ਆਪਣਾ ਵਿਜ਼ਨ ਡਾਕੂਮੈਂਟ ਵੀ ਨਹੀਂ ਲਿਆ ਸਕਿਆ। ਇਸ ਦੇ ਆਗੂਆਂ ਵਿੱਚ ਤਾਲਮੇਲ ਅਤੇ ਏਕਤਾ ਦੀ ਵੀ ਘਾਟ ਦਿਸਦੀ ਹੈ। ਗਿਆਨੀ ਹਰਪ੍ਰੀਤ ਸਿੰਘ ਦੇ ਪ੍ਰਧਾਨ ਚੁਣੇ ਜਾਣ ਤੋਂ ਇਕਦਮ ਬਾਅਦ ਪਾਰਟੀ ਅੰਦਰ ਦੋ ਖੇਮੇ ਬਣਨੇ ਸ਼ੁਰੂ ਹੋ ਗਏ ਸਨ। ਇੱਕ ਪਾਸੇ ਪੁਰਾਣੇ ਤੇ ਦਾਗੀ ਰਹੇ ਆਗੂ ਸਨ ਅਤੇ ਦੂਜੇ ਪਾਸੇ ਰੈਡੀਕਲ ਅਕਾਲੀ ਆਗੂਆਂ ਦੀ ਇੱਕ ਧਿਰ ਸਾਹਮਣੇ ਰਹੀ ਸੀ। ਇਸ ਖਿੱਚੋਤਾਣ ਨੇ ਸਮੁੱਚੀ ਲੀਡਰਸ਼ਿਪ ਦੀ ਸਰਗਰਮੀ ਨੂੰ ਸੰਤੁਲਿਤ ਕਰਨ ਦੀ ਥਾਂ ਸੁਸਤ ਕੀਤਾ।

ਬਾਦਲ ਵਿਰੋਧੀ ਅਕਾਲੀ ਦਲਾਂ ਨੂੰ ਇਹ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਰਾਜਨੀਤੀ ਸਮਾਜ ਦਾ ਸਭ ਤੋਂ ਵੱਧ ਸਰਗਰਮੀ ਵਾਲਾ ਖੇਤਰ ਹੈ। ਇੱਥੇ ਹਰ ਦਿਨ ਇੱਕ ਨਵੀਂ ਜੰਗ ਹੁੰਦਾ ਹੈ। ਆਪਣੇ ਆਗੂਆਂ ਦੀ ਚੋਣ ਤੋਂ ਬਾਅਦ ਗਿਆਨੀ ਹਰਪ੍ਰੀਤ ਸਿੰਘ ਹੋਰਾਂ ਨੇ ਬਾਦਲ ਦਲ ਤੋਂ ਵੱਖਰਾ ਇੱਕ ਆਪਣਾ ਪੰਥਕ ਸਿਆਸੀ ਪ੍ਰਵਚਨ ਪੰਜਾਬ ਦੀ ਸਿਆਸੀ ਫਿਜ਼ਾ ਵਿੱਚ ਸਿਰਜਣਾ ਸੀ। ਇਸ ਨਜ਼ਰ ਤੋਂ ਮੀਡੀਆ ਵਿੱਚ ਪੰਜਾਬ ਅਤੇ ਸਿੱਖਾਂ ਬਾਰੇ ਚੱਲ ਰਹੇ ਵੱਖੋ ਵੱਖਰੇ ਪ੍ਰਵਚਨਾਂ ਨੂੰ ਆਪਣੇ ਵੱਖਰੇ ਨੈਰੇਟਿਵ ਨਾਲ ਕਾਟ ਕਰਨਾ ਬੇਹੱਦ ਜ਼ਰੂਰੀ ਹੈ। ਆਧੁਨਿਕ ਰਾਜਨੀਤਿਕ ਦਾ ਯੁੱਧ ਖੇਤਰ ਮੀਡੀਆ ਹੈ। ਜਿੱਥੇ ਸਾਰੇ ਵਿਚਾਰ ਆਪਸ ਵਿੱਚ ਭਿੜਦੇ ਹਨ, ਪਰ ਬਦਕਿਸਮਤੀ ਵੱਸ ਇਸ ਦੇਸ਼ ਅਤੇ ਰਾਜ ਦਾ ਮੀਡੀਆ ਕਿਸੇ ਨਾ ਕਿਸੇ ਰਾਜਨੀਤਿਕ ਧਿਰ ਨਾਲ ਬੱਝਾ ਹੋਇਆ ਹੈ, ਇਸ ਲਈ ਰਾਜਨੀਤਿਕ ਵਿਚਾਰਧਾਰਾਵਾਂ ਦਾ ਭੇੜ ਨਿਰਪੱਖ ਨਹੀਂ ਹੁੰਦਾ। ਇਸ ਸਥਿਤੀ ਵਿੱਚ ਵੱਖ-ਵੱਖ ਸੋਸ਼ਲ ਮੀਡੀਆ ਪਲੈਟਫਾਰਮ ਬੇਹੱਦ ਮਹੱਤਵਪੂਰਨ ਹੋ ਜਾਂਦੇ ਹਨ, ਜਿਨ੍ਹਾਂ 'ਤੇ ਤੁਹਾਡੀ ਸਿਆਸੀ ਪਹੁੰਚ ਦੀ ਤਕਰੀਬਨ ਹਰ ਰੋਜ਼ ਹਾਜ਼ਰੀ ਲੱਗਣੀ ਜ਼ਰੂਰੀ ਹੈ। ਸਿਰਫ ਇੰਨਾ ਹੀ ਨਹੀਂ, ਪੰਜਾਬ ਅਤੇ ਸਿੱਖਾਂ ਪ੍ਰਤੀ ਨਿੱਤ ਉਭਰਦੀਆਂ ਨਾਂਹਮੁਖੀ ਭਾਵਨਾਵਾਂ ਤੇ ਵਿਚਾਰਾਂ ਦਾ ਮੁਕਾਬਲਾ ਕਰਨਾ ਵੀ ਜ਼ਰੂਰੀ ਹੈ। ਇਹ ਇੱਕ ਤਰ੍ਹਾਂ ਨਾਲ ਸਿਰ ਖੜ੍ਹੇ ਦਾ ਖਾਲਸਾ ਹੈ। ਆਪਣੀ ਕਿਸੇ ਵਿਰੋਧੀ ਧਿਰ ਨੂੰ ਚੋਣ ਜਾਂ ਯੁੱਧ ਦੇ ਮੈਦਾਨ ਵਿੱਚ ਹਰਾਉਣ ਤੋਂ ਪਹਿਲਾਂ ਉਸ ਨੂੰ ਆਪਣੇ ਨੈਰੇਟਿਵ ਦੀ ਤਾਕਤ ਨਾਲ ਮਾਤ ਦਿੱਤੀ ਜਾਣੀ ਚਾਹੀਦੀ ਹੈ। ਇਹ ਨੈਰੇਟਿਵ ਆਮ ਲੋਕਾਂ ਵਿੱਚ ਤੁਹਾਡੀ ਪਾਰਟੀ/ਦਲ ਬਾਰੇ ਇਕ ਪ੍ਰਸੈਪਸ਼ਨ ਸਿਰਜਦਾ ਹੈ। ਇਸ ਪ੍ਰਸੈਪਸ਼ਨ ਨੂੰ ਕਾਇਮ ਰੱਖਣ ਲਈ ਪੰਜਾਬ ਦੇ ਸਾਰੇ ਮੁੱਦਿਆਂ ਬਾਰੇ ਇਕ ਸੰਘਰਸ਼ ਵੀ ਫਿਰ ਤੋਂ ਵਿੱਢਣਾ ਪਏਗਾ। ਇਸ ਅਮਲੀ ਸੰਘਰਸ਼ ਤੋਂ ਬਿਨਾ ਕਿਸੇ ਸਿਆਸੀ ਪਾਰਟੀ ਦਾ ਨੈਰੇਟਿਵ ਅਤੇ ਪ੍ਰਸੈਪਸ਼ਨ ਵੀ ਬਹੁਤੀ ਦੇਰ ਤੱਕ ਟਿਕ ਨਹੀਂ ਸਕਦੇ। ਵੱਡੇ ਸੰਘਰਸ਼ਾਂ ਤੋਂ ਬਾਅਦ ਵੀ ਪੰਜਾਬ ਦੇ ਪੁਰਾਣੇ ਮੁੱਦੇ ਨਾ ਸਿਰਫ ਜਿਉਂ ਦੇ ਤਿਉਂ ਖੜ੍ਹੇ ਹਨ, ਸਗੋਂ ਇਨ੍ਹਾਂ ਵਿੱਚ ਪੰਜਾਬ ਦੇ ਵਿਗੜਦੇ ਵਾਤਾਵਰਣ, ਖਣਨ, ਹੜ੍ਹਾਂ ਦੀ ਵਧ ਰਹੀ ਮਾਰ, ਸਰਕਾਰਾਂ ਦੀ ਇਸ ਪ੍ਰਤੀ ਬੇਵਾਸਤਗੀ ਅਤੇ ਵਧ ਰਹੇ ਨਸ਼ਿਆਂ ਦੇ ਮੁੱਦੇ ਨਵੇਂ ਜੁੜ ਗਏ ਹਨ। ਇਸ ਸਾਰੀ ਸਥਿਤੀ ਦੇ ਉਲਟ ਕੇਂਦਰ ਸਰਕਾਰ ਹੋਰ ਵਧੇਰੇ ਕੇਂਦਰੀਕਰਨ ਵੱਲ ਤੁਰ ਰਹੀ ਹੈ। ਪਹਿਲਾਂ ਡੈਮ ਸੇਫਟੀ ਐਕਟ ਰਾਹੀਂ ਬੀ.ਬੀ.ਐਮ.ਬੀ. 'ਤੇ ਕੇਂਦਰੀ ਕੰਟਰੋਲ ਬਣਾ ਕੇ ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਨੂੰ ਆਪਣੇ ਅਧੀਨ ਕਰ ਲਿਆ ਹੈ, ਹੁਣ ਪੰਜਾਬ ਯੂਨੀਵਰਸਿਟੀ ਨੂੰ ਇੱਕ ਡੈਮੋਕਰੇਟਿਕ ਕੰਟਰੋਲ ਵਿੱਚੋਂ ਕੱਢ ਕੇ ਕੇਂਦਰੀ ਬਿਊਰੋਕਰੇਸੀ ਦੇ ਅਧੀਨ ਕਰ ਦਿੱਤਾ ਗਿਆ ਹੈ। ਜੀ.ਐਸ.ਟੀ. ਨੇ ਆਰਥਕ ਤੌਰ 'ਤੇ ਸੂਬੇ ਪਹਿਲਾਂ ਹੀ ਅਪੰਗ ਬਣਾ ਦਿੱਤੇ ਹਨ। ਸਥਿਤੀ 80ਵਿਆਂ ਨਾਲੋਂ ਵੀ ਮਾੜੀ ਹੈ ਅਤੇ ਪੰਜਾਬ ਦੀ ਕਿਸੇ ਵੀ ਸਿਆਸੀ ਧਿਰ ਵੱਲੋਂ ਇਸ ਦਾ ਸੁਆਰ ਕੇ ਵਿਰੋਧ ਨਹੀਂ ਕੀਤਾ ਜਾ ਰਿਹਾ। ਪੰਜਾਬ ਦੇ ਲੋਕਾਂ ਅਤੇ ਸੰਸਥਾਵਾਂ ਦੀਆਂ ਜ਼ਮੀਨਾਂ ਦਾਅ 'ਤੇ ਲੱਗੀਆਂ ਹੋਈਆਂ ਹਨ। ਪਹਿਲਾਂ ਅਕਾਲੀ ਸਰਕਾਰ ਸਰਕਾਰੀ ਜਾਂ ਸੰਸਥਾਵਾਂ ਦੀਆਂ ਜ਼ਮੀਨਾਂ ਵੇਚਦੀ ਰਹੀ ਹੁਣ 'ਆਪ' ਸਰਕਾਰ ਵੀ ਇਹਦੇ ਲਈ ਤਰਲੋ ਮੱਛੀ ਹੋ ਰਹੀ ਹੈ। ਇਹ ਸਾਰੇ ਮਸਲੇ ਨਵੇਂ ਅਕਾਲੀ ਦਲਾਂ ਦੇ ਚੁੱਕਣ ਵਾਲੇ ਹਨ ਅਤੇ ਇਨ੍ਹਾਂ ਖਿਲਾਫ ਇੱਕ ਟਿਕਵਾਂ ਸੰਘਰਸ਼ ਕਰਨ ਦੀ ਲੋੜ ਹੈ। ਅਜਿਹਾ ਨਹੀਂ ਕੀਤਾ ਜਾਂਦਾ ਤਾਂ ਨਾ ਤੇ ਬਾਦਲ ਵਿਰੋਧੀ ਅਕਾਲੀ ਦਲ ਆਪਣੀ ਸਿਆਸੀ ਪੈਂਠ ਬਣਾ ਸਕਣਗੇ ਅਤੇ ਨਾ ਹੀ ਇੱਕ ਵੱਖਰੀ ਸੱਭਿਆਚਾਰਕ ਤੇ ਇਤਿਹਾਸਕ ਹਸਤੀ ਵਜੋਂ ਪੰਜਾਬ ਆਪਣੀ ਹੋਂਦ ਕਾਇਮ ਰੱਖ ਸਕੇਗਾ। ਇਸੇ ਲਈ ਇਸ ਦੌਰ ਵਿੱਚ ਕਿਸੇ ਅਸਲ ਅਕਾਲੀ ਦਲ ਜਾਂ ਖੇਤਰੀ ਪਾਰਟੀ ਦੀ ਅਗਵਾਈ ਪਹਿਲਾਂ ਦੇ ਕਿਸੇ ਵੀ ਸਮੇਂ ਨਾਲੋਂ ਬਿਖ਼ਮ ਕਾਰਜ ਹੈ। ਜਿਹੜਾ ਸਿਰਫ ਮਾਲਾ ਫੇਰਿਆਂ ਹੱਲ ਨਹੀਂ ਹੋਣਾ। ਇਸ ਦੇ ਲਈ ਇੱਕ ਨਿਧੜਕ ਅਤੇ ਯੋਧਿਆਂ ਨਾਲ ਭਰੀ/ਸਜੀ ਸਿਆਸੀ ਜਮਾਤ ਦੀ ਲੋੜ ਹੈ।

HARBIRINDER VIRK
Mortgage Loan Officer
ratebeat MORTGAGE
847-942-9046
harbirv@gmail.com
MLS ID: 2212343
Call For All Your Mortgage Lending Needs!

Prepare for Tomorrow Now With Comprehensive Retirement Planning
■Annuities ■Life Insurance ■Long-Term Care
■Medicare Planning ■Disability Income

Call Gurpreet Singh
Retirement and Insurance Advisor
Cell: 630-677-6144
Email: Preetisingh@ffig.com
FUTURITY FIRST
Retirement | Life | Health
Futurity First Insurance Group

Hiring Local & Midwest Drivers and Dedicated Lanes & Owner Operators

NT corp
4800 Vernon Ave, Ste. C, McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ
HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ

*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

# ਪੰਜਾਬ ਵਿੱਚ 'ਆਪ' ਸਰਕਾਰ ਸਾਹਮਣੇ ਮੁਸੀਬਤਾਂ ਹੀ ਮੁਸੀਬਤਾਂ

**ਮਨੀਸ਼ ਛਿੱਬਰ**

2022 ਦੀਆਂ ਚੋਣਾਂ ਵਿੱਚ ਕੁੱਲ 117 ਵਿਧਾਨ ਸਭਾ ਸੀਟਾਂ ਵਿੱਚੋਂ 92 ਜਿੱਤ ਕੇ ਸੱਤਾ ਵਿੱਚ ਆਉਣ ਤੋਂ ਬਾਅਦ ਹੀ ਪੰਜਾਬ ਵਿੱਚ ਆਮ ਆਦਮੀ ਪਾਰਟੀ (ਆਪ) ਸਰਕਾਰ ਲਗਾਤਾਰ ਮੁਸੀਬਤਾਂ ਵਿੱਚ ਘਿਰੀ ਹੋਈ ਹੈ। ਖਾਲੀ ਖਜ਼ਾਨਾ, ਕੇਂਦਰ ਵਿੱਚ ਬਦਲੇ ਦੀ ਭਾਵਨਾ ਵਾਲੀ ਸਰਕਾਰ, ਆਪਣੇ ਹੀ ਨੇਤਾਵਾਂ ਵਿੱਚ ਝਗੜੇ ਅਤੇ ਨੌਕਰਸ਼ਾਹੀ ਵੱਲ ਡੂੰਘਾ ਅਵਿਸ਼ਵਾਸ- ਇਹ ਸਭ ਮਿਲ ਕੇ ਭਗਵੰਤ ਸਿੰਘ ਮਾਨ ਸਰਕਾਰ ਲਈ ਵੱਡੀ ਸਮੱਸਿਆ ਬਣ ਗਏ ਹਨ। ਹਾਲਾਂਕਿ, ਇਸ ਸਾਲ ਦੀ ਸ਼ੁਰੂਆਤ ਵਿੱਚ ਦਿੱਲੀ ਵਿੱਚ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ 'ਆਪ' ਸਰਕਾਰ ਦੀ ਹਾਰ ਤੋਂ ਬਾਅਦ ਦਿੱਲੀ ਨੇਤਾਵਾਂ ਦਾ ਵਧਦਾ ਪ੍ਰਭਾਵ, ਜਿਸ ਨੂੰ ਜ਼ਿਆਦਾਤਰ ਲੋਕ ਦਖ਼ਲਅੰਦਾਜ਼ੀ ਕਹਿੰਦੇ ਹਨ, ਪੰਜਾਬ ਵਿੱਚ ਪਾਰਟੀ ਦੀਆਂ ਮੁਸੀਬਤਾਂ ਨੂੰ ਹੋਰ ਵਧਾ ਰਿਹਾ ਹੈ। ਕਈ ਸਥਾਨਕ 'ਆਪ' ਨੇਤਾ, ਜਿਨ੍ਹਾਂ ਵਿੱਚ ਮੌਜੂਦਾ ਮੰਤਰੀ ਅਤੇ ਵਿਧਾਇਕ ਵੀ ਸ਼ਾਮਲ ਹਨ, ਪੰਜਾਬ ਸਰਕਾਰ ਦੇ ਮਾਮਲਿਆਂ ਵਿੱਚ ਦਿੱਲੀ ਨੇਤਾਵਾਂ ਦੇ ਵਾਰ-ਵਾਰ ਦਖ਼ਲ ਤੋਂ ਖੁਸ਼ ਨਹੀਂ ਹਨ।

"ਜਦੋਂ ਤੋਂ ਉਹ (ਦਿੱਲੀ ਦੇ 'ਆਪ' ਨੇਤਾ) ਦਿੱਲੀ ਵਿੱਚ ਹਾਰ ਗਏ ਹਨ, ਉਨ੍ਹਾਂ ਚੰਡੀਗੜ੍ਹ ਵਿੱਚ ਡੇਰਾ ਲਾ ਲਿਆ ਹੈ। ਉਹ ਹੀ ਰਾਜ ਸਰਕਾਰ ਚਲਾ ਰਹੇ ਹਨ। ਅਕਸਰ ਚੰਡੀਗੜ੍ਹ ਦੇ ਸੈਕਟਰ-39 ਵਿੱਚ ਮੰਤਰੀਆਂ ਦੇ ਬੰਗਲਿਆਂ ਵਿੱਚ ਬੈਠੇ ਦਿਖਾਈ ਦਿੰਦੇ ਹਨ। ਇਹ ਕੋਈ ਚੰਗੀ ਹਾਲਤ ਨਹੀਂ ਹੈ। ਉਹ ਸ਼ਾਇਦ ਭੁੱਲ ਗਏ ਹਨ ਕਿ ਇਤਿਹਾਸਕ ਤੌਰ 'ਤੇ ਪੰਜਾਬੀ ਆਪਣੇ ਮਾਮਲਿਆਂ ਵਿੱਚ ਦਿੱਲੀ ਦਰਬਾਰ ਦੇ ਦਖ਼ਲ ਨੂੰ ਕਦੇ ਨਹੀਂ ਮੰਨਦੇ। ਅੱਜ ਸਾਡੇ ਸਾਹਮਣੇ ਅਜਿਹੀ ਸਥਿਤੀ ਹੈ ਕਿ ਵੱਡੇ ਅਧਿਕਾਰੀ, ਜੋ ਇਨ੍ਹਾਂ ਦਿੱਲੀ ਨੇਤਾਵਾਂ ਦੇ ਨੇੜੇ ਹੋ ਗਏ ਹਨ, ਪੰਜਾਬ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਮਿਲਣ ਤੋਂ ਵੀ ਇਨਕਾਰ ਕਰ ਰਹੇ ਹਨ। ਉਹ ਜਾਣਦੇ ਹਨ ਕਿ ਅਸਲੀ ਤਾਕਤ ਕਿੱਥੇ ਹੈ। ਮੁੱਖ ਮੰਤਰੀ ਭਗਵੰਤ ਮਾਨ ਦਾ ਚੁੱਪ ਰਹਿਣਾ ਇਨ੍ਹਾਂ ਤਾਕਤਾਂ ਨੂੰ ਹੋਰ ਮਜ਼ਬੂਤ ਕਰ ਰਿਹਾ ਹੈ।" ਨਾਮ ਨਾ ਲਿਖਣ ਦੀ ਸ਼ਰਤ 'ਤੇ ਗੱਲ ਕਰਨ ਵਾਲੇ ਇੱਕ ਮੌਜੂਦਾ 'ਆਪ' ਵਿਧਾਇਕ ਨੇ ਦੁੱਖ ਪ੍ਰਗਟ ਕੀਤਾ। ਇਸ ਵਿਧਾਇਕ ਨੇ ਦਾਅਵਾ ਕੀਤਾ ਕਿ ਉਨ੍ਹਾਂ ਵਰਗੇ ਕਈ ਹੋਰ ਵਿਧਾਇਕਾਂ ਨੇ ਇਸ 'ਚਿੰਤਾਜਨਕ ਰੁਝਾਨ' ਬਾਰੇ ਨੇਤਾਵਾਂ ਨੂੰ ਸ਼ਿਕਾਇਤ ਕੀਤੀ ਸੀ, ਪਰ ਕੋਈ ਫਾਇਦਾ ਨਹੀਂ ਹੋਇਆ।

"ਜਦੋਂ ਦਿੱਲੀ ਦੇ ਨੇਤਾ ਪੰਜਾਬ ਪੁਲਿਸ ਦੀ ਸੁਰੱਖਿਆ ਨਾਲ ਕਾਫ਼ਿਲੇ ਵਿੱਚ ਘੁੰਮਦੇ ਹਨ, ਤਾਂ ਲੋਕ ਵਿਅੰਗ ਨਾਲ



ਵੇਖਦੇ ਹਨ। ਰਾਜਨੀਤੀ ਵਿੱਚ ਅਜਿਹਾ ਵਰਤਾਓ ਮਾਇਨੇ ਰੱਖਦਾ ਹੈ। ਜਦੋਂ ਵੋਟਰ ਨੂੰ ਲੱਗੇ ਕਿ ਹਰ ਫੈਸਲਾ ਬਾਹਰੀ ਲੋਕ ਲੈ ਰਹੇ ਹਨ, ਤਾਂ ਉਹ ਦੂਜੇ ਬਦਲਾਂ ਬਾਰੇ ਸੋਚਣ ਲੱਗ ਪੈਂਦਾ ਹੈ। 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਾਡੇ ਕੋਲ ਅਜੇ ਵੀ ਕੁਝ ਸਮਾਂ ਹੈ, ਪਰ ਅਜਿਹਾ ਹੋਵੇਗਾ ਜਾਂ ਨਹੀਂ, ਇਹ ਤਾਂ ਕੋਈ ਨਹੀਂ ਜਾਣਦਾ।" ਇਸ ਵਿਧਾਇਕ ਨੇ ਕਿਹਾ।

ਇੱਕ ਵੱਡੇ ਆਈ.ਏ.ਐੱਸ. ਅਧਿਕਾਰੀ ਨੇ ਨਾਮ ਨਾ ਲਿਖਣ ਦੀ ਸ਼ਰਤ 'ਤੇ ਦੱਸਿਆ ਕਿ ਕੇਜਰੀਵਾਲ ਦੇ ਮੁੱਖ ਮੰਤਰੀ ਰਹਿਣ ਦੌਰਾਨ ਉਨ੍ਹਾਂ ਨਾਲ ਕੰਮ ਕਰਨ ਵਾਲੇ ਕੁਝ 'ਆਪ' ਹਮਾਇਤੀ ਅਧਿਕਾਰੀਆਂ ਅਤੇ ਅਫਸਰਾਂ ਦਾ ਵਧਦਾ ਪ੍ਰਭਾਵ ਵੀ ਪੰਜਾਬ ਦੇ ਨੇਤਾਵਾਂ ਨਾਲ ਝਗੜੇ ਦਾ ਵਿਸ਼ਾ ਬਣ ਗਿਆ ਹੈ। ਇੱਕ ਵੱਡੇ ਆਈ.ਏ.ਐੱਸ. ਅਧਿਕਾਰੀ ਨੇ ਕਿਹਾ, "ਹਰ ਵੱਡਾ ਫੈਸਲਾ ਦਿੱਲੀ ਵਾਲੇ ਲੈ ਰਹੇ ਹਨ, ਜਿਨ੍ਹਾਂ ਨੂੰ ਪੰਜਾਬ ਦੀਆਂ ਸਮੱਸਿਆਵਾਂ ਬਾਰੇ ਜ਼ਿਆਦਾ ਪਤਾ ਨਹੀਂ। ਉਦਾਹਰਨ ਲਈ ਲਗਾਤਾਰ ਬਾਰਿਸ਼ ਕਾਰਨ ਆਏ ਹੜ੍ਹਾਂ ਨੂੰ ਲੈ ਲਓ। ਸਥਾਨਕ ਵਿਧਾਇਕਾਂ ਅਤੇ ਮੰਤਰੀਆਂ ਦੇ ਕੁਝ ਚੰਗੇ ਯਤਨਾਂ ਨੂੰ ਛੱਡ ਕੇ, ਸਰਕਾਰ ਦੀ ਕਾਰਵਾਈ ਵਿੱਚ ਕਮੀ ਸੀ। ਇਹ ਲੋਕ ਨਹੀਂ ਸਮਝਦੇ ਕਿ ਪੰਜਾਬ ਦਿੱਲੀ ਵਰਗਾ ਕੋਈ ਸ਼ਹਿਰ ਜਾਂ ਰਾਜ ਨਹੀਂ ਹੈ। ਸਾਡੇ ਮੁੱਦੇ ਵੱਖਰੇ ਹਨ, ਸਾਡੇ ਹੱਲ ਵੀ ਵੱਖਰੇ ਹਨ।"

### ਰਾਘਵ ਚੱਢਾ ਦੇ ਨੇੜਲੇ ਨੇਤਾਵਾਂ ਅਤੇ ਅਫਸਰਾਂ ਦਾ ਘਟਦਾ ਪ੍ਰਭਾਵ

ਰਾਘਵ ਚੱਢਾ ਦੇ ਗਾਇਬ ਹੋਣ ਤੋਂ ਬਾਅਦ- ਪਹਿਲਾਂ ਲੋਕ ਸਭਾ ਚੋਣਾਂ ਦੌਰਾਨ, ਸ਼ਾਇਦ ਸਿਹਤ ਕਾਰਨਾਂ ਕਰ ਕੇ ਅਤੇ ਫਿਰ ਅਭਿਨੇਤਰੀ ਪਰੀਣੀਤੀ ਚੋਪੜਾ ਨਾਲ ਵਿਆਹ ਤੋਂ ਬਾਅਦ, ਪੰਜਾਬ ਵਿੱਚ ਉਨ੍ਹਾਂ ਦਾ ਪ੍ਰਭਾਵ ਬਹੁਤ ਘੱਟ ਹੋ ਗਿਆ ਹੈ। ਨਤੀਜੇ ਵਜੋਂ, ਉਨ੍ਹਾਂ ਦੇ ਨੇੜਲੇ ਮੰਨੇ ਜਾਂਦੇ ਅਫਸਰਾਂ ਅਤੇ ਨੇਤਾਵਾਂ, ਜਿਨ੍ਹਾਂ ਵਿੱਚੋਂ ਕਈ ਰਾਜ ਸਰਕਾਰ ਵਿੱਚ ਵੱਡੇ ਥਾਵਾਂ 'ਤੇ ਹਨ, ਨੂੰ ਵੀ ਸਿਸਟਮ ਵਿੱਚੋਂ ਹਟਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਹਾਲਾਂਕਿ ਇਨ੍ਹਾਂ ਵਿੱਚੋਂ ਕੁਝ ਲੋਕਾਂ ਨੇ ਸੱਤਾ ਕੇਂਦਰਾਂ ਨਾਲ ਨਵੇਂ ਸਬੰਧ ਬਣਾ ਲਏ ਹਨ, ਪਰ ਜ਼ਿਆਦਾਤਰ ਅਗਿਆਤ ਹਾਲਤ ਵਿੱਚ ਹਨ। ਇੱਕ ਨੌਕਰਸ਼ਾਹ ਨੇ ਕਿਹਾ, "ਇਨ੍ਹਾਂ ਲੋਕਾਂ ਵਿਚ ਵਿਸ਼ਵਾਸ ਦੀ ਸਪੱਸ਼ਟ ਕਮੀ ਹੈ। ਨਤੀਜੇ ਵਜੋਂ, ਕੁਝ ਚੰਗੇ ਅਧਿਕਾਰੀਆਂ ਨੂੰ ਅਣਦੇਖਾ ਕੀਤਾ ਜਾ ਰਿਹਾ ਹੈ ਅਤੇ ਉਹ ਸਿਰਫ਼ ਆਪਣਾ ਸਮਾਂ ਬਿਤਾ ਰਹੇ ਹਨ। ਇਹ ਚੰਗੀ ਗੱਲ ਨਹੀਂ ਹੈ।" ਇਸੇ ਅਧਿਕਾਰੀ ਨੇ ਵੱਡੀਆਂ ਥਾਵਾਂ 'ਤੇ ਵਾਰ-ਵਾਰ ਤਬਾਦਲੇ ਅਤੇ ਬਦਲੀ ਨੀਤੀ ਦਾ ਵੀ ਉਦਾਹਰਨ ਦਿੱਤਾ। ਅਧਿਕਾਰੀ ਨੇ ਕਿਹਾ, "ਕੋਈ ਵੀ ਆਪਣੀ ਜਗ੍ਹਾ ਬਾਰੇ ਪੱਕਾ ਨਹੀਂ। ਪਿਛਲੇ ਤਿੰਨ ਸਾਲਾਂ ਵਿੱਚ ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ ਦੀ ਅਗਵਾਈ ਕਿੰਨੇ ਲੋਕਾਂ ਨੇ ਕੀਤੀ ਹੈ, ਇਹ ਵੇਖੋ ਅਤੇ ਸਮਝ ਜਾਓ ਕਿ ਮੈਂ ਕੀ ਕਹਿ ਰਿਹਾ ਹਾਂ। ਐਡਵੋਕੇਟ ਜਨਰਲ (ਏ.ਜੀ.) ਦੀ ਪੋਸਟ ਦੇਖੋ। ਮੌਜੂਦਾ ਏ.ਜੀ. ਮਨਿੰਦਰਜੀਤ ਸਿੰਘ ਬੇਦੀ, ਭਗਵੰਤ ਮਾਨ ਵਾਲੀ 'ਆਪ' ਸਰਕਾਰ ਦੇ ਤਿੰਨ ਸਾਲਾਂ ਵਿੱਚ ਚੌਥੇ ਏ.ਜੀ. ਹਨ। ਪਰ ਜ਼ਿਆਦਾ ਦਿਲਚਸਪ ਗੱਲ ਇਹ ਹੈ ਕਿ ਉਨ੍ਹਾਂ ਤੋਂ ਪਹਿਲਾਂ ਵਾਲੇ ਗੁਰਮਿੰਦਰ ਸਿੰਘ, ਜਿਨ੍ਹਾਂ ਨੇ ਇਸ ਸਾਲ ਮਾਰਚ ਵਿੱਚ ਅਸਤੀਫਾ ਦਿੱਤਾ ਸੀ, ਸਾਰੇ ਵੱਡੇ ਮਾਮਲਿਆਂ ਵਿੱਚ ਮਾਨ ਸਰਕਾਰ ਦੇ ਪਸੰਦੀਦਾ ਵਕੀਲ ਬਣੇ ਹੋਏ ਹਨ।"

### ਵਿੱਤੀ ਸੰਕਟ

ਪੰਜਾਬ ਦਹਾਕਿਆਂ ਤੋਂ ਆਪਣੇ ਬੁਨਿਆਦੀ ਢਾਂਚੇ ਲਈ ਜਾਣਿਆ ਜਾਂਦਾ ਰਿਹਾ ਹੈ। ਹੁਣ ਇਹ ਗੱਲ ਪੁਰਾਣੀ ਹੋ ਗਈ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਗੰਭੀਰ ਵਿੱਤੀ ਸੰਕਟ ਨੇ ਸਰਕਾਰ ਨੂੰ ਮਜਬੂਰ ਕਰ ਦਿੱਤਾ ਹੈ ਅਤੇ ਕਈ ਵਿਕਾਸ ਪ੍ਰੋਜੈਕਟ ਜਾਂ ਤਾਂ ਸ਼ੁਰੂ ਹੀ ਨਹੀਂ ਹੋਏ ਜਾਂ ਰੁਕੇ ਪਏ ਹਨ। ਰਾਜ ਦੀ ਖ਼ਰਾਬ ਵਿੱਤੀ ਹਾਲਤ ਕਾਰਨ 'ਆਪ' ਦੇ ਕਈ ਚੋਣ ਵਾਅਦੇ ਵੀ ਚੰਗੀ ਤਰ੍ਹਾਂ ਨਹੀਂ ਨਿਭਾਏ ਗਏ ਹਨ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸਖ਼ਤ ਇਤਰਾਜ਼ ਤੋਂ ਬਾਅਦ ਮਾਨ ਸਰਕਾਰ ਨੇ ਅਗਸਤ ਵਿੱਚ ਆਪਣੀ ਵਿਵਾਦਗ੍ਰਸਤ ਲੈਂਡ ਪੂਲਿੰਗ ਨੀਤੀ ਵਾਪਸ ਲੈ ਲਈ ਸੀ, ਜਿਸ ਨਾਲ ਉਸ ਕੋਲ ਰਾਜ ਦੇ ਬਿਜਲੀ ਨਿਗਮ ਦੀ ਮਾਲਕੀ ਵਾਲੀ ਜਾਇਦਾਦ ਵੇਚਣ ਅਤੇ ਵਧੇਰੇ ਆਮਦਨ ਲਈ ਸਰਕਾਰੀ ਜ਼ਮੀਨਾਂ ਵੇਚਣ ਦਾ ਇੱਕੋ-ਇੱਕ ਬਦਲ ਬਚਿਆ ਹੈ। ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਨੇਤਾ ਅਤੇ ਕਾਂਗਰਸ ਵਿਧਾਇਕ ਪ੍ਰਤਾਪ ਸਿੰਘ ਬਾਜਵਾ ਕਹਿੰਦੇ ਹਨ, "ਇਹ ਭਗਵੰਤ ਮਾਨ ਦੀ ਸਰਕਾਰ ਨਹੀਂ ਹੈ; ਪੰਜਾਬ ਵਿੱਚ ਗੈਂਗਸਟਰਾਂ ਦਾ ਬੋਲਬਾਲਾ ਹੈ। ਸਰਕਾਰ ਕਿੰਨੇ ਦਿਨ ਜਾਇਦਾਦਾਂ ਦੀ ਨਿਲਾਮੀ ਕਰ ਕੇ ਆਪਣੇ ਵਿੱਤੀ ਖ਼ਰਾਬ ਪ੍ਰਬੰਧਨ ਨਾਲ ਸਿੱਝੇਗੀ? ਰਾਜ ਕਰਜ਼ੇ ਦੇ ਜਾਲ ਵਿੱਚ ਫਸ ਰਿਹਾ ਹੈ। ਅਜਿਹਾ ਲੱਗ ਰਿਹਾ ਹੈ ਜਿਵੇਂ ਉਹ ('ਆਪ' ਨੇਤਾ) ਸਿਰਫ਼ ਆਪਣਾ ਕਾਰਜਕਾਲ ਖ਼ਤਮ ਹੋਣ ਦਾ ਇੰਤਜ਼ਾਰ ਕਰ ਰਹੇ ਹਨ। ਨਾਜਾਇਜ਼ ਮਾਈਨਿੰਗ ਰੋਕਣ ਦੇ ਉਨ੍ਹਾਂ ਦੇ ਐਲਾਨ ਦਾ ਕੀ ਹੋਇਆ? ਅਸੀਂ ਸਥਾਨਕ ਅਫਸਰਾਂ ਦੀ ਮਿਲੀਭੁਗਤ ਨਾਲ ਹੋਣ ਵਾਲੀ ਨਾਜਾਇਜ਼ ਮਾਈਨਿੰਗ ਦੇ ਸਬੂਤ ਦਿੱਤੇ ਹਨ, ਪਰ ਕੋਈ ਕਾਰਵਾਈ ਨਹੀਂ ਹੋਈ। ਕੀ ਇਸ ਨਾਲ ਇਹ ਨਹੀਂ ਪਤਾ ਲੱਗਦਾ ਕਿ 'ਆਪ' ਸਰਕਾਰ ਇਨ੍ਹਾਂ ਤੱਤਾਂ ਨਾਲ ਮਿਲੀ ਹੋਈ ਹੈ? ਅਤੇ ਜੋ ਪਾਰਟੀ ਪਾਰਦਰਸ਼ਤਾ ਅਤੇ ਬੋਲਣ ਦੀ ਆਜ਼ਾਦੀ ਦੀ ਪੈਰਵੀ ਕਰਨ ਦਾ ਦਾਅਵਾ ਕਰਦੀ ਹੈ, ਉਸ ਸਰਕਾਰ ਨੇ ਸਵਾਲ ਪੁੱਛਣ ਵਾਲੇ ਸੁਤੰਤਰ ਮੀਡੀਆ 'ਤੇ ਸ਼ਿਕੰਜਾ ਕੱਸਣ ਲਈ ਜੋ ਕਦਮ ਚੁੱਕੇ ਹਨ, ਉਹ ਵੇਖੋ। ਕੀ ਇਹੀ ਸ਼ਾਸਨ ਦਾ ਉਹ ਮਾਡਲ ਹੈ, ਜਿਸ ਦਾ ਵਾਅਦਾ ਅਰਵਿੰਦ ਕੇਜਰੀਵਾਲ ਨੇ ਕੀਤਾ ਸੀ?"

ਅਗਲੇ ਸਾਲ ਦੀ ਸ਼ੁਰੂਆਤ ਵਿੱਚ ਸਥਾਨਕ ਨਿਗਮ ਚੋਣਾਂ ਹੋਣ ਦੀ ਸੰਭਾਵਨਾ ਨਾਲ 'ਆਪ' ਨੇਤਾ ਆਪਣਾ ਅਕਸ ਸੁਧਾਰਨ ਦੇ ਤਰੀਕਿਆਂ ਬਾਰੇ ਸੋਚ ਰਹੇ ਹਨ। ਪਰ ਸਥਾਨਕ ਆਪ ਨੇਤਾ ਵੀ ਮੰਨਦੇ ਹਨ ਕਿ ਇਹ ਵੱਡੀ ਚੁਣੌਤੀ ਹੋਵੇਗੀ। ਇੱਕ ਵਿਧਾਇਕ ਨੇ ਕਿਹਾ, "ਜਦੋਂ ਤੱਕ ਕੁਝ ਸਖ਼ਤ ਕਦਮ ਨਹੀਂ ਚੁੱਕੇ ਜਾਂਦੇ, ਕੁੱਝ ਨਹੀਂ ਬਦਲੇਗਾ।"

# ਭਾਰਤ ਵਿੱਚ ਵਿਦੇਸ਼ੀ ਯੂਨੀਵਰਸਿਟੀਆਂ ਦੀ ਆਮਦ: ਚਿੰਤਾਵਾਂ ਤੇ ਸਵਾਲ

**ਸੱਚੋ-ਸੱਚ**



**ਅਪੂਰਵਾਨੰਦ**
*ਦਿੱਲੀ ਯੂਨੀਵਰਸਿਟੀ 'ਚ ਅਧਿਆਪਕ*

ਬ੍ਰਿਟੇਨ ਦੀਆਂ ਅੱਠ ਹੋਰ ਯੂਨੀਵਰਸਿਟੀਆਂ ਭਾਰਤ ਵਿੱਚ ਆਪਣੀਆਂ ਬਰਾਂਚਾਂ ਸ਼ੁਰੂ ਕਰਨ ਵਾਲੀਆਂ ਹਨ। ਇਸ ਖ਼ਬਰ ਤੋਂ ਬਾਅਦ ਆਲੋਚਨਾਵਾਂ ਸ਼ੁਰੂ ਹੋ ਗਈਆਂ, ਪਰ ਯੂਨੀਵਰਸਿਟੀ ਆਫ਼ ਸਾਊਥੈਂਪਟਨ ਦੀ ਬਰਾਂਚ ਗੁੜਗਾਵਾਂ ਵਿੱਚ ਪਹਿਲਾਂ ਹੀ ਬਣ ਚੁੱਕੀ ਹੈ। ਹੁਣ ਬੈਂਗਲੁਰੂ ਵਿੱਚ ਯੂਨੀਵਰਸਿਟੀ ਆਫ਼ ਲਿਵਰਪੂਲ ਅਤੇ ਲੈਂਕਾਸਟਰ ਯੂਨੀਵਰਸਿਟੀ, ਮੁੰਬਈ ਵਿੱਚ ਯੂਨੀਵਰਸਿਟੀ ਆਫ਼ ਯਾਰਕ, ਯੂਨੀਵਰਸਿਟੀ ਆਫ਼ ਐਬਰਡੀਨ ਅਤੇ ਯੂਨੀਵਰਸਿਟੀ ਆਫ਼ ਬ੍ਰਿਸਟਲ, ਗਿਫਟ ਸਿਟੀ, ਗਾਂਧੀਨਗਰ ਵਿੱਚ ਕੁਇਨਜ਼ ਯੂਨੀਵਰਸਿਟੀ ਆਫ਼ ਬੈਲਫਾਸਟ, ਕੋਵੈਂਟਰੀ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਆਫ਼ ਸਰੇ ਨੂੰ ਬਰਾਂਚ ਖੋਲ੍ਹਣ ਦੀ ਇਜਾਜ਼ਤ ਮਿਲ ਗਈ ਹੈ।

ਭਾਰਤ ਤੇ ਬ੍ਰਿਟੇਨ ਦੇ ਪ੍ਰਧਾਨ ਮੰਤਰੀਆਂ ਦੀ ਮੁਲਾਕਾਤ ਤੋਂ ਬਾਅਦ ਦੋਹਾਂ ਨੇ ਇਸ ਦਾ ਐਲਾਨ ਕੀਤਾ ਤੇ ਖੁਸ਼ੀ ਜ਼ਾਹਰ ਕੀਤੀ। ਬ੍ਰਿਟੇਨ ਦੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਬ੍ਰਿਟੇਨ ਹੁਣ ਭਾਰਤ ਵਿੱਚ ਉੱਚ ਸਿੱਖਿਆ ਦੇਣ ਵਾਲਾ ਸਭ ਤੋਂ ਵੱਡਾ ਦੇਸ਼ ਬਣ ਗਿਆ ਹੈ। ਬ੍ਰਿਟੇਨ ਦੇ ਪ੍ਰਧਾਨ ਮੰਤਰੀ ਦੀ ਖੁਸ਼ੀ ਦੀ ਅਸਲ ਵਜ੍ਹਾ ਆਰਥਿਕ ਹੈ। ਉਨ੍ਹਾਂ ਨੇ ਦੱਸਿਆ ਕਿ ਭਾਰਤ ਵਿੱਚ ਬ੍ਰਿਟਿਸ਼ ਸਿੱਖਿਆ ਸੰਸਥਾਵਾਂ ਦੇ ਵਿਸਥਾਰ ਨਾਲ ਲਗਭਗ 50 ਮਿਲੀਅਨ ਪਾਊਂਡ, ਯਾਨੀ 535 ਕਰੋੜ ਰੁਪਏ ਦੀ ਕਮਾਈ ਹੋਵੇਗੀ। ਬ੍ਰਿਟੇਨ ਦੀ ਕਮਜ਼ੋਰ ਅਰਥ ਵਿਵਸਥਾ ਲਈ ਇਹ ਰਕਮ ਅਹਿਮ ਹੈ। ਬ੍ਰਿਟੇਨ ਨੂੰ ਹੋਰ ਵੀ ਫਾਇਦੇ ਹਨ।

ਪਿਛਲੇ ਕੁਝ ਸਾਲਾਂ ਵਿੱਚ ਬ੍ਰਿਟੇਨ ਵਿੱਚ ਵਿਦੇਸ਼ੀਆਂ ਨੂੰ ਲੈ ਕੇ ਚਿੰਤਾ ਵਧੀ ਹੈ ਅਤੇ ਉਨ੍ਹਾਂ ਦੀ ਗਿਣਤੀ ਘਟਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਬਹੁਤ ਵਿਦਿਆਰਥੀ ਪੜ੍ਹਨ ਜਾਂਦੇ ਹਨ ਅਤੇ ਫਿਰ ਨੌਕਰੀ ਲਈ ਉੱਥੇ ਹੀ ਰਹਿ ਜਾਂਦੇ ਹਨ। ਨੌਕਰੀ ਵੀਜ਼ਾ ਵਾਲਿਆਂ ਦੀ ਗਿਣਤੀ ਵਧ ਰਹੀ ਹੈ। ਬ੍ਰਿਟੇਨ ਦੀ ਸਰਕਾਰ ਇਸ ਨੂੰ ਰੋਕਣਾ ਚਾਹੁੰਦੀ ਹੈ। ਪਰ ਜੇ ਵੀਜ਼ੇ ਰੋਕ ਦਿੱਤੇ ਗਏ ਤਾਂ ਵਿਦੇਸ਼ੀ ਵਿਦਿਆਰਥੀਆਂ ਤੋਂ ਹੋਣ ਵਾਲੀ ਕਮਾਈ ਦੀ ਘਾਟ ਕਿਵੇਂ ਪੂਰੀ ਹੋਵੇ? ਇਹ ਕਮਾਈ ਜ਼ਿਆਦਾਤਰ ਭਾਰਤੀ ਵਿਦਿਆਰਥੀਆਂ ਤੋਂ ਆਉਂਦੀ ਹੈ। ਉਨ੍ਹਾਂ ਦੀ ਗਿਣਤੀ ਚੀਨੀ ਵਿਦਿਆਰਥੀਆਂ ਤੋਂ ਵੀ ਵੱਧ ਹੋ ਗਈ ਹੈ। ਬ੍ਰਿਟੇਨ ਪੈਸੇ ਚਾਹੁੰਦਾ ਹੈ, ਪਰ ਪੜ੍ਹਾਈ ਤੋਂ ਬਾਅਦ ਉਥੇ ਰੁਕਣ ਨਹੀਂ ਦੇਣਾ ਚਾਹੁੰਦਾ।

ਭਾਰਤੀ ਵਿਦਿਆਰਥੀਆਂ ਲਈ ਬ੍ਰਿਟੇਨ ਜਾਣ ਦਾ ਆਕਰਸ਼ਣ ਉੱਥੇ ਕਮਾਈ ਅਤੇ ਬਿਹਤਰ ਜੀਵਨ ਹੈ। ਅਜਿਹੇ ਲੋਕਾਂ ਦੀ ਗਿਣਤੀ ਪਿਛਲੇ ਦਹਾਕੇ ਵਿੱਚ ਕਈ ਗੁਣਾਂ ਵਧ ਗਈ ਹੈ। ਭਾਰਤ ਵਿੱਚ ਵਲਾਇਤੀ ਡਿਗਰੀ ਦੀ ਚਾਹਨਾ ਨੂੰ ਵਰਤ ਕੇ ਬ੍ਰਿਟਿਸ਼ ਯੂਨੀਵਰਸਿਟੀਆਂ ਨੇ ਘੱਟ ਅਕਾਦਮਿਕ ਮੁੱਲ ਵਾਲੇ ਪਾਠਕ੍ਰਮ ਸ਼ੁਰੂ ਕੀਤੇ ਹਨ। ਬ੍ਰਿਟੇਨ 'ਚ ਵੀ ਇਸ ਦੀ ਆਲੋਚਨਾ ਹੋਈ ਹੈ, ਪਰ ਬ੍ਰਿਟੇਨ ਅਤੇ ਭਾਰਤ ਦੀਆਂ ਸਰਕਾਰਾਂ ਨੂੰ ਗੁਣਵੱਤਾ ਤੋਂ ਵੱਧ ਹੋਰ ਚਿੰਤਾਵਾਂ ਹਨ। ਇੱਕ ਪਾਸੇ ਅਧਿਆਪਕ ਕੱਢਣਾ, ਦੂਜੇ ਪਾਸੇ ਪੈਸੇ ਲਈ ਸ਼ੱਕੀ ਪਾਠਕ੍ਰਮ, ਜੋ ਭਾਰਤੀ ਵਿਦਿਆਰਥੀਆਂ ਨਾਲ ਚੱਲਦੇ ਹਨ।

ਵੀਜ਼ਾ ਨਿਯਮਾਂ ਦੀ ਸਖ਼ਤੀ ਨਾਲ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਘੱਟ ਹੋ ਰਹੀ ਹੈ। ਹੱਲ ਇਹ ਹੈ ਕਿ ਉਨ੍ਹਾਂ ਦੇਸ਼ਾਂ ਵਿੱਚ ਬਰਾਂਚਾਂ ਖੋਲ੍ਹੋ, ਜਿੱਥੋਂ ਵਿਦਿਆਰਥੀ ਆਉਂਦੇ ਹਨ। ਇਹ ਬ੍ਰਿਟੇਨ ਲਈ ਫਾਇਦੇਮੰਦ ਹੈ- ਘੱਟ ਖਰਚ, ਘਰ ਵਾਂਗ ਤਨਖਾਹਾਂ ਪਰ ਰੱਖ-ਰਖਾਵ ਨਹੀਂ, ਅਤੇ ਮੁਨਾਫ਼ਾ ਬ੍ਰਿਟੇਨ ਲੈ ਜਾਣਾ। ਆਰਥਿਕ ਤੌਰ 'ਤੇ ਇਹ ਲਾਭਕਾਰੀ ਵਪਾਰ ਹੈ। ਭਾਰਤ ਨੂੰ ਕੀ ਮਿਲੇਗਾ, ਪ੍ਰਧਾਨ ਮੰਤਰੀ ਨੇ ਨਹੀਂ ਦੱਸਿਆ।

ਨੀਤੀ ਆਯੋਗ, ਯੂਨੀਵਰਸਿਟੀ ਆਯੋਗ ਅਤੇ ਸਿੱਖਿਆ ਵਿਭਾਗ ਦੇ ਦਸਤਾਵੇਜ਼ਾਂ ਅਨੁਸਾਰ ਵਿਦੇਸ਼ੀ ਯੂਨੀਵਰਸਿਟੀਆਂ ਬੁਲਾਉਣ ਨਾਲ ਭਾਰਤੀ ਵਿਦਿਆਰਥੀਆਂ ਨੂੰ ਵਿਸ਼ਵ-ਪੱਧਰੀ ਸਿੱਖਿਆ ਮਿਲੇਗੀ। ਦੂਜਾ ਫਾਇਦਾ ਵਿਦੇਸ਼ੀ ਮੁਦਰਾ ਦੀ ਬਚਤ- ਪੈਸਾ ਭਾਰਤ ਵਿੱਚ ਰਹੇਗਾ, ਘੱਟ ਫੀਸ ਅਤੇ ਯਾਤਰਾ ਖਰਚ ਬਚੇਗਾ।

ਸਰਕਾਰ ਕਹਿੰਦੀ ਹੈ ਕਿ ਭਾਰਤ ਸਿੱਖਿਆ ਦਾ ਅੱਡਾ ਬਣ ਜਾਵੇਗਾ। ਇਸ ਦਾ ਅਰਥ ਹੈ ਕਿ ਹੋਰ ਦੇਸ਼ਾਂ ਤੋਂ ਵਿਦਿਆਰਥੀ ਆਉਣਗੇ, ਪਰ ਵਿਦੇਸ਼ੀ ਯੂਨੀਵਰਸਿਟੀਆਂ ਦੀਆਂ ਬਰਾਂਚਾਂ ਖੋਲ੍ਹਣ ਨਾਲ ਭਾਰਤ ਵਿੱਚ ਅਮੀਰ ਵਰਗ ਨੂੰ ਟਾਰਗੇਟ ਕੀਤਾ ਜਾ ਰਿਹਾ ਹੈ, ਜੋ ਵਿਦੇਸ਼ੀ ਡਿਗਰੀ ਲਈ ਪੈਸਾ ਖਰਚ ਕਰ ਸਕਦੇ ਹਨ। ਇਹ ਵਪਾਰ ਵਧਾਏਗਾ, ਪਰ ਸਿੱਖਿਆ ਕੇਂਦਰ ਨਹੀਂ ਬਣਾਵੇਗਾ। ਅਮਰੀਕਾ ਅਤੇ ਬ੍ਰਿਟੇਨ ਆਪਣੇ-ਆਪ ਨੂੰ ਕੇਂਦਰ ਕਹਿ ਸਕਦੇ ਸਨ, ਪਰ ਟਰੰਪ ਤੋਂ ਬਾਅਦ ਅਮਰੀਕਾ ਦਾ ਆਕਰਸ਼ਣ ਘੱਟ ਹੋ ਰਿਹਾ ਹੈ। ਵਧੀਆ ਅਧਿਆਪਕ ਵੀ ਜਾ ਰਹੇ ਹਨ। ਅਮਰੀਕਾ ਦੀ ਸ਼ਕਤੀ ਖੁਦਮੁਖ਼ਤਿਆਰੀ ਸੀ, ਜੋ ਹੁਣ ਘੱਟ ਹੋ ਰਹੀ ਹੈ। ਬਿਨਾਂ ਖੁਦਮੁਖ਼ਤਿਆਰੀ ਦੇ ਗਿਆਨ ਦੀ ਉਸਾਰੀ ਅਸੰਭਵ ਹੈ।



ਖੋਜ, ਪਾਠਕ੍ਰਮ, ਚਰਚਾ, ਅਧਿਆਪਕ ਚੋਣ, ਵਿਦਿਆਰਥੀ ਭਰਤੀ ਅਤੇ ਕੈਂਪਸ ਗਤੀਵਿਧੀਆਂ ਵਿੱਚ ਖੁਦਮੁਖ਼ਤਿਆਰੀ ਬਿਨਾ ਗਿਆਨ ਪ੍ਰਸਾਰ ਨਹੀਂ ਹੋ ਸਕਦਾ। ਅਮਰੀਕਾ-ਬ੍ਰਿਟੇਨ ਵਿੱਚ ਨਵੇਂ ਕੰਟਰੋਲ ਨਾਲ ਆਕਰਸ਼ਣ ਘਟ ਰਿਹਾ ਹੈ। ਸਵਾਲ ਹੈ ਕਿ ਕੀ ਭਾਰਤ ਵਿੱਚ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਇਹ ਖੁਦਮੁਖ਼ਤਿਆਰੀ ਮਿਲੇਗੀ?

ਸਰਕਾਰ ਨੇ ਵਾਅਦਾ ਕੀਤਾ ਹੈ ਕਿ ਭਾਰਤੀ ਕਾਨੂੰਨਾਂ ਅੰਦਰ ਖੁਦਮੁਖ਼ਤਿਆਰੀ ਮਿਲੇਗੀ। ਇਸ ਦਾ ਸਵਾਗਤ ਹੈ। ਭਾਰਤੀ ਨਿੱਜੀ ਯੂਨੀਵਰਸਿਟੀਆਂ ਨੂੰ ਵੀ ਇਹ ਮਿਲੀ ਹੈ- ਅਧਿਆਪਕ ਆਪਣੇ ਪਾਠਕ੍ਰਮ ਬਣਾ ਸਕਦੇ ਹਨ ਅਤੇ ਅਧਿਆਪਕ ਚੁਣ ਸਕਦੇ ਹਨ; ਪਰ ਹਰ ਵਿਸ਼ੇ ਵਿੱਚ ਭਾਰਤੀ ਗਿਆਨ ਪਰੰਪਰਾ ਲਾਗੂ ਕਰਨ ਦਾ ਹੁਕਮ ਹੈ। ਕੀ ਵਿਦੇਸ਼ੀ ਯੂਨੀਵਰਸਿਟੀਆਂ ਲਈ ਵੀ ਇਹ ਲਾਜ਼ਮੀ ਹੋਵੇਗਾ? ਜੇ ਨਹੀਂ ਤਾਂ ਪਟਨਾ, ਮਦਰਾਸ ਜਾਂ ਦਿੱਲੀ ਯੂਨੀਵਰਸਿਟੀ ਲਈ ਕਿਉਂ? ਵਿਦੇਸ਼ੀ ਯੂਨੀਵਰਸਿਟੀ ਦੇ ਵਿਦਿਆਰਥੀ ਵੀ ਭਾਰਤੀ ਹਨ, ਉਨ੍ਹਾਂ ਨੂੰ ਭਾਰਤੀ ਗਿਆਨ ਤੋਂ ਕਿਉਂ ਵਾਂਝੇ ਰੱਖਿਆ ਜਾਵੇਗਾ?

ਪਿਛਲੇ 10 ਸਾਲਾਂ ਵਿੱਚ ਦਿੱਲੀ ਯੂਨੀਵਰਸਿਟੀ ਜਾਂ ਜੇ.ਐੱਨ.ਯੂ. ਵਿੱਚ ਨਿਯੁਕਤ ਅਧਿਆਪਕਾਂ ਨੂੰ ਵਿਦੇਸ਼ੀ ਯੂਨੀਵਰਸਿਟੀਆਂ ਨਹੀਂ ਬੁਲਾਉਂਦੀਆਂ। ਇਸ ਨਾਲ ਵਿਦੇਸ਼ੀ ਯੂਨੀਵਰਸਿਟੀ ਦੇ ਵਿਦਿਆਰਥੀ ਅਜਿਹੇ ਅਧਿਆਪਕਾਂ ਤੋਂ ਵਾਂਝੇ ਰਹਿਣਗੇ। ਚਿੰਤਾ ਹੈ ਕਿ ਵਿਦੇਸ਼ੀ ਯੂਨੀਵਰਸਿਟੀਆਂ ਵਧੀਆ ਅਧਿਆਪਕ ਲੈ ਜਾਣਗੀਆਂ। ਭਾਰਤੀ ਨਿੱਜੀ ਯੂਨੀਵਰਸਿਟੀਆਂ ਵਿੱਚ ਨਿਯੁਕਤ ਅਧਿਆਪਕਾਂ ਨੂੰ ਜੇ.ਐੱਨ.ਯੂ. ਜਾਂ ਦਿੱਲੀ ਨਹੀਂ ਰੱਖਦੀ। ਇਹ ਨੌਜਵਾਨ ਅਤੇ ਸੀਨੀਅਰ ਅਧਿਆਪਕਾਂ 'ਤੇ ਲਾਗੂ ਹੈ। ਇਸ ਨਾਲ ਸਰਕਾਰੀ ਯੂਨੀਵਰਸਿਟੀਆਂ ਦੀ ਹਾਲਤ ਪਤਾ ਚੱਲਦੀ ਹੈ।


ਵਿਦੇਸ਼ੀ ਸਿੱਖਿਆ ਸੰਸਥਾਵਾਂ ਦੀ ਭਾਰਤ ਵਿੱਚ ਸਥਾਪਨਾ ਕੋਈ ਅੱਲੋਕਾਰ ਨਹੀਂ ਹੈ। ਜੇ ਜੁੱਤੇ, ਫ਼ੋਨ ਜਾਂ ਕਾਰ ਦੇ ਵਿਦੇਸ਼ੀ ਬ੍ਰਾਂਡ ਆ ਸਕਦੇ ਹਨ ਤਾਂ ਸਿੱਖਿਆ ਕਿਉਂ ਨਹੀਂ? ਪੂੰਜੀਵਾਦ ਸਿੱਖਿਆ 'ਤੇ ਵੀ ਲਾਗੂ ਹੋਵੇ। ਸਕੂਲਾਂ ਵਿੱਚ ਵਿਦੇਸ਼ੀ ਬੋਰਡ ਆ ਚੁੱਕੇ ਹਨ ਤਾਂ ਯੂਨੀਵਰਸਿਟੀ ਕਿਉਂ ਨਹੀਂ?

ਇਨ੍ਹਾਂ ਯੂਨੀਵਰਸਿਟੀਆਂ ਵਿੱਚ ਸਿਲੇਬਸ ਮੰਗ ਅਨੁਸਾਰ ਬਣਨਗੇ, ਰਾਸ਼ਟਰਵਾਦ ਪ੍ਰਚਾਰ ਲਈ ਨਹੀਂ। ਹਾਲੇ ਉਨ੍ਹਾਂ ਨੇ ਆਈ.ਟੀ., ਪ੍ਰਬੰਧਨ ਅਤੇ ਤਕਨਾਲੋਜੀ ਵਾਲੇ ਪਾਠਕ੍ਰਮ ਐਲਾਨ ਕੀਤੇ ਹਨ। ਵਿਗਿਆਨ, ਸਮਾਜ ਵਿਗਿਆਨ ਜਾਂ ਮਾਨਵ ਵਿਗਿਆਨ ਵਾਲੇ ਬਾਅਦ ਵਿੱਚ ਹੋਣਗੇ ਜਾਂ ਨਾ ਹੋਣ। ਜੇ ਹੋਏ ਤਾਂ ਸਾਡੀਆਂ ਸਰਵੋਤਮ ਯੂਨੀਵਰਸਿਟੀਆਂ ਨਾਲ ਤੁਲਨਾ ਵਿੱਚ ਗਿਆਨ ਦੀ ਅਸਮਾਨਤਾ ਨਜ਼ਰ ਆਵੇਗੀ।


ਅਸੀਂ ਅਜਿਹੀਆਂ ਗੋਸ਼ਟੀਆਂ ਦੀ ਕਲਪਨਾ ਕਰ ਸਕਦੇ ਹਾਂ ਜਿੱਥੇ ਵਿਦੇਸ਼ੀ ਅਤੇ ਸਾਡੇ ਅਧਿਆਪਕ ਇਕੱਠੇ ਹੋਣ; ਪਰ ਇਹ ਯੂਨੀਵਰਸਿਟੀਆਂ ਆਪਣੇ ਆਲੇ-ਦੁਆਲੇ ਉੱਚੀਆਂ ਦੀਵਾਰਾਂ ਖੜ੍ਹੀਆਂ ਕਰ ਲੈਣਗੀਆਂ ਤਾਂ ਜੋ ਅੰਦਰ ਕੀ ਹੋ ਰਿਹਾ ਹੈ, ਪਤਾ ਨਾ ਲੱਗੇ। ਸਰਕਾਰ ਕਹਿ ਰਹੀ ਹੈ ਕਿ ਸਥਾਨਕ ਸੰਸਥਾਵਾਂ ਨੂੰ ਵਿਦੇਸ਼ੀਆਂ ਤੋਂ ਗੁਣਵੱਤਾ ਅਤੇ ਗਿਆਨ ਦਾ ਪੱਧਰ ਸਿੱਖਣ ਨੂੰ ਮਿਲੇਗਾ। ਯਾਨੀ 11 ਸਾਲਾਂ ਦੇ ਰਾਸ਼ਟਰਵਾਦੀਕਰਨ ਤੋਂ ਬਾਅਦ ਵੀ ਗਿਆਨ ਦਾ ਪਤਾ ਨਹੀਂ ਲੱਗਾ, ਹੁਣ ਇਹ ਵਿਦੇਸ਼ੀਆਂ ਤੋਂ ਸਿੱਖਣਾ ਪੈ ਰਿਹਾ ਹੈ!

# ਬਾਬਾ ਬੁੱਢਾ ਜੀ ਦੀਆਂ ਸੇਵਾਵਾਂ, ਸਿਮਰਨ ਤੇ ਸੰਦੇਸ਼ ਸਬੰਧੀ ਸੈਮੀਨਾਰ

**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਬਾਬਾ ਬੁੱਢਾ ਸਾਹਿਬ ਦੀਆਂ ਸੇਵਾਵਾਂ, ਸਿਮਰਨ ਤੇ ਸੰਦੇਸ਼ ਸਬੰਧੀ ਲੰਘੀ 25 ਅਕਤੂਬਰ ਨੂੰ ਗੁਰਦੁਆਰਾ ਪੈਲਾਟਾਈਨ ਵਿਖੇ ਇੱਕ ਸੈਮੀਨਾਰ ਕਰਵਾਇਆ ਗਿਆ। ਇਹ ਸੈਮੀਨਾਰ ਗੁਰਦੁਆਰਾ ਪੈਲਾਟਾਈਨ ਵਿਖੇ ਕਾਰ ਸੇਵਾ ਦੇ ਮੋਢੀ ਸ. ਸਤਨਾਮ ਸਿੰਘ ਔਲਖ ਦੀ ਅਗਵਾਈ ਹੇਠ ਕਰਵਾਇਆ ਗਿਆ, ਜਿਸ ਦੌਰਾਨ ਬਾਬਾ ਬੁੱਢਾ ਜੀ ਦੀਆਂ ਪਹਿਲੇ ਛੇ ਗੁਰੂ ਸਾਹਿਬਾਨ ਨਾਲ ਸੇਵਾਵਾਂ ਪ੍ਰਤੀ ਜਾਣਕਾਰੀ ਸਾਂਝੀ ਕੀਤੀ ਗਈ।




ਸਤਨਾਮ ਸਿੰਘ ਔਲਖ




ਬਲਵਿੰਦਰ ਸਿੰਘ ਸੋਹਲ



ਡਾ. ਸਵਰਨਜੀਤ ਸਿੰਘ




ਓਂਕਾਰ ਸਿੰਘ ਢਿੱਲੋਂ



ਹਰਕੀਰਤ ਸਿੰਘ ਸੰਧੂ



ਹਰਿੰਦਰਪਾਲ ਸਿੰਘ



ਸੰਤੋਖ ਸਿੰਘ ਭਟਨੂਰਾ

ਸੈਮੀਨਾਰ ਦੀ ਸ਼ੁਰੂਆਤ ਅਰਦਾਸ ਕਰਕੇ ਕੀਤੀ ਗਈ। ਇਸ ਦੌਰਾਨ ਭਾਈਚਾਰੇ ਵਿੱਚੋਂ ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪ੍ਰਗਟਾਏ। ਸ. ਔਲਖ ਨੇ ਦੱਸਿਆ ਕਿ ਸਾਡਾ ਟੀਚਾ ਬਾਬਾ ਬੁੱਢਾ ਜੀ ਦੀਆਂ ਸੇਵਾਵਾਂ ਪ੍ਰਤੀ ਸ਼ਿਕਾਗੋਲੈਂਡ ਦੀ ਸੰਗਤ ਨਾਲ ਜਾਣਕਾਰੀ ਸਾਂਝੀ ਕਰਨਾ ਅਤੇ ਨਿਸ਼ਕਾਮ ਸੇਵਾਵਾਂ ਨਾਲ ਜੋੜਨਾ ਹੈ। ਉਨ੍ਹਾਂ ਦੱਸਿਆ ਕਿ ਸਾਡਾ ਮਕਸਦ ਬਾਬਾ ਜੀ ਦੀ ਅਦੁੱਤੀ ਸੇਵਾ ਉਜਾਗਰ ਕਰਨਾ ਹੈ ਤਾਂ ਜੋ ਸਾਡੇ ਵਿੱਚ ਨਿਸ਼ਕਾਮ ਸੇਵਾ ਦੀ ਭਾਵਨਾ ਪੈਦਾ ਹੋਵੇ ਤੇ ਅਸੀਂ ਵੀ ਇਨ੍ਹਾਂ ਰਾਹਾਂ 'ਤੇ ਤੁਰ ਸਕੀਏ। ਉਨ੍ਹਾਂ ਕਿਹਾ ਕਿ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਵਿੱਚ ਜੋ ਉਪਦੇਸ਼ਿਆ, ਉਸ ਨੂੰ ਪਹਿਲਾਂ ਖੁਦ ਕਮਾਇਆ ਅਤੇ ਸਮੂਹ ਜਗਤ ਨੂੰ ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਦਾ ਉਪਦੇਸ਼ ਦਿੱਤਾ।

ਪੰਜਾਬ ਖੇਤੀਬਾੜੀ ਵਿਭਾਗ ਦੇ ਸਾਬਕਾ ਜੁਆਇੰਟ ਡਾਇਰੈਕਟਰ ਡਾ. ਬਲਵਿੰਦਰ ਸਿੰਘ ਸੋਹਲ ਨੇ ਬਾਬਾ ਬੁੱਢਾ ਜੀ ਦੇ ਜੀਵਨ ਵੇਰਵਿਆਂ ਨੂੰ ਕਾਵਿਕ ਅੰਦਾਜ਼ ਵਿੱਚ ਵਰਨਣ ਕੀਤਾ, ਜਿਹੜਾ ਅਠਾਰਵੀਂ ਸਦੀ ਵਿੱਚ ਲਿਖੇ ਗਏ ਕਲਾਸੀਕਲ ਇਤਿਹਾਸ ਦੀ ਪਰੰਪਰਾ ਨੂੰ ਅੱਗੇ ਤੋਰਨ ਵਾਲਾ ਹੋ ਨਿਬੜਿਆ। ਕਾਵਿਕ ਅੰਦਾਜ਼ ਵਿੱਚ ਬਾਬਾ ਬੁੱਢਾ ਜੀ ਨੂੰ 'ਸਿੱਖੀ ਦੇ ਬੂਟੇ ਨੂੰ ਪੁੰਗਰਨ ਤੋਂ ਫਲਣ ਤੀਕ ਦਾ ਮਾਲੀ' ਬਿਆਨ ਕੀਤਾ ਗਿਆ।

ਡਾ. ਸਵਰਨਜੀਤ ਸਿੰਘ ਨੇ ਕਿਹਾ ਕਿ ਬਾਬਾ ਬੁੱਢਾ ਜੀ ਅਕਾਲ ਪੁਰਖ ਨਾਲ ਜੁੜੀ ਦੂਰ-ਅੰਦੇਸ਼ੀ ਰੂਹ ਸਨ, ਜਿਨ੍ਹਾਂ ਨੇ ਅੰਦਰੂਨੀ ਤੇ ਬਾਹਰੀ ਹਮਲਿਆਂ ਤੋਂ ਸਿੱਖ ਬਣਤਰ ਨੂੰ ਮਹਿਫੂਜ਼ ਰੱਖਣ ਲਈ ਇੱਕ ਢਾਲ ਦਾ ਕਾਰਜ ਕੀਤਾ ਅਤੇ ਧਾਰਮਿਕ ਤੇ ਸਿਆਸੀ ਮੁਹਾਜ ਨੂੰ ਸਿਰਜਣ ਲਈ ਇੱਕ ਅਹਿਮ ਕੜੀ ਦਾ ਕਾਰਜ ਕੀਤਾ। 'ਬਾਬਾ', 'ਸ਼ੇਰ' ਅਤੇ 'ਬਾਜ' ਸ਼ਬਦਾਂ ਨੂੰ ਉਨ੍ਹਾਂ ਨੇ ਤਵਾਰੀਖ ਦੇ ਸੰਦਰਭ ਵਿੱਚ ਉਜਾਗਰ ਕਰਦਿਆਂ 'ਸਿੱਖ' ਸ਼ਬਦ ਨੂੰ ਪ੍ਰਭਾਸ਼ਿਤ ਕੀਤਾ। ਉਨ੍ਹਾਂ ਕਿਹਾ ਕਿ ਬਹੁ-ਪਰਤੀ ਰਾਵਾਂ ਦਾ ਹੋਣਾ ਕੁਦਰਤੀ ਹੈ, ਜੋ ਅਪੂਰਨਤਾ ਤੋਂ ਸੰਪੂਰਨਤਾ ਦੇ ਰਾਹ ਨੂੰ ਸਿਰਜਦੀ ਹੋਈ ਤਕਰਾਰ ਦੀ ਥਾਂ ਰਲ-ਮਿਲ ਕੇ ਗੋਸ਼ਟਿ ਦਾ ਆਗਾਜ਼ ਕਰਦੀ ਹੈ।



ਕਾਰ ਸੇਵਾ ਜਥੇ ਦੇ ਇੱਕ ਹੋਰ ਮੈਂਬਰ ਸ. ਓਂਕਾਰ ਸਿੰਘ ਢਿੱਲੋਂ ਨੇ ਆਪਣੀ ਭਾਵੁਕ ਤਕਰੀਰ ਵਿੱਚ ਬਾਬਾ ਬੁੱਢਾ ਜੀ ਦੀ ਜ਼ਿੰਦਗੀ ਦੀਆਂ ਘਾਲਣਾਵਾਂ ਤੋਂ ਪ੍ਰੇਰਿਤ ਹੋ ਕੇ ਗੁਰਬਾਣੀ ਨਾਲ ਜੁੜਨ ਦਾ ਸੁਨੇਹਾ ਦਿੱਤਾ। ਉਨ੍ਹਾਂ ਕਿਹਾ ਕਿ ਗੁਰਬਾਣੀ ਦਾ ਜਾਪ ਕਰਨਾ, ਸਮਝਣਾ ਤੇ ਗੁਰਬਾਣੀ ਦੇ ਰੰਗ ਵਿੱਚ ਜੀਵਨ ਨੂੰ ਰੰਗਣਾ ਹੀ ਸਾਡਾ ਕਾਰਜ ਹੋਣਾ ਚਾਹੀਦਾ ਹੈ। ਸ. ਹਰਿੰਦਰਪਾਲ ਸਿੰਘ ਨੇ ਬਾਬਾ ਬੁੱਢਾ ਜੀ ਦੀਆਂ ਘਾਲਣਾਵਾਂ ਦੱਸਦਿਆਂ ਬਾਬਾ ਜੀ ਨਾਲ ਸਬੰਧਤ ਦਰਸ਼ਨ ਕੀਤੀਆਂ ਥਾਵਾਂ ਨੂੰ ਸੰਜੀਦਗੀ ਨਾਲ ਸਾਂਝਾ ਕੀਤਾ।

ਗੁਰਦੁਆਰਾ ਪੈਲਾਟਾਈਨ ਦੇ ਧਾਰਮਿਕ ਸਕੱਤਰ ਸ. ਤਰਲੋਚਨ ਸਿੰਘ ਮੁਲਤਾਨੀ ਨੇ ਲਿੰਕ ਇਨੱਕਿਪਿਇਦਆਿੋਰਗ ਅਨੁਸਾਰ ਖੁਲਾਸਾ ਕੀਤਾ ਕਿ ਗੁਰੂ ਨਾਨਕ ਦੇਵ ਜੀ ਨੇ ਬਾਬਾ ਬੁੱਢਾ ਜੀ ਨੂੰ ਸ਼ਾਸ਼ਤਰ ਵਿਦਿਆ ਦੀ ਸਿਖਲਾਈ ਦਿੱਤੀ ਅਤੇ ਬਾਬਾ ਜੀ ਨੇ ਗੁਰੂ ਹਰਗੋਬਿੰਦ ਸਾਹਿਬ ਤੇ ਗੁਰੂ ਤੇਗ ਬਹਾਦੁਰ ਜੀ ਹੋਰਾਂ ਨੂੰ ਬਚਪਨ ਵਿੱਚ ਮਾਰਸ਼ਲ ਆਰਟ ਦੀ ਵਿੱਦਿਆ ਦਿੱਤੀ। ਉਨ੍ਹਾਂ ਦੱਸਿਆ ਕਿ ਬਾਬਾ ਬੁੱਢਾ ਜੀ ਨੇ ਆਪਣੀ ਹਯਾਤੀ ਵਿੱਚ ਪਹਿਲੇ ਛੇ ਗੁਰੂ ਸਾਹਿਬਾਨ ਨਾਲ ਸੇਵਾ ਕੀਤੀ ਅਤੇ ਅੱਠ ਗੁਰੂ ਸਾਹਿਬਾਨ ਦੇ ਦਰਸ਼ਨ ਕੀਤੇ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸ. ਹਰਕੀਰਤ ਸਿੰਘ ਸੰਧੂ ਨੇ ਇਸ ਸੈਮੀਨਾਰ ਤੇ ਬੁਲਾਰਿਆਂ ਦੀ ਤਾਰੀਫ਼ ਕੀਤੀ ਅਤੇ ਕਿਹਾ ਕਿ ਇਸ ਤਰ੍ਹਾਂ ਦੇ ਸੈਮੀਨਾਰ ਪਹਿਲਾਂ ਹੋਣੇ ਚਾਹੀਦੇ ਸਨ, ਪਰ ਦੇਰ ਆਏ ਦਰੁਸਤ ਆਏ। ਇੱਕ ਹੋਰ ਬੁਲਾਰੇ ਸ. ਕਰਮਜੀਤ ਸਿੰਘ ਭਟਨੂਰਾ ਰੁਝੇਵੇਂ ਕਾਰਨ ਪਹੁੰਚ ਨਾ ਸਕੇ, ਪਰ ਉਨ੍ਹਾਂ ਦੀ ਥਾਂ ਉਨ੍ਹਾਂ ਦੇ ਭਰਾ ਸ. ਸੰਤੋਖ ਸਿੰਘ ਭਟਨੂਰਾ ਨੇ ਬਾਬਾ ਬੁੱਢਾ ਜੀ ਦੀਆਂ ਮੁੱਖ ਪ੍ਰਾਪਤੀਆਂ ਦਾ ਜ਼ਿਕਰ ਕੀਤਾ।

ਸ. ਸਤਨਾਮ ਸਿੰਘ ਔਲਖ ਨੇ ਸੈਮੀਨਾਰ ਵਿੱਚ ਆਏ ਬੁਲਾਰਿਆਂ, ਸਰੋਤਿਆਂ ਅਤੇ ਲੋੜੀਂਦਾ ਯੋਗਦਾਨ ਪਾਉਣ ਵਾਲਿਆਂ ਦਾ ਧੰਨਵਾਦ ਕੀਤਾ। ਉਨ੍ਹਾਂ ਅਗਲੇ ਸਾਲ 2026 ਵਿੱਚ ਬਾਬਾ ਬੁੱਢਾ ਸਾਹਿਬ ਦੇ ਜਨਮ ਦਿਹਾੜੇ ਮੌਕੇ ਸੈਮੀਨਾਰ ਸਬੰਧੀ ਅਗਾਊਂ ਮਿਤੀ ਐਲਾਨਣ ਤੇ ਰੂਪਰੇਖਾ ਬਣਾਉਣ ਵਾਸਤੇ ਮੌਜੂਦਾ ਧਾਰਮਿਕ ਸਕੱਤਰ ਅਤੇ ਧਾਰਮਿਕ ਕਮੇਟੀ ਦੇ ਚੇਅਰਮੈਨ ਨੂੰ ਬੇਨਤੀ ਕੀਤੀ ਹੈ।

ਇਸ ਤੋਂ ਇਲਾਵਾ ਸ਼ਿਕਾਗੋਲੈਂਡ ਦੀ ਸਾਧ ਸੰਗਤ ਅਤੇ ਰੰਧਾਵਾ ਪਰਿਵਾਰਾਂ ਦੇ ਸਹਿਯੋਗ ਨਾਲ ਬਾਬਾ ਬੁੱਢਾ ਜੀ ਦੀ ਜਨਮ ਸ਼ਤਾਬਦੀ ਅਤੇ ਬਾਬਾ ਬੁੱਢਾ ਜੀ ਦੀਆਂ ਸੇਵਾਵਾਂ ਸਬੰਧੀ ਅਖੰਡ ਪਾਠ ਕਰਵਾਇਆ ਗਿਆ। ਸਮੂਹ ਸੰਗਤ ਦੇ ਸਹਿਯੋਗ ਨਾਲ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਤਿੰਨੋਂ ਦਿਨ ਗੁਰੂ ਕੇ ਲੰਗਰਾਂ ਦੀ ਅਤੁੱਟ ਸੇਵਾ ਹੁੰਦੀ ਰਹੀ ਅਤੇ ਐਤਵਾਰ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਰਾਗੀ ਸਿੰਘਾਂ ਨੇ ਗੁਰਬਾਣੀ ਕੀਰਤਨ ਕੀਤਾ ਤੇ ਕਥਾਵਾਚਕ ਨੇ ਬਾਬਾ ਬੁੱਢਾ ਜੀ ਦਾ ਸੰਖੇਪ ਵਿੱਚ ਜੀਵਨ ਵੇਰਵੇ ਦੀ ਸਾਂਝ ਪਾਈ। ਇਸ ਸਮਾਗਮ 'ਚ ਸੰਗਤਾਂ ਨੇ ਬਹੁਤ ਯੋਗਦਾਨ ਪਾਇਆ।

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ

ਸਮੂਹ ਸੰਗਤ ਨੂੰ
'ਜਗਤ ਗੁਰੂ ਬਾਬਾ'
ਗੁਰੂ ਨਾਨਕ ਸਾਹਿਬ ਜੀ
ਦੇ ਪ੍ਰਕਾਸ਼ ਪੁਰਬ ਦੀ

ਲੱਖ ਲੱਖ ਵਧਾਈ

ਗੁਰੂ ਨਾਨਕ ਸਾਹਿਬ ਦਾ ਮਿਹਰ ਭਰਿਆ
ਹੱਥ ਸਭਨਾਂ ਦੇ ਸਿਰ ਉਤੇ ਬਣਿਆ ਰਹੇ



ਵੱਲੋਂ: ਬਲਦੇਵ ਸਿੰਘ ਰਾਜੂ ਅਤੇ ਸਮੂਹ ਪਰਿਵਾਰ (ਸ਼ਿਕਾਗੋ)

ੴ

ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ॥
ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ॥

# ‘ਅਕਾਲ ਰੂਪ’ ‘ਇਲਾਹੀ ਜੋਤ ਦੇ ਸਰੂਪ’ ‘ਪੀਰਾਂ ਦੇ ਪੀਰ’ ‘ਸੰਤ ਫਕੀਰ’

# ਧੰਨ ਧੰਨ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਕੁਲ ਲੋਕਾਈ ਨੂੰ

# ਬਹੁਤ ਬਹੁਤ ਵਧਾਈ



ਸ. ਹਰਵਿੰਦਰ ਸਿੰਘ ਘੋਤੜਾ (ਸ਼ਿਕਾਗੋ) ਅਤੇ ਸਮੂਹ ਪਰਿਵਾਰ
ਫੋਨ: 708-228-8520

## ਡਾ. ਆਤਮਜੀਤ ਵੱਲੋਂ 'ਮੈਂ ਨਾਨਕ ਦੀ ਬਾਣੀ ਹਾਂ' ਦਾ ਨਾਟਕੀ ਪਾਠ

# ਗੁਰੂ ਨਾਨਕ ਦੀ ਬਾਣੀ ਅਤੇ ਧਾਰਮਿਕ ਤੇ ਸਮਾਜਿਕ ਤਾਣਾ-ਬਾਣਾ

**ਕੁਲਜੀਤ ਦਿਆਲਪੁਰੀ**



**ਸ਼ਿਕਾਗੋ:** ਪ੍ਰਸਿੱਧ ਨਾਟਕਕਾਰ ਡਾ. ਆਤਮਜੀਤ ਨੇ ਆਪਣੇ ਨਾਟਕ 'ਮੈਂ ਨਾਨਕ ਦੀ ਬਾਣੀ ਹਾਂ' ਦੇ ਬੀਤੇ ਦਿਨੀਂ ਕੀਤੇ ਨਾਟਕੀ ਪਾਠ ਦੇ ਅਖੀਰ ਵਿੱਚ ਤਿੰਨ ਸਵਾਲ ਖੜ੍ਹੇ ਕੀਤੇ: ਪਹਿਲਾ, ਮੈਨੂੰ ਸਮਝਾਇਆ ਜਾਵੇ ਕਿ ਕਿਉਂ ਭਾਈ ਮਰਦਾਨਾ ਦੇ ਵੰਸ਼ ਗੋਲਡਨ ਟੈਂਪਲ ਵਿੱਚ ਕੀਰਤਨ ਨਹੀਂ ਕਰ ਸਕਦੇ? ਦੂਜਾ ਸਵਾਲ ਕਿ ਬੇਸ਼ੱਕ ਅਸੀਂ ਔਰਤ ਨੂੰ ਉਚ ਥਾਂ ਦੇ ਦਿੱਤੀ, ਪਰ ਇੱਕ ਔਰਤ ਕਿਉਂ ਨਹੀਂ ਗੋਲਡਨ ਟੈਂਪਲ ਵਿੱਚ ਕੀਰਤਨ ਕਰ ਸਕਦੀ? ਤੀਜੀ ਗੱਲ, ਅਸੀਂ ਜਿੱਥੇ ਮਰਜੀ ਕਹਿ ਦਈਏ ਕਿ ਸਾਡੇ ਵਿੱਚ ਜਾਤ-ਪਾਤ ਨਹੀਂ ਹੈ। ਗੁਰੂ ਨਾਨਕ ਸਾਹਿਬ ਜਿਨ੍ਹਾਂ ਕਦਰਾਂ-ਕੀਮਤਾਂ ਲਈ ਲੜੇ ਸਨ, ਉਹ ਕਿੰਨੀਆਂ ਅਹਿਮ ਸਨ, ਪਰ ਅਸੀਂ ਅਜੇ ਵੀ ਉਨ੍ਹਾਂ ਤੋਂ ਊਣੇ ਕਿਉਂ ਹਾਂ? ਭਾਵ ਜਾਤ-ਪਾਤ ਵਿੱਚ ਅਸੀਂ ਅੱਜ ਵੀ ਬੱਝੇ ਹੋਏ ਹਾਂ। ਇਸ ਨਾਟਕ ਵਿੱਚ ਗੁਰੂ ਨਾਨਕ ਦੇਵ ਜੀ ਦੀ ਸਮਾਜਿਕ ਫਿਲਾਸਫੀ ਨੂੰ ਨਵੇਂ ਸਿਰੇ ਤੋਂ ਦੇਖਣ-ਘੋਖਣ ਦੀ ਕੋਸ਼ਿਸ਼ ਕੀਤੀ ਗਈ ਅਤੇ ਗੁਰੂ ਸਾਹਿਬ ਦਾ ਹਿੰਦੁਸਤਾਨ ਵਿੱਚ ਨਿਵੇਕਲਾ ਸਥਾਨ ਨਿਸ਼ਚਿਤ ਕਰਨ ਦਾ ਯਤਨ ਹੋਇਆ ਹੈ।

ਡਾ. ਆਤਮਜੀਤ ਨੇ ਕਿਹਾ ਕਿ ਬਾਬੇ ਨਾਨਕ ਦਾ ਭਾਈ ਮਰਦਾਨੇ ਨਾਲ ਕੀ ਰਿਸ਼ਤਾ ਹੈ, ਇਹ ਬਾਣੀ ਨੇ ਹੀ ਸਾਨੂੰ ਦੱਸਿਆ ਹੈ: "ਮਰਦਾਨਿਆਂ ਰਬਾਬ ਵਜਾ, ਕਾਈ ਸਿਫ਼ਤ ਖੁਦਾ ਦੇ ਦੀਦਾਰ ਦੀ ਕਰੀਏ।" ਪਰ ਕੁਝ ਵਕਤੀ ਦਬਾਅਵਾਂ ਕਰਕੇ ਅਸੀਂ ਭਾਈ ਮਰਦਾਨੇ ਦੇ ਪਰਿਵਾਰ ਨੂੰ ਦਰਬਾਰ ਸਾਹਿਬ ਕੀਰਤਨ ਕਰਨ ਨਹੀਂ ਦੇ ਰਹੇ। ਇਸ ਤੋਂ ਇਲਾਵਾ ਅਸੀਂ ਅਜੇ ਵੀ ਔਰਤ ਦੇ ਬਾਇਲੌਜੀਕਲ ਸੱਚ ਨੂੰ ਗੰਦਗੀ ਮੰਨਦੇ ਹਾਂ। ਕੀ ਇਹ ਗੁਰੂ ਨਾਨਕ ਦੇ ਨਿਯਮਾਂ ਦੇ ਅਨੁਕ੍ਰਿਤ ਹੈ? ਉਨ੍ਹਾਂ ਕਿਹਾ ਕਿ ਮੇਰਾ ਮਕਸਦ ਹੈ ਕਿ ਗੁਰੂ ਨਾਨਕ ਸਾਹਿਬ ਦੀਆਂ ਕਦਰਾਂ-ਕੀਮਤਾਂ ਬਾਰੇ ਸੋਚਿਆ ਤਾਂ ਜਾਵੇ! ਉਨ੍ਹਾਂ ਕਿਹਾ ਕਿ 'ਨਾਨਕ ਵਰਗਾ ਨਾਨਕ ਹੀ ਸੀ।' ਉਹਦੇ (ਗੁਰੂ ਨਾਨਕ) ਦਿਲ 'ਤੇ ਹਿੰਦੂ-ਮੁਸਲਿਮ ਦੀ ਧੁੰਦਲੀ ਜਹੀ ਲੀਕ ਵੀ ਨਹੀਂ!

ਨਾਟਕੀ ਪਾਠ ਦੌਰਾਨ ਡਾ. ਆਤਮਜੀਤ ਨੇ ਕੁਝ ਪਾਤਰਾਂ- ਮਹਾਂ-ਦਰਸ਼ਕ, ਬਾਣੀ, ਮਰਦਾਨਾ, ਲੱਖੋ, ਸਾਬਰਾ, ਬਸ਼ੀਰਾ, ਪਰੋਹਿਤ ਆਦਿ ਦੀ ਵਾਰਤਾਲਾਪ ਰਾਹੀਂ ਤਿੰਨ ਹਜ਼ਾਰ ਸਾਲ ਦੇ ਇਤਿਹਾਸ 'ਤੇ ਝਾਤ ਪੁਆਈ ਅਤੇ ਉਸ ਦੌਰਾਨ ਪੈਦਾ ਹੋਈਆਂ ਸਮਾਜਿਕ-ਧਾਰਮਿਕ ਕੁਰੀਤੀਆਂ ਤੇ ਆਡੰਬਰਵਾਦ ਉਤੇ ਨਾਨਕ ਬਾਣੀ ਨੂੰ ਆਧਾਰ ਬਣਾ ਕੇ ਵਿਅੰਗਾਤਮਕ ਚੋਟ ਕੀਤੀ। ਜਿਵੇਂ ਕਿ ਪਹਿਲਾਂ ਚਾਣਕਯ ਨੇ ਚੰਦਰਗੁਪਤ ਮੌਰੀਆ ਅੱਗੇ ਲਿਆਂਦਾ। ਮਗਰੋਂ (ਕਥਿਤ) ਛੋਟੀਆਂ ਜਾਤਾਂ ਦਾ ਇਹ ਸਾਮਰਾਜ ਬ੍ਰਾਹਮਣਾਂ ਨੂੰ ਪਚਿਆ ਨਹੀਂ।... ਬਲਾਂ ਵਾਲੇ ਨਿਰਬਲਾਂ ਦੀ ਬਲੀ ਲੈਂਦੇ ਆਏ ਨੇ ਤੇ ਲੈ ਰਹੇ ਨੇ; ਪੁਰੋਹਿਤ ਬਲੀ ਨੂੰ ਪਵਿੱਤਰ ਕਾਰਜ ਕਹਿੰਦੇ ਨੇ। ਇੱਕ ਸੰਵਾਦ ਸੀ, 'ਝਗੜਾ ਰਿਸ਼ੀਆਂ ਦਾ, ਯੁੱਧ ਰਾਜਿਆਂ ਦੇ ਤੇ ਮਰਨ ਵਾਲੇ ਆਮ ਲੋਕ!' ਇਸੇ ਤਰ੍ਹਾਂ ਬਾਣੀ ਦਾ ਮਹਾਂ-ਦਰਸ਼ਕ ਨੂੰ ਇਹ ਕਹਿਣਾ, 'ਲੜਦਾ ਬੰਦਾ ਤੇ ਭੁਗਤਦੀ ਔਰਤ ਐ!' ਔਰਤ ਦੀ ਤ੍ਰਾਸਦੀ ਨੂੰ ਬਿਆਨ ਕਰਦਾ ਹੈ। ਵਿਅੰਗ ਦਾ ਇੱਕ ਹੋਰ ਨਮੂਨਾ ਦੇਖੋ, 'ਬ੍ਰਹਮਚਰਯ ਦਾ ਢੰਡੋਰਚੀ ਪੁਜਾਰੀ ਤੀਵੀਂ ਦੇਖ ਕੇ ਪਿਘਲ ਜਾਂਦੈ।' ਔਰਤ ਦਾ ਦੁਖਦਾਇਕ ਬਿਆਨ, "ਨੌਂ ਮਹੀਨੇ ਦਾ ਤਪ ਕਰਕੇ ਜੀਵ ਪੈਦਾ ਕਰੀਦਾ, ਫੇਰ ਸਾਡੇ 'ਤੇ ਸੂਤਕ ਲਾ ਦੇਂਦੇ; ਅਸੀਂ ਨਾਪਾਕ ਹੋ ਜਾਂਦੀਆਂ।" ਸਮਾਜਿਕ ਸੱਚ ਇਹ ਹੈ ਕਿ ਰਿਸ਼ਤੇ ਦਾ ਰੁੱਖ ਕੇਵਲ ਔਰਤ ਬੀਜ ਸਕਦੀ ਏ।

ਨਾਟਕੀ ਪਾਠ ਦੌਰਾਨ ਡਾ. ਆਤਮਜੀਤ ਨੇ ਕਦੇ ਆਵਾਜ਼ ਉਚੀ ਤੇ ਕਦੇ ਨੀਵੀਂ ਅਤੇ ਹਾਵ-ਭਾਵ ਬਦਲ ਕੇ ਵੱਖ-ਵੱਖ ਦ੍ਰਿਸ਼ਾਂ ਦੇ ਵਾਰਤਾਲਾਪੀ ਉਤਰਾਅ-ਚੜ੍ਹਾਅ ਨੂੰ ਦਿਲਚਸਪ ਬਣਾਈ ਰੱਖਿਆ। ਬਾਣੀ ਲਿਖੇ ਜਾਣ ਤੋਂ ਡੇਢ ਹਜ਼ਾਰ ਸਾਲ ਪਹਿਲਾਂ ਦਾ ਬਿਰਤਾਂਤ/ਹਾਲਾਤ; ਸਤੀ ਪ੍ਰਥਾ ਦਾ ਜ਼ਿਕਰ ਅਤੇ ਉਸ 'ਤੇ ਵਿਅੰਗ; ਜਾਤ-ਪਾਤ ("ਅਸੀਂ ਬੇਦੀਆਂ ਦੇ ਮਰਾਸੀ, ਤੂੰ ਮਲੇਛਾਂ ਦਾ!" ਸੰਵਾਦ ਕਥਿਤ ਜਾਤਾਂ ਵਿੱਚ ਹੋਰ ਕਥਿਤ ਨੀਵੀਂਆਂ ਜਾਤਾਂ ਦੀ ਗਵਾਹੀ) ਤੇ ਮੂਰਤੀ-ਪੂਜਾ; ਚਾਰ ਵਰਣ; ਪੋਥੀਆਂ ਪੜ੍ਹਨ ਪਰ ਉਨ੍ਹਾਂ ਤੇ ਵਿਚਾਰ ਨਾ ਕਰਨ ਆਦਿ ਤੋਂ ਇਲਾਵਾ ਮਹਾਂ-ਦਰਸ਼ਕ ਦਾ ਇਹ ਡਾਇਲਾਗ ਵੀ ਧਿਆਨ ਮੰਗਦਾ ਹੈ, "ਬ੍ਰਾਹਮਣ ਦਾ ਝੂਠ ਤਾਂ ਉਦੋਂ ਸ਼ੁਰੂ ਹੋ ਗਿਆ ਜਦੋਂ ਉਸਨੇ ਰਿਗਵੇਦ ਵਿੱਚ ਸਵਾਰਥੀ ਮੰਤਰ ਜੋੜੇ; ਮਨੂੰ ਸਮਰਿਤੀ ਨੂੰ ਕੂੜੇ ਨਾਲ ਭਰ ਦਿੱਤਾ।" ਅਤੇ "ਪੁਰੋਹਿਤ ਆਪਣਾ ਹਿਤ ਹਮੇਸ਼ਾ ਉਪਰ ਰੱਖਦੇ ਨੇ।"

(ਭਾਈ) ਮਰਦਾਨੇ ਦਾ ਆਪਣੀ ਅੰਮਾਂ ਨੂੰ ਗੁਰੂ ਨਾਨਕ ਬਾਰੇ ਬਿਆਨ ਬੜਾ ਅਸਰਦਾਰ ਹੈ: "ਉਨ੍ਹਾਂ ਦਾ ਮਜ਼੍ਹਬ ਜ਼ਾਤੀ ਮੁਕਤੀ ਤਕ ਮਹਿਦੂਦ ਨਹੀਂ, ਬਹੁਤ ਪਾਰ ਜਾਂਦੈ। ਉਨ੍ਹਾਂ ਦੀ ਰੂਹਾਨੀਅਤ ਨਿਜੀ ਜ਼ਿਆਰਤ ਨਹੀਂ। ਉਹ ਹਮੇਸ਼ਾ ਲੋਕਾਈ ਬਾਰੇ ਸੋਚਦੇ ਨੇ।...ਕਿਸੇ ਮਜ਼੍ਹਬ ਦੀ ਮੁਖ਼ਾਲਫ਼ਤ ਨਹੀਂ ਕਰਦੇ।...ਸਿਰਫ਼ ਏਨਾ ਆਖਦੇ ਨੇ, ਮਜ਼੍ਹਬ ਦਾ ਇੱਕ ਛਿੱਲੜ ਹੁੰਦੈ ਜੋ ਅੰਦਰਲੇ ਫਲ ਦੀ ਹਿਫ਼ਾਜ਼ਤ ਕਰਦੈ! ਛਿੱਲੜ ਨੂੰ ਫਲ ਨਾ ਬਣਾਉ; ਧਰਮ ਦੀ ਗਿਰੀ ਨੂੰ ਚੱਖੋ।"


'ਮੈਂ ਨਾਨਕ ਦੀ ਬਾਣੀ ਹਾਂ' ਦੇ ਨਾਟਕੀ ਪਾਠ ਦੌਰਾਨ ਡਾ. ਆਤਮਜੀਤ ਦੇ ਵੱਖ-ਵੱਖ ਅੰਦਾਜ਼





ਡਾ. ਆਤਮਜੀਤ ਦਾ ਸਨਮਾਨ ਕਰਨ ਸਮੇਂ (ਖੱਬਿਓਂ) ਠਾਕਰ ਸਿੰਘ ਬਸਾਤੀ, ਲੇਖਕ ਰਵਿੰਦਰ ਸਹਿਰਾਅ ਤੇ (ਐਨ ਸੱਜੇ) ਸਾਜਿਦ ਚੌਧਰੀ; ਅਤੇ (ਹੇਠਾਂ) ਹਾਜ਼ਰ ਪਤਵੰਤੇ

ਇਸ ਮੌਕੇ ਲੇਖਕ ਰਵਿੰਦਰ ਸਹਿਰਾਅ ਨੇ ਕਿਹਾ ਕਿ ਅਸਲ ਵਿੱਚ ਕਿਸੇ ਵੀ ਨਾਟਕ, ਕਵਿੱਤਾ, ਕਹਾਣੀ ਜਾਂ ਲੇਖ ਦੀ ਕਰਾਮਾਤ ਹੀ ਇਹ ਹੁੰਦੀ ਹੈ ਕਿ ਉਹ ਤੁਹਾਨੂੰ ਆਪਣੇ ਨਾਲ ਤੋਰ ਲੈਂਦੀ ਹੈ। ਉਨ੍ਹਾਂ ਡਾ. ਆਤਮਜੀਤ ਦੀ ਤਾਰੀਫ ਵਿੱਚ ਕਿਹਾ ਕਿ ਸਾਡੇ ਧੰਨਭਾਗ ਹਨ ਕਿ ਇਹ ਸ਼ਿਕਾਗੋ ਵਿੱਚ ਰਹਿ ਕੇ ਜਾਂਦੇ ਹਨ ਅਤੇ ਇੱਥੇ ਮਹਿਫਿਲਾਂ ਲੱਗੀਆਂ ਰਹਿੰਦੀਆਂ ਹਨ ਤੇ ਦਰਸ਼ਕ ਪਿੱਛੇ ਜਿਹੇ ਇਨ੍ਹਾਂ ਵੱਲੋਂ ਖੇਡੇ ਨਾਟਕ ਦੇਖ ਹੀ ਚੁਕੇ ਹਨ। ਉਨ੍ਹਾਂ ਕਿਹਾ ਕਿ ਵੈਸੇ ਸ਼ਿਕਾਗੋ ਨੂੰ ਵਿੰਡੀਸਿਟੀ ਕਿਹਾ ਜਾਂਦਾ ਹੈ, ਪਰ ਡਾ. ਆਤਮਜੀਤ ਨੇ ਵਿੰਡੀਸਿਟੀ ਵਿੱਚ ਸਾਹਿਤ ਦੀਆਂ ਹਵਾਵਾਂ ਤੇਜ਼ ਕਰ ਦਿੱਤੀਆਂ ਹਨ।

ਇਸ ਮੌਕੇ ਹੋਏ ਸਵਾਲ-ਜਵਾਬ ਸੈਸ਼ਨ ਦੌਰਾਨ ਸਿਨਸਿਨੈਟੀ ਤੋਂ ਆਏ ਰਸ਼ਪਾਲ ਸਿੰਘ ਸਹੋਤਾ ਨੇ ਕਿਹਾ ਕਿ ਅਸੀਂ ਇਹ ਰੁਕਾਵਟ ਪਾ ਛੱਡੀ ਹੈ ਕਿ ਅਸੀਂ ਆਪਣੇ ਗੁਰੂਆਂ ਨੂੰ ਬਿਆਨ ਨਹੀਂ ਕਰ ਸਕਦੇ। ਉਨ੍ਹਾਂ ਸਵਾਲ ਕੀਤਾ, ਤੁਸੀਂ (ਡਾ. ਆਤਮਜੀਤ) ਇਹ ਮਹਿਸੂਸ ਨਹੀਂ ਕੀਤਾ ਕਿ ਸਾਡੀ ਸੁਸਾਇਟੀ ਵਿੱਚ ਇਹ ਸਮੱਸਿਆ ਪੈਦਾ ਕੀਤੀ ਗਈ ਹੈ, ਜੋ ਅਸੀਂ ਨਾਨਕ ਪਾਤਰ ਨਹੀਂ ਬਣਾ ਸਕੇ?

ਡਾ. ਆਤਮਜੀਤ ਨੇ ਸਪਸ਼ਟ ਕੀਤਾ ਕਿ ਆਪਣੀ ਮਰਿਆਦਾ ਪਰੰਪਰਾ ਕਰ ਕੇ ਗੁਰੂ ਨਾਨਕ ਨੂੰ ਸਟੇਜ 'ਤੇ ਨਹੀਂ ਲੈ ਕੇ ਆ ਸਕਦੇ। ਉਨ੍ਹਾਂ ਕਿਹਾ ਕਿ ਮੇਰਾ ਅਸਲ ਮਕਸਦ ਸੀ ਕਿ ਗੁਰੂ ਨਾਨਕ ਨੂੰ ਅਸੀਂ ਕਿੰਨਾ ਕੁ ਸਮਝ ਸਕੀਏ? ਉਨ੍ਹਾਂ ਕਿਹਾ ਕਿ ਮੈਨੂੰ ਪੂਰੇ ਇਤਿਹਾਸ ਵਿੱਚ ਬਾਬਾ ਨਾਨਕ ਅਜਿਹੇ ਸ਼ਖਸ ਲੱਗੇ ਹਨ, ਜਿਨ੍ਹਾਂ ਵਰਗਾ ਕੋਈ ਹੋਰ ਨਹੀਂ। ਗੁਰੂ ਨਾਨਕ ਰਿਜਨ ਅਤੇ ਰਿਲਿਜਨ ਤੋਂ ਉਤੇ ਹੈ; ਗੁਰੂ ਨਾਨਕ ਜਾਤ ਤੇ ਲਿੰਗ ਤੋਂ ਉਤੇ ਹੈ। ਸਭ ਤੋਂ ਕਮਾਲ ਦੀ ਗੱਲ, ਗੁਰੂ ਨਾਨਕ ਸੰਪਰਦਾਇ ਤੋਂ ਉਪਰ ਸਨ। ਦੂਜੀ ਗੱਲ, ਗੁਰੂ ਨਾਨਕ ਕਿਸੇ ਧਰਮ ਦਾ ਵਿਰੋਧ ਨਹੀਂ ਕਰਦੇ। ਉਨ੍ਹਾਂ ਦੀ ਜ਼ਿੰਦਗੀ ਨੂੰ ਪੜ੍ਹ ਕੇ ਸੱਚ ਤੁਹਾਡੇ ਅੰਦਰ ਆਪਣੇ ਆਪ ਉਤਰਨਾ/ਵਾਪਰਨਾ ਸ਼ੁਰੂ ਹੋ ਜਾਂਦਾ ਹੈ।

ਡਾ. ਇੰਦਰਬੀਰ ਸਿੰਘ ਗਿੱਲ ਨੇ ਰਸ਼ਪਾਲ ਸਿੰਘ ਸਹੋਤਾ ਦੀ ਗੱਲ ਦਾ ਜ਼ਿਕਰ ਕਰਦਿਆਂ ਕਿਹਾ ਕਿ ਕਿਸੇ ਨਾਟਕ ਵਿੱਚ ਗੁਰੂ ਨਾਨਕ ਸਾਹਿਬ ਨੂੰ ਵਿਅਕਤੀਗਤ ਤੌਰ 'ਤੇ ਹਾਜ਼ਰ ਨਹੀਂ ਕਰ ਸਕਦੇ, ਕਿਉਂਕਿ ਲੋਕ ਦੇਖ ਕੇ ਪੂਜਣ ਨਾ ਲੱਗ ਜਾਣ। ਹਾਲਾਂਕਿ ਅਸੀਂ ਬਾਬੇ ਨਾਨਕ ਦੀਆਂ ਮੂਰਤੀਆਂ ਬਣਾ ਕੇ ਧਰ ਲਈਆਂ ਹਨ ਤੇ ਪੰਜਾਬ ਵਿੱਚ ਤਾਂ ਪੂਜਾ ਵੀ ਹੋ ਰਹੀ ਹੈ। ਡਾ. ਇੰਦਰਬੀਰ ਸਿੰਘ ਗਿੱਲ ਨੇ ਆਪਣੇ ਵਿਚਾਰ ਪ੍ਰਗਟਾਏ ਕਿ ਅਸੀਂ ਕਿਸੇ ਅਕਾਰ ਦੇ ਪੁਜਾਰੀ ਨਹੀਂ ਹਾਂ, ਨਿਰੰਕਾਰ (ਬਾਬੇ ਨਾਨਕ ਨੂੰ ਨਿਰੰਕਾਰੀ ਕਿਹਾ ਜਾਂਦਾ ਹੈ) ਦੇ ਪੁਜਾਰੀ ਹਾਂ। ਉਨ੍ਹਾਂ ਕਿਹਾ ਕਿ ਬਹੁਤ ਸਾਡੀਆਂ ਚੀਜ਼ਾਂ ਸਾਡੇ ਵਿੱਚ ਆ ਗਈਆਂ ਹਨ, ਜਿਵੇਂ ਔਰਤਾਂ/ਮਰਾਸੀਆਂ ਨੂੰ (ਦਰਬਾਰ ਸਾਹਿਬ ਵਿੱਚ) ਕੀਰਤਨ ਕਰਨ ਦਾ ਹੱਕ ਨਹੀਂ। ਇਹ ਹਮੇਸ਼ਾ ਇਉਂ ਨਹੀਂ ਸੀ। ਜਦ ਗੋਰਿਆਂ ਨੇ, ਮਹੰਤਾਂ/ਨਿਰਮਲਿਆਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੌਰਾਨ ਕਬਜ਼ਾ ਕੀਤਾ, ਇਹ ਚੀਜ਼ਾਂ ਉਦੋਂ ਸਾਡੇ ਵਿੱਚ ਟੀਕਾ ਕੀਤੀਆਂ ਗਈਆਂ। ਬੀਬੀਆਂ ਨੇ ਬੱਚਿਆਂ ਤੇ ਟੱਬਰ ਦੀਆਂ ਜੜ੍ਹਾਂ ਬਣਾਉਂਦੀਆਂ ਹੁੰਦੀਆਂ ਹਨ; ਜੇ ਅਸੀਂ ਉਨ੍ਹਾਂ ਨੂੰ (ਕੀਰਤਨ ਕਰਨ ਤੋਂ) ਹਟਾ ਦਿਆਂਗੇ ਤਾਂ ਅੱਧਾ ਤਾਂ ਧੁਰਾ ਟੁੱਟ ਗਿਆ! ਦੂਜਾ ਕੀਰਤਨ ਕਰਨ ਵਾਲਿਆਂ ਦਾ ਪਰਿਵਾਰਕ ਕਿੱਤਾ ਸੀ, ਉਨ੍ਹਾਂ ਨੂੰ (ਆਪਣੇ ਨਾਲੋਂ) ਤੋੜ ਦਿੱਤਾ; ਜੋ ਅਸਲੀ ਰਬਾਬੀ ਕੀਰਤਨ ਸੀ, ਅਸੀਂ ਉਸ ਤੋਂ ਵੀ ਟੁੱਟ ਗਏ ਹਾਂ। ਹੁਣ ਕੀਰਤਨ ਇੱਕ ਵਪਾਰ ਬਣ ਗਿਆ ਹੈ।

ਇਨ੍ਹਾਂ ਵਿਚਾਰਾਂ ਦੇ ਜਵਾਬ ਵਿੱਚ ਡਾ. ਆਤਮਜੀਤ ਨੇ ਕਿਹਾ ਕਿ ਕਈ ਫੈਸਲੇ ਸਾਡੀ ਕਮਿਊਨਿਟੀ ਤੱਤ-ਭੜੱਤ ਵਿੱਚ ਲੈ ਲੈਂਦੀ ਹੈ। ਉਨ੍ਹਾਂ ਇੱਕ ਗੋਰੇ ਫਿਲਾਸਫਰ, ਜਿਸ ਨੇ ਮਰਾਸੀਆਂ ਉਤੇ ਪੀਐਚ.ਡੀ. ਕੀਤੀ, ਦਾ ਜ਼ਿਕਰ ਕਰਦਿਆਂ ਕਿਹਾ ਕਿ ਉਸ ਨੇ ਲਾਹੌਰ ਵਿੱਚ ਬਹਿ ਕੇ ਮਰਾਸੀਆਂ ਨਾਲ ਗੱਲਬਾਤ ਕੀਤੀ ਅਤੇ ਲਿਖਿਆ ਕਿ ਭਾਈ ਚਾਂਦ ਤੇ ਭਾਈ ਲਾਲ ਦਾ ਪਰਿਵਾਰ ਤੇ ਬਾਕੀ ਲੋਕ ਕਿੱਦਾਂ ਰੁਲ਼ੇ? ਕੁਝ ਲੋਕ (ਮਰਾਸੀ) ਫਿਲਮਾਂ ਵਿੱਚ ਚਲੇ ਗਏ, ਪਰ ਜਿਨ੍ਹਾਂ ਨੂੰ ਸਿਰਫ ਕੀਰਤਨ ਕਰਨਾ ਹੀ ਆਉਂਦਾ ਸੀ, ਉਹ ਹੋਰ ਕੁਝ ਕਰ ਹੀ ਨਾ ਸਕੇ। ਇਹ ਸਾਰਾ ਦਬਾਅ 1947 ਦਾ ਹੈ, ਉਸ ਤੋਂ ਪਹਿਲਾਂ ਇਹ ਦਰਬਾਰ ਸਾਹਿਬ ਤੇ ਗੁਰਦੁਆਰਿਆਂ ਵਿੱਚ ਕੀਰਤਨ ਕਰਦੇ ਰਹੇ ਹਨ।

ਗੁਰਦੁਆਰਾ ਪੈਲਾਟਾਈਨ ਦੇ ਸਾਬਕਾ ਪ੍ਰਧਾਨ ਪ੍ਰੋ. ਕੁਲਵੰਤ ਸਿੰਘ ਹੁੰਦਲ ਨੇ ਕਿਹਾ ਕਿ ਕਈ ਵਾਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਨਾਨਕ ਜੀ ਆਏ, ਦਸ ਜੋਤਾਂ (ਗੁਰੂ ਸਾਹਿਬਾਨ) ਆਏ, ਪੈਗੰਬਰ ਵੀ ਆਏ, ਰਾਮ ਚੰਦਰ ਜੀ, ਕ੍ਰਿਸ਼ਨ ਜੀ, ਬੁੱਧ ਜੀ ਆਏ; ਪਰ ਤਾਣੀ ਸਿੱਧੀ ਕਿਉਂ ਨਹੀਂ ਹੁੰਦੀ? ਇਸ ਸਵਾਲ ਦੇ ਜਵਾਬ ਵਿੱਚ ਡਾ. ਆਤਮਜੀਤ ਨੇ ਕਿਹਾ ਕਿ ਜ਼ਿੰਦਗੀ ਵਿੱਚ ਵਿਕਾਰ ਆਉਣੇ ਹੀ ਆਉਣੇ ਹਨ, ਇਹ ਪ੍ਰੋਸੈਸ ਹੈ ਜੋ ਚੱਲਦਾ ਰਹਿਣਾ ਹੈ। ਧਰਮ ਦੇ ਖੇਤਰ ਤੋਂ ਬਾਹਰ ਚਾਲੇ ਜਾਓ, ਇੱਕ ਰਾਏ ਹਰ ਥਾਂ ਨਹੀਂ ਹੋ ਸਕਦੀ; ਪਰ ਸਾਡੀ ਕੋਸ਼ਿਸ਼ ਇਹ ਹੁੰਦੀ ਹੈ ਕਿ ਅਸੀਂ ਲੀਹ ਨੂੰ ਨਾ ਛੱਡੀਏ।

ਗੁਰਦੁਆਰਾ ਵ੍ਹੀਟਨ ਦੇ ਹੈੱਡ ਗ੍ਰੰਥੀ ਭਾਈ ਮਹਿੰਦਰ ਸਿੰਘ ਨੇ ਡਾ. ਆਤਮਜੀਤ ਵੱਲੋਂ ਇਸ ਨਾਟਕੀ ਪਾਠ ਵਿੱਚ ਗੁਰੂ ਨਾਨਕ ਸਾਹਿਬ ਦਾ ਸੰਦੇਸ਼ ਦੇਣ ਦੀ ਤਾਰੀਫ ਕੀਤੀ ਅਤੇ ਨਾਲ ਹੀ ਉਨ੍ਹਾਂ ਕਿਹਾ ਕਿ ਗੁਰਦੁਆਰਿਆਂ ਵਿੱਚ ਗੁਰੂ ਨਾਨਕ ਦੀ ਬਾਣੀ ਪੜ੍ਹੀ ਵੀ ਜਾਂਦੀ ਹੈ ਤੇ ਗਾਈ ਵੀ ਜਾਂਦੀ ਹੈ, ਪਰ ਅਸੀਂ ਉਸ ਨੂੰ ਸਮਝਣ ਦਾ ਯਤਨ ਨਹੀਂ ਕਰਦੇ।

ਸਾਜਿਦ ਚੌਧਰੀ ਨੇ ਆਪਣੇ ਵਿਚਾਰ ਪ੍ਰਗਟਾਏ ਕਿ ਜਿਵੇਂ ਸਾਰਿਆਂ ਦੇ ਆਪੋ ਆਪਣੇ ਅਕੀਦੇ ਹਨ, ਵੱਡੀ ਸਮੱਸਿਆ ਇਹ ਹੈ ਕਿ ਹਰ ਕੋਈ ਆਪੋ-ਆਪਣੇ ਪਰਿਵਾਰ, ਰਿਸ਼ਤਿਆਂ ਦੇ ਮੋਹ, ਆਪਣੀਆਂ ਲੋੜਾਂ ਦੇ ਜਾਲ਼ ਵਿੱਚ ਜਕੜਿਆ ਹੋਇਆ ਹੈ, ਪਰ ਮੰਨਣ ਲਈ ਤਿਆਰ ਨਹੀਂ। ਉਨ੍ਹਾਂ ਕਿਹਾ ਕਿ ਬਾਬਾ ਜੀ (ਗੁਰੂ ਨਾਨਕ) ਅਤੇ ਹੋਰ ਸੂਫੀ ਸੰਤਾਂ ਨੇ ਲੋਕਾਈ ਨੂੰ ਇਨ੍ਹਾਂ ਜਾਲ਼ਾਂ ਦੀ ਜਕੜ ਵਿੱਚੋਂ ਨਿਕਲਣ ਦਾ ਹੋਕਾ ਦਿੱਤਾ।

ਜਨਾਬ ਇਜਾਜ਼ ਭੱਟੀ ਨੇ ਡਾ. ਆਤਮਜੀਤ ਦੇ ਨਾਟਕੀ ਪਾਠ ਦੀ ਪੇਸ਼ਕਾਰੀ ਦੀ ਸ਼ਲਾਘਾ ਕੀਤੀ। ਉਨ੍ਹਾਂ ਗੁਰੂ ਨਾਨਕ ਸਾਹਿਬ ਦੀ ਸਿਫਤ ਸਾਲਾਹ ਵਿੱਚ ਸਰ ਮੁਹੰਮਦ ਇਕਬਾਲ ਦਾ ਸ਼ੇਅਰ ਸਾਂਝਾ ਕੀਤਾ, "ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ ਹਿੰਦ ਕੋ ਏਕ ਮਰਦ-ਏ-ਕਾਮਿਲ ਨੇ ਜਗਾਇਆ ਖਵਾਬ ਸੇ।" ਉਨ੍ਹਾਂ ਕਿਹਾ ਕਿ ਗੁਰੂ ਨਾਨਕ ਸਾਹਿਬ ਦੀ ਤੌਹੀਦ ਮਿਲਾਉਣ ਦੀ ਸੀ ਅਤੇ ਸਾਨੂੰ ਵੀ ਗੁਰੂ ਸਾਹਿਬ ਵੱਲੋਂ ਦਰਸਾਈਆਂ ਉਚ ਕਦਰਾਂ-ਕੀਮਤਾਂ/ਇਨਸਾਨੀਅਤ ਨੂੰ ਅਪਨਾਉਣ ਅਤੇ ਪ੍ਰੋਮੋਟ ਕਰਨ ਦੀ ਲੋੜ ਹੈ।

ਸਰਵਣ ਸਿੰਘ ਬੋਲੀਨਾ ਨੇ ਡਾ. ਆਤਮਜੀਤ ਨੂੰ ਸਬੰਧਿਤ ਹੁੰਦਿਆਂ ਕਿਹਾ ਕਿ ਜਿਹੜੇ ਤੁਸੀਂ ਸਵਾਲ ਉਠਾਏ ਹਨ, ਉਨ੍ਹਾਂ ਬਾਰੇ ਗੁਰਦੁਆਰਿਆਂ ਵਿੱਚ ਕੰਮ ਹੋ ਨਹੀਂ ਰਿਹਾ। ਉਨ੍ਹਾਂ ਕਿਹਾ ਕਿ ਕੀ ਕੋਈ ਅਜਿਹਾ ਸਿਸਟਮ ਬਣ ਸਕਦਾ ਹੈ- ਸਾਡੇ ਵਿੱਚ ਜੋ ਕਮੀਆਂ ਹਨ, ਇਹ ਕਿਉਂ ਨਹੀਂ ਦੂਰ ਹੋ ਰਹੀਆਂ, ਦੀ ਜਵਾਬਦੇਹੀ ਕਰ ਸਕੇ? ਰੋਜ਼ੀ ਧਾਲੀਵਾਲ ਨੇ ਕਿਹਾ ਕਿ ਆਪਾਂ ਨੂੰ ਇਨਸਾਨੀਅਤ ਵਿੱਚ ਉਪਰ ਉਠਣ ਦੀ ਲੋੜ ਹੈ, ਪਰ ਆਪਾਂ ਇਨਸਾਨ ਇਸ ਤਰ੍ਹਾਂ ਦੇ ਹਾਂ ਕਿ ਪਹਿਰਾਵੇ ਜਾਂ ਭੇਸਭੂਸਾ ਤੋਂ ਕਿਸੇ ਬਾਰੇ ਅੰਦਾਜ਼ੇ ਲਾ ਲੈਂਦੇ ਹਾਂ; ਇਹ ਜਾਣਨ ਦੀ ਕੋਸ਼ਿਸ਼ ਨਹੀਂ ਕਰਦੇ ਕਿ ਉਹ ਅਸਲ ਵਿੱਚ ਭਲਾਈ ਵਾਲੇ ਕੰਮ ਵੀ ਕਰਦੇ ਹਨ। ਗੁਰਦੁਆਰਾ ਪੈਲਾਟਾਈਨ ਦੇ ਸਾਬਕਾ ਪ੍ਰਧਾਨ ਡਾ. ਪਰਦੀਪ ਸਿੰਘ ਗਿੱਲ, ਭੁਪਿੰਦਰ ਸਿੰਘ ਧਾਲੀਵਾਲ ਅਤੇ ਹੋਰਨਾਂ ਨੇ ਵੀ ਆਪਣੇ ਸੰਖੇਪ ਵਿਚਾਰ ਪ੍ਰਗਟਾਏ।

ਇਸੇ ਦੌਰਾਨ ਸ. ਅਮਰਦੇਵ ਸਿੰਘ ਬੰਦੇਸ਼ਾ ਨੇ 'ਪੰਜਾਬੀ ਪਰਵਾਜ਼' ਨੂੰ ਭੇਜੇ ਇੱਕ ਬਿਆਨ ਵਿੱਚ ਕਿਹਾ ਕਿ ਡਾ. ਆਤਮਜੀਤ ਦੀ ਨਾਟਕ ਪਾਠ ਦੀ ਪੇਸ਼ਕਾਰੀ ਨੇ ਸਰੋਤਿਆਂ ਨੂੰ ਇਤਿਹਾਸਕ ਪਿਛੋਕੜ ਦੀਆਂ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਧਾਰਮਿਕ ਝਲਕੀਆਂ ਦਾ ਇੱਕ ਤਰ੍ਹਾਂ ਨਾਲ ਫਿਲਮੀਕਰਨ ਕਰਕੇ ਕੀਲਿਆ ਕਿ ਸਾਰੇ ਪਾਤਰ ਜੀਵਤ ਦਿਸਣ ਲੱਗ ਪਏ। ਪਾਤਰਾਂ ਮੂੰਹੋਂ ਕਹਾਵਤਾਂ ਅਤੇ ਮੁਹਾਵਰੇ ਬੁਲਾ ਕੇ ਬੋਲੀ ਦੀ ਅਮੀਰੀ ਨੂੰ ਦਰਸਾਇਆ ਗਿਆ। ਸ. ਬੰਦੇਸ਼ਾ ਨੇ ਕਿਹਾ ਕਿ ਬਾਬਾ ਨਾਨਕ ਜੀ ਨਾਲ 'ਦੇਵ' ਜੋੜਨਾ ਅਤੇ ਮਨਘੜ੍ਹਤ ਪਾਤਰ ਬਾਲੇ ਨੂੰ ਇਸ ਨਾਟਕ ਰਾਹੀਂ ਪੇਸ਼ ਕਰਨਾ ਇਤਰਾਜ਼ਯੋਗ ਹੈ। ਨਾਟਕ ਦੇ ਅਖੀਰ ਵਿੱਚ ਦਰਸਾਈਆਂ ਤਿੰਨ ਕੁਰੀਤੀਆਂ ਨੇ ਫਿਰ ਸਿੱਖੀ ਵਿੱਚ ਆਏ ਨਿਘਾਰ ਨੂੰ ਵੰਗਾਰਦਿਆਂ ਸੋਚਣ ਲਈ ਝੰਜੋੜਿਆ ਹੈ।

ਇਹ ਪ੍ਰੋਗਰਾਮ ਗਲੋਬਲ ਪੰਜਾਬੀ ਮਿਲਾਪ ਵੱਲੋਂ ਠਾਕਰ ਸਿੰਘ ਬਸਾਤੀ, ਸਾਜਿਦ ਚੌਧਰੀ ਅਤੇ ਰਵਿੰਦਰ ਸਹਿਰਾਅ ਨੇ ਸਾਂਝੇ ਯਤਨਾਂ ਨਾਲ ਕਰਵਾਇਆ ਗਿਆ। ਮਹਿਮਾਨਾਂ ਲਈ ਚਾਹ-ਪਾਣੀ ਦਾ ਪ੍ਰਬੰਧ ਵੀ ਸੀ, ਜਿਸ ਦੀ ਸੇਵਾ ਅਮਰੀਕ ਸਿੰਘ ਸ਼ਿਕਾਗੋ (ਅਮਰ ਕਾਰਪੈਟਸ) ਵੱਲੋਂ ਕੀਤੀ ਗਈ। ਡਾ. ਆਤਮਜੀਤ ਲਈ ਤੋਹਫਾ ਅਤੇ ਮਾਇਕ ਮਦਦ ਰਵਿੰਦਰ ਸਹਿਰਾਅ ਵੱਲੋਂ ਭੇਟ ਕੀਤੀ ਗਈ। ਪਿੱਠਵਰਤੀ ਸੰਗੀਤ ਅਕਾਸ਼ ਨੇ ਦਿੱਤਾ। ਠਾਕਰ ਸਿੰਘ ਬਸਾਤੀ ਨੇ ਦੱਸਿਆ ਕਿ ਸਰਵਣ ਸਿੰਘ ਰਾਜੂ ਨੇ ਪੱਲਿਓਂ ਪੈਸੇ ਲਾ ਕੇ ਸਿੱਖੀ ਨਾਲ ਸਬੰਧਤ ਪੋਸਟਰ ਤਿਆਰ ਕਰਵਾਏ ਹਨ, ਜੋ ਇਸ ਪ੍ਰੋਗਰਾਮ ਦੌਰਾਨ ਵੀ ਰੱਖੇ ਗਏ, ਜਿਨ੍ਹਾਂ ਉਤੇ ਵੱਖ-ਵੱਖ ਗੈਰ-ਸਿੱਖ ਚਿੰਤਕਾਂ ਦੇ ਗੁਰੂ ਗ੍ਰੰਥ ਸਾਹਿਬ ਤੇ ਸਿੱਖੀ ਸਬੰਧੀ ਟਿੱਪਣੀਆਂ ਸਨ।

# ਕਲਿ ਵਿੱਚ ਆਪਣੀ ਨਵੀਂ ਵਿਚਾਰਧਾਰਾ ਨਾਲ ਪ੍ਰਤਿਕੂਲ ਪ੍ਰਸਥਿਤੀਆਂ ਦੀ ਨੁਹਾਰ ਬਦਲਣ ਵਾਲੇ ਮਹਾਨ ਯੁਗ ਪੁਰਸ਼

# ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਪੁਰਬ ਦੀ

# ਲੱਖ ਲੱਖ ਵਧਾਈ ਹੋਵੇ

**ਵੱਲੋਂ: ਮੈਡੀਸਨ (ਵਿਸਕਾਨਸਿਨ) ਗਰੁੱਪ**




ਲਖਬੀਰ ਸਿੰਘ ਢੀਂਡਸਾ



ਦੀਦਾਰ ਸਿੰਘ ਧਨੋਆ



ਗੁਰਿੰਦਰਜੀਤ ਸਿੰਘ ਗਰੇਵਾਲ



ਇੰਦਰਬੰਸ ਸਿੰਘ ਬਰਾੜ



ਸੁਰਿੰਦਰ ਸਿੰਘ ਪਾਂਗਲੀ



ਨਿਰਭੈ ਸਿੰਘ ਪਾਂਗਲੀ



ਨਵਤੇਜ ਸਿੰਘ ਗਿੱਲ



ਰੇਸ਼ਮ ਸਿੰਘ



ਜਪਤੇਜ ਸਿੰਘ ਔਲਖ

ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ॥

ਮਨਮਿੰਦਰ ਸਿੰਘ ਹੀਰ ਤੇ ਓਂਕਾਰ ਸਿੰਘ ਹੀਰ ਅਤੇ ਸਮੂਹ ਪਰਿਵਾਰ ਵੱਲੋਂ

# ਪਹਿਲੀ ਪਾਤਿਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸਮੂਹ ਸੰਗਤ ਨੂੰ

# ਲੱਖ-ਲੱਖ ਵਧਾਈ



Manminder Singh Heer 630-709-5331 & Onkar Singh Heer 630-396-0777

Contact For Shipping & Printing Services

# OM Transportation Inc


## & UPS Store 4488 Plainfield, IL

ੴ ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ॥ ੴ
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥

## ਉਸਾਰੀ ਅਧੀਨ ਗੁਰਦੁਆਰਾ ਸਿੱਖ ਸੈਂਟਰ ਆਫ ਵਿਸਕਾਨਸਿਨ ਦੇ ਸਮੂਹ ਸੇਵਾਦਾਰਾਂ ਅਤੇ ਸਾਧ ਸੰਗਤ ਵੱਲੋਂ

# ਧੰਨ ਧੰਨ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਕੁਲ ਲੋਕਾਈ ਨੂੰ

# ਲੱਖ ਲੱਖ ਵਧਾਈਆਂ






ਗੁਰੂ ਸਾਹਿਬ ਦੀ ਅਪਾਰ ਕਿਰਪਾ ਸਦਕਾ ਸਿੱਖ ਸੈਂਟਰ ਆਫ ਵਿਸਕਾਨਸਿਨ ਦੀ ਇਮਾਰਤ ਦਾ ਕੰਮ ਜਲਦ ਸ਼ੁਰੂ ਹੋ ਜਾਵੇਗਾ ਅਤੇ ਸਾਨੂੰ ਉਮੀਦ ਹੈ ਕਿ ਅਗਲੇ ਸਾਲ ਪਹਿਲੀ ਪਾਤਸ਼ਾਹੀ ਦਾ ਜਨਮ ਦਿਹਾੜਾ ਅਸੀਂ ਸ਼ਰਧਾ ਭਾਵਨਾ ਨਾਲ ਇਸ ਗੁਰਦੁਆਰਾ ਸਾਹਿਬ ਵਿਖੇ ਮਨਾਵਾਂਗੇ।

ਮਿਡਵੈਸਟ (ਇੰਡੀਆਨਾ, ਮਿਲਵਾਕੀ, ਮਿਸ਼ੀਗਨ, ਸ਼ਿਕਾਗੋ) ਦੀ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਉਹ ਜਿੰਨਾ ਵੀ ਹੋ ਸਕੇ, ਆਪਣਾ ਬਣਦਾ ਯੋਗਦਾਨ ਪਾਉਣ ਅਤੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਗੁਰੂ ਸਾਹਿਬ ਨੇ ਸਾਨੂੰ ਨਾਮ ਜਪਣ, ਕਿਰਤ ਕਰਨ ਤੇ ਵੰਡ ਕੇ ਛਕਣ ਦਾ ਉਪਦੇਸ਼ ਦਿੱਤਾ ਹੋਇਆ ਹੈ, ਜਿਸ ’ਤੇ ਸਾਨੂੰ ਸਭ ਨੂੰ ਅਮਲ ਕਰ ਕੇ ਆਪਣਾ ਜੀਵਨ ਸਫਲਾ ਕਰਨਾ ਚਾਹੀਦਾ ਹੈ।

**ਵੱਲੋਂ: ਸਿੱਖ ਸੈਂਟਰ ਆਫ ਵਿਸਕਾਨਸਿਨ ਦੇ ਸਮੂਹ ਸੇਵਾਦਾਰ ਅਤੇ ਗੁਰੂ ਲਾਧੋ ਰੇ ਸੇਵਾ ਸੁਸਾਇਟੀ**

# Sikh Center of Wisconsin

**180 W. Grange Ave Milwaukee, WI 53207 Contact: 414-226-6911**

# ਐਪਲਟਨ 'ਚ ਕਰਵਾਇਆ ਗਿਆ ਸ਼ਾਨਦਾਰ ਦੀਵਾਲੀ ਮੇਲਾ















**ਐਪਲਟਨ, ਵਿਸਕਾਨਸਿਨ:** 'ਰੰਗਲਾ ਪੰਜਾਬ ਫੌਕਸ ਵੈਲੀ' ਵੱਲੋਂ ਬੀਤੇ ਦਿਨ ਆਸ਼ਕਸ਼ ਵਿੱਚ ਹਰ ਸਾਲ ਦੀ ਤਰ੍ਹਾਂ ਦੀਵਾਲੀ ਮੇਲਾ ਕਰਵਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਭਾਰਤੀ ਭਾਈਚਾਰੇ ਦੇ ਲੋਕਾਂ ਨੇ ਸ਼ਮੂਲੀਅਤ ਕੀਤੀ ਤੇ ਦੀਵਾਲੀ ਮੇਲੇ ਦਾ ਭਰਪੂਰ ਅਨੰਦ ਮਾਣਿਆ। ਇਸ ਦੀਵਾਲੀ ਮੇਲੇ ਵਿੱਚ ਵਿਸ਼ੇਸ਼ ਤੌਰ 'ਤੇ ਕੈਨੇਡਾ ਦੇ ਬਰੈਂਪਟਨ ਵੈਸਟ ਤੋਂ ਐਮ.ਪੀ. ਅਮਰਜੀਤ ਸਿੰਘ ਗਿੱਲ ਬਤੌਰ ਮੁੱਖ ਮਹਿਮਾਨ ਪਹੁੰਚੇ। ਦੱਸਣਯੋਗ ਗੱਲ ਹੈ ਕਿ ਅਮਰਜੀਤ ਸਿੰਘ ਗਿੱਲ ਦਾ ਪਿਛੋਕੜ ਪੰਜਾਬ ਤੋਂ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਗਿੱਲ ਨਾਲ ਸਬੰਧਤ ਹੈ ਤੇ ਉਹ ਅਮਰੀਕਾ ਵਿੱਚ ਵਿਸ਼ੇਸ਼ ਫੇਰੀ 'ਤੇ ਪਹੁੰਚੇ ਹੋਏ ਸਨ। ਉਨ੍ਹਾਂ ਵੱਲੋਂ ਸਮਾਗਮ ਵਿੱਚ ਭਾਗ ਲੈਣ ਵਾਲੇ ਬੱਚਿਆਂ ਤੇ ਕਲਾਕਾਰਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਡਾ. ਗੁਰਵਤਨ ਸਿੰਘ ਨੇ ਆਏ ਮਹਿਮਾਨਾਂ ਨੂੰ ਦੀਵਾਲੀ ਅਤੇ ਬੰਦੀਛੋੜ ਦਿਵਸ ਦੇ ਇਤਿਹਾਸ ਤੋਂ ਜਾਣੂ ਕਰਵਾਇਆ। ਨਾਮਵਰ ਪੰਜਾਬੀ ਗਾਇਕਾ ਹਰਮਨਪ੍ਰੀਤ ਨੇ ਆਪਣੀ ਗਾਇਕੀ ਨਾਲ ਸਭ ਦਾ ਮਨੋਰੰਜਨ ਕੀਤਾ ਅਤੇ ਆਪਣੇ ਗੀਤਾਂ ਤੇ ਬੋਲੀਆਂ ਉਤੇ ਸਭ ਨੂੰ ਨੱਚਣ ਲਾ ਲਿਆ। ਮੰਚ ਸੰਚਾਲਕ ਗੁਰਲੀਨ ਕੌਰ ਨੇ ਸਟੇਜ ਦੀ ਕਾਰਗੁਜ਼ਾਰੀ ਵਧੀਆ ਤਰੀਕੇ ਨਾਲ ਸੰਭਾਲੀ।

ਇਹ ਦੀਵਾਲੀ ਮੇਲਾ ਰੰਗਲਾ ਪੰਜਾਬ ਫੌਕਸ ਵੈਲੀ ਦੀ ਪੂਰੀ ਟੀਮ ਦੇ ਮੈਂਬਰਾਂ- ਅੰਮ੍ਰਿਤਪਾਲ ਗਿੱਲ, ਦਵਿੰਦਰ ਧਾਮੀ, ਸਰਬਜੀਤ ਸਿੰਘ, ਸਵਰਨ ਸਿੰਘ ਅਤੇ ਰਿਸ਼ੀ ਚਲਾਨਾ, ਰਮਿੰਦਰ ਸਿੰਘ, ਸੰਨੀ ਅਹੂਜਾ, ਜਸਵਿੰਦਰ ਸਿੰਘ, ਰਾਜਵਿੰਦਰ ਸਿੰਘ ਤੇ ਸਮਰਜੋਤ ਗਿੱਲ ਵੱਲੋਂ ਸਖਤ ਮਿਹਨਤ ਨਾਲ ਕਰਵਾਇਆ ਗਿਆ। ਇਸ ਮੌਕੇ ਪ੍ਰਬੰਧਕਾਂ ਨੇ ਕੈਨੇਡਾ ਤੋਂ ਐਮ.ਪੀ. ਅਮਰਜੀਤ ਸਿੰਘ ਗਿੱਲ ਦਾ ਉਚੇਚਾ ਸਨਮਾਨ ਕੀਤਾ। ਇਸ ਮੇਲੇ ਦੀ ਖਾਸੀਅਤ ਇਹ ਸੀ ਕਿ ਇਕੱਠ ਕਾਫੀ ਸੀ, ਇੱਕ ਅੰਦਾਜ਼ੇ ਅਨੁਸਾਰ ਤਿੰਨ ਸੌ ਤੋਂ ਵੱਧ ਲੋਕ ਪਹੁੰਚੇ ਹੋਏ ਸਨ; ਪਰ ਪ੍ਰਬੰਧਕਾਂ ਨੇ ਕੋਈ ਐਂਟਰੀ ਫੀਸ ਨਹੀਂ ਸੀ ਰੱਖੀ। ਸਾਰਾ ਖਰਚਾ ਪ੍ਰਬੰਧਕਾਂ ਨੇ ਆਪਣੇ ਕੋਲੋਂ ਵੱਡੇ ਤੌਰ 'ਤੇ ਕੀਤਾ। ਮੇਲੇ ਵਿੱਚ ਪਹੁੰਚੇ ਮਹਿਮਾਨਾਂ ਲਈ ਸਵਾਦਿਸ਼ਟ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ। ਬੀਬੀਆਂ ਨੇ ਨੱਚ ਨੱਚ ਕੇ ਇਸ ਮੇਲੇ ਦਾ ਅਨੰਦ ਮਾਣਿਆ। ਲੋਕਾਂ ਵੱਲੋਂ ਇਸ ਮੇਲੇ ਦੇ ਪ੍ਰਬੰਧਾਂ ਦੀ ਖੂਬ ਤਾਰੀਫ ਕੀਤੀ ਗਈ। ਇਸ ਮੌਕੇ ਮੁੱਖ ਮਹਿਮਾਨ ਅਮਰਜੀਤ ਸਿੰਘ ਗਿੱਲ ਅਤੇ ਪ੍ਰਬੰਧਕਾਂ ਵੱਲੋਂ ਸਪਾਂਸਰਾਂ ਦਾ ਵੀ ਵਿਸ਼ੇਸ਼ ਧੰਨਵਾਦ ਕਰਦਿਆਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ।

# ਅਮਰੀਕਾ ਦੇ ਕੈਰੇਬੀਅਨ ਸਾਗਰ ਵਿੱਚ ਫਿਰ ਹਮਲਾ

## *ਤਿੰਨ ਕਥਿਤ ਡਰੱਗ ਤਸਕਰ ਮਾਰੇ ਗਏ; ਸਤੰਬਰ ਤੋਂ ਹੁਣ ਤੱਕ 15ਵੀਂ ਕਾਰਵਾਈ- ਹੁਣ ਤੱਕ 64 ਲੋਕਾਂ ਦੀ ਮੌਤ

ਅਮਰੀਕੀ ਫੌਜ ਨੇ ਕੈਰੇਬੀਅਨ ਸਮੁੰਦਰ ਵਿੱਚ ਇੱਕ ਹੋਰ ਫ਼ੌਜੀ ਹਮਲਾ ਕੀਤਾ ਹੈ, ਜਿਸ ਵਿੱਚ ਤਿੰਨ ਕਥਿਤ ਡਰੱਗ ਤਸਕਰ ਮਾਰੇ ਗਏ ਹਨ। ਰੱਖਿਆ ਮੰਤਰੀ ਪੀਟ ਹੈਗਸੇਥ ਨੇ ਸੋਸ਼ਲ ਮੀਡੀਆ ਉੱਤੇ ਇਸ ਕਾਰਵਾਈ ਦੀ ਜਾਣਕਾਰੀ ਦਿੱਤੀ। ਹੈਗਸੇਥ ਨੇ ਦੱਸਿਆ ਕਿ ਇਹ ਕਿਸ਼ਤੀ ਇੱਕ ਅਜਿਹੇ ਸੰਗਠਨ ਨਾਲ ਜੁੜੀ ਸੀ, ਜਿਸ ਨੂੰ ਅਮਰੀਕਾ ਨੇ ਪਹਿਲਾਂ ਹੀ ਅੱਤਵਾਦੀ ਐਲਾਨਿਆ ਹੋਇਆ ਹੈ, ਹਾਲਾਂਕਿ ਉਨ੍ਹਾਂ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਕਿਸ ਸਮੂਹ ਨੂੰ ਨਿਸ਼ਾਨਾ ਬਣਾਇਆ ਗਿਆ। ਇਹ ਹਮਲਾ ਸਤੰਬਰ ਦੀ ਸ਼ੁਰੂਆਤ ਤੋਂ ਹੁਣ ਤੱਕ ਅਮਰੀਕੀ ਫੌਜ ਵੱਲੋਂ ਕੈਰੇਬੀਅਨ ਸਮੁੰਦਰ ਜਾਂ ਪੂਰਬੀ ਪ੍ਰਸ਼ਾਂਤ ਖੇਤਰ ਵਿੱਚ ਡਰੱਗ ਤਸਕਰਾਂ ਉੱਤੇ ਕੀਤੀ 15ਵੀਂ ਹਵਾਈ ਕਾਰਵਾਈ ਹੈ।

ਇਸ ਤਰ੍ਹਾਂ ਦੀਆਂ ਕਾਰਵਾਈਆਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਵਿੱਚ ਡਰੱਗ ਤਸਕਰੀ ਵਿਰੁੱਧ ਇੱਕ ਵੱਡੀ ਰਣਨੀਤੀ ਦਾ ਹਿੱਸਾ ਹਨ। ਵਿਕੀਪੀਡੀਆ ਅਨੁਸਾਰ ਅਗਸਤ 2025 ਵਿੱਚ ਅਮਰੀਕਾ ਨੇ ਕੈਰੇਬੀਅਨ ਵਿੱਚ ਨੇਵੀ ਤਾਕਤ ਵਧਾਉਣੀ ਸ਼ੁਰੂ ਕੀਤੀ ਸੀ, ਜਿਸ ਨਾਲ ਸਮੁੰਦਰੀ ਰਸਤਿਆਂ ਰਾਹੀਂ ਡਰੱਗ ਪਹੁੰਚਾਉਣ ਵਾਲੇ 80% ਯਤਨਾਂ ਨੂੰ ਰੋਕਿਆ ਗਿਆ। ਇਨ੍ਹਾਂ ਕਾਰਵਾਈਆਂ ਨੇ ਨਾ ਸਿਰਫ਼ ਡਰੱਗ ਤਸਕਰੀ ਨੂੰ ਚੁਣੌਤੀ ਦਿੱਤੀ, ਸਗੋਂ ਵੈਨੇਜ਼ੂਏਲਾ ਨਾਲ ਤਣਾਅ ਵੀ ਵਧਾ ਦਿੱਤਾ ਹੈ। ਹੁਣ ਤੱਕ ਇਨ੍ਹਾਂ ਕਾਰਵਾਈਆਂ ਵਿੱਚ ਘੱਟੋ-ਘੱਟ 64 ਲੋਕ ਮਾਰੇ ਗਏ ਹਨ।

ਇਨ੍ਹਾਂ ਕਾਰਵਾਈਆਂ ਨੇ ਅਮਰੀਕਾ ਨੂੰ ਕੁਝ ਸਫਲਤਾ ਦਿੱਤੀ ਹੈ- ਉਦਾਹਰਨ ਲਈ, ਅਗਸਤ 2025 ਵਿੱਚ ਸ਼ੁਰੂ ਹੋਈ ਓਪਰੇਸ਼ਨ ਪੈਸੇਫਿਕ ਵਾਈਪਰ ਵਿੱਚ ਅਮਰੀਕੀ ਕੋਸਟ ਗਾਰਡ ਨੇ ਪੂਰਬੀ ਪੈਸੇਫਿਕ ਅਤੇ ਕੈਰੇਬੀਅਨ ਵਿੱਚ 34 ਰੇਡਾਂ ਨਾਲ 50 ਟਨ (ਲਗਭਗ 1,00,000 ਪਾਊਂਡ) ਕੋਕੀਨ ਜ਼ਬਤ ਕੀਤੀ, 86 ਸ਼ੱਕੀ ਤਸਕਰ ਗ੍ਰਿਫਤਾਰ ਹੋਏ। ਇਹ ਅਮਰੀਕੀ ਕੋਸਟ ਗਾਰਡ ਦੇ ਇਤਿਹਾਸ ਵਿੱਚ ਸਭ ਤੋਂ ਵੱਡੀ ਕੋਕੀਨ ਜ਼ਬਤੀ ਹੈ।

ਪਰ ਕੁੱਝ ਹੋਰ ਅੰਕੜੇ ਚਿੰਤਾਜਨਕ ਵੀ ਹਨ। ਨਿਊ ਯਾਰਕ ਟਾਈਮਜ਼ ਅਨੁਸਾਰ 2024 ਵਿੱਚ ਜਮਾਇਕਾ ਵਿੱਚ 2,508 ਕਿਲੋਗ੍ਰਾਮ ਕੋਕੀਨ ਜ਼ਬਤ ਕੀਤਾ ਗਿਆ, ਜੋ ਪਿਛਲੇ ਪੰਜ ਸਾਲਾਂ ਵਿੱਚ ਸਭ ਤੋਂ ਵਧ ਹੈ। ਵੋਲਾ (WOLA) ਦੀ ਰਿਪੋਰਟ ਮੁਤਾਬਕ ਵੈਨੇਜ਼ੂਏਲਾ ਰਾਹੀਂ ਹਰ ਸਾਲ 200-250 ਮੈਟ੍ਰਿਕ ਟਨ ਕੋਕੀਨ ਤਸਕਰੀ ਹੁੰਦੀ ਹੈ, ਜੋ ਅਮਰੀਕੀ ਡਰੱਗ ਮੌਤਾਂ (2024 ਵਿੱਚ 80,000 ਤੋਂ ਵੱਧ) ਦਾ ਇੱਕ ਵੱਡਾ ਕਾਰਨ ਹੈ।

ਤਾਜ਼ਾ ਫ਼ੌਜੀ ਹਮਲਿਆਂ ਨੇ ਤਸਕਰਾਂ ਨੂੰ ਰਣਨੀਤੀ ਬਦਲਣ ਲਈ ਮਜਬੂਰ ਕੀਤਾ ਹੈ-ਵਪਾਰੀ ਹੁਣ ਹਵਾਈ ਰਸਤਿਆਂ ਅਤੇ ਅਨਮੈਨਡ ਵੈਸਲਾਂ (ਨਾਰਕੋ-ਸਬਮੇਰੀਨਾਂ) ਵੱਲ ਵਧ ਰਹੇ ਹਨ, ਜਿਵੇਂ ਕਿ ਜੁਲਾਈ 2025 ਵਿੱਚ ਕੋਲੰਬੀਆ ਨੇੜੇ ਇੱਕ ਨਾਰਕੋ-ਸਬ ਫੜੀ ਗਈ ਸੀ।

### 'ਡਰੱਗ ਸਪਲਾਈ ਰੋਕਣ ਲਈ ਜ਼ਰੂਰੀ ਕਦਮ'

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਨ੍ਹਾਂ ਹਮਲਿਆਂ ਨੂੰ ਜਾਇਜ਼ ਠਹਿਰਾਉਂਦੇ ਹੋਏ ਕਿਹਾ ਹੈ ਕਿ ਇਹ ਅਮਰੀਕਾ ਵਿੱਚ ਡਰੱਗਾਂ ਦੀ ਸਪਲਾਈ ਲਈ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਅਮਰੀਕਾ ਹੁਣ ਡਰੱਗ ਕਾਰਟਲਾਂ ਵਿਰੁੱਧ ਹਥਿਆਰਬੰਦ ਸੰਘਰਸ਼ ਵਿੱਚ ਹੈ- ਠੀਕ ਉਸੇ ਕਾਨੂੰਨੀ ਅਧਿਕਾਰ ਅਧੀਨ, ਜੋ 9/11 ਤੋਂ ਬਾਅਦ ਅੱਤਵਾਦ ਵਿਰੁੱਧ ਯੁੱਧ ਲਈ ਵਰਤਿਆ ਗਿਆ ਸੀ। ਇਨ੍ਹਾਂ ਹਮਲਿਆਂ ਵਿੱਚ ਟਰੰਪ ਪ੍ਰਸ਼ਾਸਨ ਨੇ ਖੇਤਰ ਵਿੱਚ ਯੁੱਧਪੋਤਾਂ ਦੀ ਗਿਣਤੀ ਵਧਾ ਦਿੱਤੀ ਹੈ, ਜਿਸ ਨਾਲ ਇਹ ਮੁਹਿੰਮ ਹੋਰ ਤੇਜ਼ ਹੋ ਗਈ ਹੈ।

ਸੀ.ਐੱਨ.ਐੱਨ. ਅਨੁਸਾਰ ਸਤੰਬਰ 2025 ਤੋਂ ਟਰੰਪ ਪ੍ਰਸ਼ਾਸਨ ਨੇ 10 ਹਮਲੇ ਕੀਤੇ ਹਨ, ਜਿਨ੍ਹਾਂ ਵਿੱਚ 37 ਤੋਂ ਵੱਧ ਲੋਕ ਮਾਰੇ ਗਏ ਹਨ। ਇਹ ਕਾਰਵਾਈਆਂ ਵੈਨੇਜ਼ੂਏਲਾ ਅਤੇ ਕੋਲੰਬੀਆ ਨਾਲ ਜੁੜੀਆਂ ਹਨ, ਜਿੱਥੇ ਟਰੈਨ ਡੀ ਅਰਾਗੂਆ (TDA) ਅਤੇ ਨੈਸ਼ਨਲ ਲਿਬਰੇਸ਼ਨ ਆਰਮੀ (ELN) ਵਰਗੇ ਸਮੂਹਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਟਰੰਪ ਨੇ ਕਾਂਗਰਸ ਨੂੰ ਬੇਨਤੀ ਕੀਤੀ ਹੈ ਕਿ ਡਰੱਗ ਤਸਕਰਾਂ ਨੂੰ 'ਲਾਜ਼ਮੀ ਲੜਾਈ' ਵਿੱਚ ਵਰਗੀਕ੍ਰਿਤ ਕੀਤਾ ਜਾਵੇ, ਜਿਸ ਨਾਲ ਫੌਜ ਨੂੰ ਬਿਨਾ ਜਾਂਚ-ਪੜਤਾਲ ਮਾਰਨ ਦਾ ਅਧਿਕਾਰ ਮਿਲ ਜਾਵੇ। ਇਸ ਨਾਲ ਅਮਰੀਕੀ ਫੌਜ ਨੂੰ ਕੋਲੰਬੀਆ ਅਤੇ ਵੈਨੇਜ਼ੂਏਲਾ ਵਿੱਚ ਲੈਂਡ ਅਟੈਕਾਂ ਲਈ ਵੀ ਤਿਆਰੀ ਕਰਨ ਦਾ ਰਾਹ ਖੁੱਲ੍ਹ ਗਿਆ ਹੈ।

ਇਸੇ ਦੌਰਾਨ ਵੈਨੇਜ਼ੂਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਨੇ ਅਮਰੀਕੀ ਕਾਰਵਾਈਆਂ ਦੀ ਨਿੰਦਾ ਕਰਦੇ ਹੋਏ ਕਿਹਾ ਹੈ ਕਿ ਇਹ ਫ਼ੌਜੀ ਮੁਹਿੰਮਾਂ ਉਨ੍ਹਾਂ ਦੇ ਰਾਜ ਨੂੰ ਅਸਥਿਰ ਕਰਨ ਦਾ ਇੱਕ ਲੁਕਵਾਂ ਯਤਨ ਹੈ।

### ਅਮਰੀਕੀ ਰਾਜਨੀਤੀ ਵਿੱਚ ਵਿਵਾਦ

ਟਰੰਪ ਪ੍ਰਸ਼ਾਸਨ ਦੀ ਇਸ ਮੁਹਿੰਮ ਨੂੰ ਲੈ ਕੇ ਅਮਰੀਕਾ ਦੇ ਅੰਦਰ ਵੀ ਵਿਰੋਧ ਵਧ ਰਿਹਾ ਹੈ। ਡੈਮੋਕਰੈਟਿਕ ਸੰਸਦ ਮੈਂਬਰਾਂ ਨੇ ਇਲਜ਼ਾਮ ਲਗਾਇਆ ਹੈ ਕਿ ਰਾਸ਼ਟਰਪਤੀ ਟਰੰਪ ਕਾਂਗਰਸ ਦੀ ਮਨਜ਼ੂਰੀ ਬਿਨਾ ਸੈਨਿਕ ਕਾਰਵਾਈ ਕਰ ਰਹੇ ਹਨ, ਜੋ ਅੰਤਰਰਾਸ਼ਟਰੀ ਕਾਨੂੰਨ ਦਾ ਉਲੰਘਣ ਹੈ। ਸੈਨੇਟ ਮੈਂਬਰ ਰਿਚਰਡ ਬਲੂਮੈਂਥਲ ਨੇ ਕਿਹਾ ਕਿ ਇਸ ਤਰ੍ਹਾਂ ਸੈਨਿਕ ਖੇਤਰ ਨੂੰ ਵਿਸਥਾਰ ਦੇਣਾ ਲਾਪਰਵਾਹੀ ਹੈ। ਇਹ ਅਮਰੀਕੀ ਫੌਜ ਦੀ ਰਾਜਨੀਤਿਕ ਵਰਤੋਂ ਹੈ। ਹਾਲਾਂਕਿ ਟਰੰਪ ਨੇ ਸਾਫ਼ ਕਿਹਾ ਕਿ ਅਸੀਂ ਯੁੱਧ ਦਾ ਐਲਾਨ ਨਹੀਂ ਕਰ ਰਹੇ। ਜੋ ਲੋਕ ਅਮਰੀਕਾ ਵਿੱਚ ਡਰੱਗ ਲੈ ਕੇ ਆ ਰਹੇ ਹਨ, ਅਸੀਂ ਉਨ੍ਹਾਂ ਨੂੰ ਖ਼ਤਮ ਕਰਨਾ ਹੈ।

ਰਿਪਬਲਿਕਨ ਬਹੁਮਤ ਵਾਲੀ ਸੈਨੇਟ ਨੇ ਹਾਲ ਹੀ ਵਿੱਚ ਡੈਮੋਕਰੈਟਸ ਦੇ ਉਸ ਪ੍ਰਸਤਾਵ ਨੂੰ ਰੱਦ ਕਰ ਦਿੱਤਾ, ਜਿਸ ਵਿੱਚ ਰਾਸ਼ਟਰਪਤੀ ਨੂੰ ਭਵਿੱਖੀ ਕਿਸੇ ਵੀ ਸੈਨਿਕ ਕਾਰਵਾਈ ਤੋਂ ਪਹਿਲਾਂ ਕਾਂਗਰਸ ਦੀ ਇਜਾਜ਼ਤ ਲੈਣ ਦੀ ਲੋੜ ਦੱਸੀ ਗਈ ਸੀ।

ਇਸ ਮਹਿੰਮ ਨੇ ਅਮਰੀਕੀ ਡਰੱਗ ਸੰਕਟ ਨੂੰ ਰੋਕਣ ਵਿੱਚ ਮਦਦ ਕੀਤੀ ਹੈ। ਸਾਲ 2023 ਵਿੱਚ 1,10,000 ਤੋਂ ਵੱਧ ਡਰੱਗ ਮੌਤਾਂ 2024 ਵਿੱਚ 80,000 ਤੋਂ ਘੱਟ ਹੋ ਗਈਆਂ ਹਨ, ਪਰ ਇਹ ਵੀ ਸਪੱਸ਼ਟ ਹੈ ਕਿ ਫੈਂਟਾਨਿਲ ਵਰਗੀਆਂ ਡਰੱਗਾਂ ਮੁੱਖ ਤੌਰ 'ਤੇ ਮੈਕਸੀਕੋ ਰਾਹੀਂ ਲੈਂਡ ਰਸਤੇ ਆਉਂਦੀਆਂ ਹਨ। ਇਸ ਲਈ ਇਹ ਕਾਰਵਾਈਆਂ ਸਿਰਫ਼ ਡਰੱਗ ਯੁੱਧ ਨਹੀਂ, ਸਗੋਂ ਭੂ-ਰਾਜਨੀਤਿਕ ਰਣਨੀਤੀ ਦਾ ਹਿੱਸਾ ਵੀ ਹਨ। ਜੇ ਇਹ ਜਾਰੀ ਰਿਹਾ ਤਾਂ ਅਮਰੀਕਾ ਵਿੱਚ ਨਵਾਂ ਸੰਕਟ ਪੈਦਾ ਹੋ ਸਕਦਾ ਹੈ।

ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥

ਹਰਜੀਤ ਸਿੰਘ (ਹੈਰੀ) ਬਾਠ ਅਤੇ ਸਮੂਹ ਬਾਠ ਪਰਿਵਾਰ
(ਸ਼ਿਕਾਗੋ) ਵੱਲੋਂ ਸਮੁੱਚੇ ਪੰਜਾਬੀ ਭਾਈਚਾਰੇ ਨੂੰ


# ਧੰਨ ਧੰਨ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ

# HAPPY GURPURAB

IMMEDIATE AIR CARGO TRANSIT

IACT

Celebrating
30 Years
of Service



OUR LOCATION
1371 North Wood Dale Rd
Wood Dale, IL 60191

## Your Business Requires Immediate Action

### Mission Statement

Immediate Air Cargo Aims To Provide Client Tailored, Efficient, One Stop Solution To All Your Transportation And Logistics Needs. Utilizing Our Experience, Enthusiastic Employees, And User-friendly Customer Interfaces, We Strive To Be Your. Leading Logistics Partner Committed To Tracking The Challenges Of An Ever-changing Transportation Landscape.

### Warehousing Services

*We‘re Just Minutes Out Site of Chicago O‘Hare International Airport.
*4 Docks & 1 Overhead Ramp Door.
*FCL Breakdown
*Short Term & Long Term Storage Solutions.
*Palletizing, Shrink Wrapping And Banding Available In House.

### Client Tailored Solutions & Services

- Trucking Services
- Air Freight Services
- Dedicated Hot Shot Services
- Ocean Freight Services
- Distribution Services
- Warehousing Services
- Drop Shipping Solutions

Call us: Harjit S. Bath & Team IACT Direct: 847.366.3826 Office: 847.357.1200
HarryB@immediateAir.com Contact@immidiateAir.com Immediateair.com

# ਪਾਕਿਸਤਾਨ 'ਚ ਲੋਕ ਮਾਨਸਿਕ ਬਿਮਾਰੀਆਂ ਦੀ ਜਕੜ ਹੇਠ

***ਹਰ 3 ਵਿੱਚੋਂ 1 ਵਿਅਕਤੀ ਮਾਨਸਿਕ ਤੌਰ 'ਤੇ ਬੀਮਾਰ *ਇੱਕ ਸਾਲ ਵਿੱਚ ਮਾਨਸਿਕ ਤਣਾਅ ਕਾਰਨ 1,000 ਖ਼ੁਦਕੁਸ਼ੀਆਂ**

**ਰਿਜ਼ਵਾਨ (ਕਰਾਚੀ)**

ਪਾਕਿਸਤਾਨ ਦੀ ਲਗਭਗ 34 ਫ਼ੀਸਦੀ ਆਬਾਦੀ ਕਿਸੇ ਨਾ ਕਿਸੇ ਮਾਨਸਿਕ ਬੀਮਾਰੀ ਨਾਲ ਪ੍ਰਭਾਵਿਤ ਹੈ। ਸਥਿਤੀ ਕਿੰਨੀ ਖਰਾਬ ਹੈ, ਇਸਦਾ ਅੰਦਾਜ਼ਾ ਇਸ ਗੱਲ ਤੋਂ ਲੱਗਦਾ ਹੈ ਕਿ ਲੰਘੇ ਸਾਲ ਦੇਸ਼ ਵਿੱਚ ਮਾਨਸਿਕ ਤਣਾਅ ਕਾਰਨ 1,000 ਖ਼ੁਦਕੁਸ਼ੀਆਂ ਹੋਈਆਂ। ਇਹ ਅੰਕੜੇ ਵਿਸ਼ਵ ਸਿਹਤ ਸੰਗਠਨ (ਡਬਲਯੂ.ਐਚ.ਓ.) ਦੀ ਸਾਲ 2022 ਦੀ ਰਿਪੋਰਟ ਨਾਲ ਮੇਲ ਖਾਂਦੇ ਹਨ, ਜਿਸ ਅਨੁਸਾਰ ਦੱਖਣੀ ਏਸ਼ੀਆ ਵਿੱਚ ਪਾਕਿਸਤਾਨ ਵਰਗੇ ਦੇਸ਼ਾਂ ਵਿੱਚ ਡਿਪ੍ਰੈਸ਼ਨ ਅਤੇ ਐਂਗਜ਼ਾਈਟੀ ਵਰਗੀਆਂ ਬੀਮਾਰੀਆਂ 15-20% ਵਧ ਰਹੀਆਂ ਹਨ, ਜੋ ਕੋਵਿਡ-19 ਮਹਾਮਾਰੀ ਤੋਂ ਬਾਅਦ ਹੋਰ ਵੀ ਤੇਜ਼ ਹੋ ਗਈਆਂ ਹਨ। ਇਸ ਤੋਂ ਇਲਾਵਾ ਯੂਨੀਸੇਫ ਦੀ ਰਿਪੋਰਟ ਮੁਤਾਬਕ ਪਾਕਿਸਤਾਨ ਵਿੱਚ 10 ਲੱਖ ਤੋਂ ਵੱਧ ਬੱਚੇ ਮਾਨਸਿਕ ਤਣਾਅ ਨਾਲ ਪੀੜਤ ਹਨ, ਜਿਨ੍ਹਾਂ ਵਿੱਚੋਂ 40% ਨੂੰ ਸਕੂਲੀ ਦਬਾਅ ਅਤੇ ਘਰੇਲੂ ਸਮੱਸਿਆਵਾਂ ਕਾਰਨ ਪ੍ਰਭਾਵ ਪੈ ਰਿਹਾ ਹੈ।

### ਹੈਰਾਨੀਜਨਕ ਅੰਕੜੇ ਤੇ ਵਿਗੜਦੀ ਸਥਿਤੀ

ਪਾਕਿਸਤਾਨ ਵਿੱਚ ਦਿਮਾਗੀ ਸਿਹਤ ਬਾਰੇ ਹੈਰਾਨੀਜਨਕ ਅੰਕੜੇ ਸਾਹਮਣੇ ਆਏ ਹਨ। ਮਾਨਸਿਕ ਸਿਹਤ ਉੱਤੇ ਹੋਏ ਇੱਕ ਸੈਮੀਨਾਰ ਵਿੱਚ ਮਾਹਿਰਾਂ ਨੇ ਦੱਸਿਆ ਹੈ ਕਿ ਪਾਕਿਸਤਾਨ ਦੀ ਲਗਭਗ 34 ਫ਼ੀਸਦੀ ਆਬਾਦੀ ਕਿਸੇ ਨਾ ਕਿਸੇ ਤਰ੍ਹਾਂ ਦੀ ਮਾਨਸਿਕ ਬੀਮਾਰੀ ਨਾਲ ਜੂਝ ਰਹੀ ਹੈ। ਪਾਕਿਸਤਾਨ ਵਿੱਚ ਲੰਘੇ ਸਾਲ ਮਾਨਸਿਕ ਤਣਾਅ ਨਾਲ ਜੁੜੀਆਂ 1,000 ਤੋਂ ਵੱਧ ਆਤਮਹੱਤਿਆਵਾਂ ਦਰਜ ਹੋਈਆਂ, ਜੋ ਬਦਤਰ ਹੋ ਰਹੀ ਸਥਿਤੀ ਨੂੰ ਦਰਸਾਉਂਦੀਆਂ ਹਨ। ਪਾਕਿਸਤਾਨ ਵਿੱਚ ਖਾਸ ਤੌਰ 'ਤੇ ਔਰਤਾਂ ਤੇਜ਼ੀ ਨਾਲ ਡਿਪ੍ਰੈਸ਼ਨ ਦੀ ਲਪੇਟ ਵਿੱਚ ਆ ਰਹੀਆਂ ਹਨ। ਐਕਸਪਰਟਾਂ ਨੇ ਇਹ ਵੀ ਦੱਸਿਆ ਕਿ ਪਾਕਿਸਤਾਨ ਦੀ 10 ਫ਼ੀਸਦੀ ਆਬਾਦੀ ਨਸ਼ੇ ਦੀ ਲਤ ਵਿੱਚ ਹੈ।

'ਸਮਾ ਟੀ.ਵੀ.' ਦੀ ਰਿਪੋਰਟ ਅਨੁਸਾਰ ਕਰਾਚੀ ਵਿੱਚ ਆਯੋਜਿਤ 26ਵੇਂ ਅੰਤਰਰਾਸ਼ਟਰੀ ਮਾਨਸਿਕ ਰੋਗ ਸੰਮੇਲਨ ਦੌਰਾਨ ਐਕਸਪਰਟਾਂ ਨੇ ਆਪਣੇ ਨਤੀਜੇ ਸਾਂਝੇ ਕੀਤੇ ਹਨ। ਇਸ ਵਿੱਚ ਦੱਸਿਆ ਗਿਆ ਕਿ ਆਰਥਿਕ ਸੰਘਰਸ਼, ਸਮਾਜਿਕ ਦਬਾਅ ਅਤੇ ਵਾਰ-ਵਾਰ ਆਉਣ ਵਾਲੀਆਂ ਆਫ਼ਤਾਂ ਨੇ ਮਾਨਸਿਕ ਸਿਹਤ ਉੱਤੇ ਅਸਰ ਪਾਇਆ ਹੈ। ਸੰਮੇਲਨ ਵਿੱਚ ਪੇਸ਼ ਅੰਕੜਿਆਂ ਵਿੱਚ ਕਿਹਾ ਗਿਆ ਕਿ ਹਰ ਤਿੰਨ ਵਿੱਚੋਂ ਇੱਕ ਪਾਕਿਸਤਾਨੀ ਅਤੇ ਦੁਨੀਆ ਵਿੱਚ ਹਰ ਪੰਜ ਵਿੱਚੋਂ ਇੱਕ ਵਿਅਕਤੀ ਮਾਨਸਿਕ ਸਿਹਤ ਸਮੱਸਿਆ ਨਾਲ ਪੀੜਤ ਹੈ। ਵਿਸ਼ਵ ਸਿਹਤ ਸੰਗਠਨ (ਡਬਲਯੂ.ਐਚ.ਓ.) ਦੀ 2023 ਰਿਪੋਰਟ ਅਨੁਸਾਰ ਪਾਕਿਸਤਾਨ ਵਿੱਚ ਮਾਨਸਿਕ ਬੀਮਾਰੀਆਂ ਕਾਰਨ ਹੋਣ ਵਾਲੀਆਂ ਮੌਤਾਂ 20% ਵਧ ਗਈਆਂ ਹਨ, ਜੋ ਕਿ ਦੇਸ਼ 'ਚ ਕੁੱਲ ਮੌਤਾਂ ਦੇ 13% ਤੱਕ ਪਹੁੰਚ ਗਈਆਂ ਹਨ। ਇਸ ਤੋਂ ਇਲਾਵਾ ਲੈਂਸਟ ਨੇ 2024 ਵਿੱਚ ਇੱਕ ਅਧਿਐਨ ਜਾਰੀ ਕੀਤਾ, ਜਿਸ ਵਿੱਚ ਪਾਕਿਸਤਾਨ ਨੂੰ ਵਿਸ਼ਵ ਦੇ 20 ਸਭ ਤੋਂ ਵੱਧ ਪ੍ਰਭਾਵਿਤ ਦੇਸ਼ਾਂ ਵਿੱਚ ਸ਼ਾਮਲ ਕੀਤਾ ਗਿਆ ਹੈ। ਇਹ ਅੰਕੜੇ ਨਾ ਸਿਰਫ਼ ਚਿੰਤਾਜਨਕ ਹਨ, ਸਗੋਂ ਇਹ ਵੀ ਦਰਸਾਉਂਦੇ ਹਨ ਕਿ ਪਾਕਿਸਤਾਨ ਵਿੱਚ ਮਾਨਸਿਕ ਸਿਹਤ ਨੂੰ ਲੈ ਕੇ ਸਰਕਾਰੀ ਨੀਤੀਆਂ ਅਜੇ ਵੀ ਬੇਹਾਲ ਹੀ ਹਨ।

### ਨੌਜਵਾਨਾਂ ਅਤੇ ਔਰਤਾਂ ਵਿੱਚ ਵਧਦੀ ਨਿਰਾਸ਼ਾ ਅਤੇ ਚੁਣੌਤੀਆਂ

ਕਰਾਚੀ ਸੰਮੇਲਨ ਦੀ ਵਿਗਿਆਨਕ ਕਮੇਟੀ ਦੇ ਪ੍ਰਧਾਨ ਪ੍ਰੋਫੈਸਰ ਮੁਹੰਮਦ ਇਕਬਾਲ ਅਫ਼ਰੀਦੀ ਨੇ ਕਿਹਾ ਕਿ ਡਿਪ੍ਰੈਸ਼ਨ ਅਤੇ ਐਂਗਜ਼ਾਈਟੀ ਪਾਕਿਸਤਾਨ ਵਿੱਚ ਆਮ ਗੱਲ ਹੋ ਗਈ ਹੈ। ਔਰਤਾਂ ਘਰੇਲੂ ਝਗੜਿਆਂ ਅਤੇ ਸਮਾਜ ਵਿੱਚ ਪਛਾਣ ਨਾ ਮਿਲਣ ਕਾਰਨ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਰਹੀਆਂ ਹਨ। ਨੌਜਵਾਨਾਂ ਵਿੱਚ ਨਸ਼ਾ ਵਿਗੜਦੀ ਮਾਨਸਿਕ ਸਿਹਤ ਵਿੱਚ ਇੱਕ ਵੱਡਾ ਕਾਰਨ ਬਣ ਕੇ ਉਭਰਿਆ ਹੈ। ਨੌਜਵਾਨ ਆਪਣੇ ਭਵਿੱਖ ਨੂੰ ਲੈ ਕੇ ਬਹੁਤ ਹੀ ਨਿਰਾਸ਼ ਮਹਿਸੂਸ ਕਰ ਰਹੇ ਹਨ। ਪ੍ਰੋਫੈਸਰ ਅਫ਼ਰੀਦੀ ਨੇ ਹੋਰ ਦੱਸਿਆ ਕਿ ਪਾਕਿਸਤਾਨ ਵਿੱਚ 18-35 ਸਾਲ ਦੇ ਨੌਜਵਾਨਾਂ ਵਿੱਚ 45% ਨੂੰ ਐਂਗਜ਼ਾਈਟੀ ਅਤੇ ਨਿਰਾਸ਼ਾ ਹੈ, ਜੋ ਬੇਰੁਜ਼ਗਾਰੀ ਦਰ (2024 ਵਿੱਚ 8.5%) ਅਤੇ ਆਰਥਿਕ ਅਸਥਿਰਤਾ ਕਾਰਨ ਵਧ ਰਹੀ ਹੈ। ਔਰਤਾਂ ਵਿੱਚ ਇਹ ਅੰਕੜਾ 50% ਤੱਕ ਪਹੁੰਚ ਗਿਆ ਹੈ, ਜਿੱਥੇ ਘਰੇਲੂ ਹਿੰਸਾ ਦੇ ਕੇਸਾਂ ਵਿੱਚ 30% ਵਾਧਾ ਹੋਇਆ ਹੈ, ਜਿਵੇਂ ਕਿ ਹਿਊਮਨ ਰਾਈਟਸ ਵਾਚ ਦੀ 2023 ਰਿਪੋਰਟ ਵਿੱਚ ਦੱਸਿਆ ਗਿਆ ਹੈ। ਨਸ਼ੇ ਦੀ ਲਤ ਵੀ ਇੱਕ ਵੱਡੀ ਸਮੱਸਿਆ ਹੈ-ਪਾਕਿਸਤਾਨ ਨੈਸ਼ਨਲ ਡਰੱਗ ਬਿਊਰੋ (2022) ਅਨੁਸਾਰ 7 ਮਿਲੀਅਨ ਤੋਂ ਵੱਧ ਲੋਕ ਹੈਰੋਇਨ ਅਤੇ ਕੈਨਾਬਿਸ ਵਰਗੇ ਨਸ਼ਿਆਂ ਦੀ ਲਤ ਵਿੱਚ ਹਨ, ਜੋ ਮਾਨਸਿਕ ਬੀਮਾਰੀਆਂ ਨੂੰ 60% ਵਧਾਉਂਦੇ ਹਨ। ਇਹ ਸਮੱਸਿਆਵਾਂ ਨਾ ਸਿਰਫ਼ ਵਿਅਕਤੀਗਤ ਹਨ, ਸਗੋਂ ਪੂਰੇ ਸਮਾਜ ਨੂੰ ਪ੍ਰਭਾਵਿਤ ਕਰ ਰਹੀਆਂ ਹਨ, ਜਿਵੇਂ



ਕਿ ਵਧਦੇ ਤਲਾਕਾਂ ਦੀ ਗਿਣਤੀ (ਹਰ ਸਾਲ 20,000 ਤੋਂ ਵੱਧ) ਅਤੇ ਕਾਰੋਬਾਰੀ ਨੁਕਸਾਨ (ਲਗਭਗ 2% ਜੀ.ਡੀ.ਪੀ.)।

### ਜਾਗਰੂਕਤਾ ਦੀ ਕਮੀ ਅਤੇ ਘੱਟ ਸਾਧਨ: ਇੱਕ ਵੱਡੀ ਚੁਣੌਤੀ

ਐਕਸਪਰਟਾਂ ਨੇ ਪਾਕਿਸਤਾਨ ਵਿੱਚ ਮਾਨਸਿਕ ਸਿਹਤ ਨੂੰ ਲੈ ਕੇ ਜਾਗਰੂਕਤਾ ਦੀ ਕਮੀ ਉੱਤੇ ਵੀ ਚਿੰਤਾ ਜ਼ਾਹਰ ਕੀਤੀ ਹੈ। ਪਾਕਿਸਤਾਨ ਵਿੱਚ ਮੈਂਟਲ ਹੈਲਥ ਕੇਅਰ ਟੇਕਰ ਬਹੁਤ ਘੱਟ ਹਨ। ਪਾਕਿਸਤਾਨ ਵਿੱਚ 24 ਕਰੋੜ ਤੋਂ ਵੱਧ ਆਬਾਦੀ ਲਈ 90 ਮਾਨਸਿਕ ਰੋਗਾਂ ਦੇ ਡਾਕਟਰ ਹਨ। ਗਲੋਬਲ ਹੈਲਥ ਸਟੈਂਡਰਡ ਅਨੁਸਾਰ 10,000 ਲੋਕਾਂ ਉੱਤੇ ਇੱਕ ਮਾਨਸਿਕ ਰੋਗਾਂ ਦਾ ਡਾਕਟਰ ਹੋਣਾ ਚਾਹੀਦਾ ਹੈ। ਪਾਕਿਸਤਾਨ ਵਿੱਚ 550,000 ਮਰੀਜ਼ਾਂ ਉੱਤੇ ਇੱਕ ਮਾਨਸਿਕ ਰੋਗਾਂ ਦਾ ਡਾਕਟਰ ਹੈ। ਇਸ ਨਾਲ ਚੀਜ਼ਾਂ ਹੋਰ ਵੀ ਖਰਾਬ ਹੋ ਗਈਆਂ ਹਨ।

ਇਹ ਅੰਕੜੇ ਅਸਲੀ ਚੁਣੌਤੀਆਂ ਹਨ। ਵਿਸ਼ਵ ਬੈਂਕ ਦੀ 2024 ਦੀ ਰਿਪੋਰਟ ਅਨੁਸਾਰ ਪਾਕਿਸਤਾਨ ਵਿੱਚ ਮਾਨਸਿਕ ਸਿਹਤ ਉੱਤੇ ਸਰਕਾਰੀ ਖਰਚਾ ਕੁੱਲ ਬਜਟ ਦਾ ਸਿਰਫ਼ 0.4% ਹੈ, ਜੋ ਭਾਰਤ (0.9%) ਅਤੇ ਬੰਗਲਾਦੇਸ਼ (0.6%) ਤੋਂ ਵੀ ਘੱਟ ਹੈ। ਇਸ ਕਾਰਨ 70% ਮਰੀਜ਼ ਇਲਾਜ ਤੋਂ ਵਾਂਝੇ ਰਹਿ ਜਾਂਦੇ ਹਨ ਅਤੇ ਗਰੀਬ ਖੇਤਰਾਂ ਵਿੱਚ ਇਹ ਅੰਕੜਾ 90% ਤੱਕ ਪਹੁੰਚ ਜਾਂਦਾ ਹੈ। ਨਾਲ ਹੀ, ਸਮਾਜ ਵਿੱਚ ਕਲੰਕ ਦੀ ਭਾਵਨਾ ਕਾਰਨ 60% ਲੋਕ ਇਲਾਜ ਨਹੀਂ ਕਰਵਾਉਂਦੇ, ਜਿਵੇਂ ਕਿ ਲੈਂਸਟ ਜਰਨਲ ਦੇ ਇੱਕ ਅਧਿਐਨ ਵਿੱਚ ਦੱਸਿਆ ਗਿਆ ਹੈ। ਇਹ ਸਥਿਤੀ ਨਾ ਸਿਰਫ਼ ਆਮ ਬੰਦੇ ਨੂੰ ਤਬਾਹ ਕਰ ਰਹੀ ਹੈ, ਸਗੋਂ ਅਰਥਵਿਵਸਥਾ ਨੂੰ ਵੀ ਨੁਕਸਾਨ ਪਹੁੰਚਾ ਰਹੀ ਹੈ। ਇਸ ਨਾਲ ਹਰ ਸਾਲ 1.5 ਬਿਲੀਅਨ ਡਾਲਰ ਦਾ ਨੁਕਸਾਨ ਹੁੰਦਾ ਹੈ, ਜੋ ਬੇਰੁਜ਼ਗਾਰੀ ਅਤੇ ਉਤਪਾਦਕਤਾ ਨਾਲ ਜੁੜਿਆ ਹੈ।

### ਹੱਲ ਅਤੇ ਸੁਝਾਅ: ਨੀਤੀਆਂ ਦੀ ਲੋੜ

ਇਸ ਸੰਮੇਲਨ ਵਿੱਚ ਐਕਸਪਰਟਾਂ ਨੇ ਸੁਝਾਅ ਵੀ ਦਿੱਤੇ ਹਨ। ਪ੍ਰੋਫੈਸਰ ਅਫ਼ਰੀਦੀ ਨੇ ਕਿਹਾ ਕਿ ਸਰਕਾਰ ਨੂੰ ਮਾਨਸਿਕ ਸਿਹਤ ਲਈ ਵਧੇਰੇ ਬਜਟ ਬਣਾਉਣਾ ਚਾਹੀਦਾ ਹੈ ਅਤੇ ਸਕੂਲਾਂ-ਕਾਲਜਾਂ ਵਿੱਚ ਕਾਊਂਸਲਿੰਗ ਪ੍ਰੋਗਰਾਮ ਸ਼ੁਰੂ ਕਰਨੇ ਚਾਹੀਦੇ ਹਨ। ਡਬਲਯੂ.ਐਚ.ਓ. ਨੇ ਵੀ ਪਾਕਿਸਤਾਨ ਨੂੰ ਸਲਾਹ ਦਿੱਤੀ ਹੈ ਕਿ ਡਿਜੀਟਲ ਪਲੇਟਫਾਰਮਾਂ (ਜਿਵੇਂ ਐਪਸ ਅਤੇ ਹੈਲਪਲਾਈਨਾਂ) ਨੂੰ ਵਧਾਇਆ ਜਾਵੇ, ਜੋ ਕਿ ਭਾਰਤ ਵਿੱਚ 'ਕਿਰਨ' ਵਰਗੇ ਪ੍ਰੋਗਰਾਮਾਂ ਵਰਗੇ ਹਨ ਅਤੇ 50% ਮਰੀਜ਼ਾਂ ਨੂੰ ਮਦਦ ਪਹੁੰਚਾਉਂਦੇ ਹਨ। ਨਸ਼ੇ ਵਿਰੁੱਧ ਐਨ.ਡੀ.ਪੀ.ਏ. (ਨੈਸ਼ਨਲ ਡਰੱਗ ਪੋਲਿਸੀ ਐਂਡ ਅਥਾਰਟੀ) ਨੇ 2024 ਵਿੱਚ 1 ਲੱਖ ਨੌਜਵਾਨਾਂ ਨੂੰ ਰਿਹੈਬਿਲੇਟੇਸ਼ਨ ਪ੍ਰੋਗਰਾਮਾਂ ਵਿੱਚ ਸ਼ਾਮਲ ਕੀਤਾ ਹੈ, ਪਰ ਇਹ ਅਜੇ ਕਾਫ਼ੀ ਨਹੀਂ। ਔਰਤਾਂ ਲਈ ਵਿਸ਼ੇਸ਼ ਸੈਂਟਰ ਖੋਲ੍ਹਣ ਦੀ ਲੋੜ ਹੈ, ਜਿੱਥੇ ਘਰੇਲੂ ਹਿੰਸਾ ਨਾਲ ਜੁੜੀਆਂ ਮਾਨਸਿਕ ਸਮੱਸਿਆਵਾਂ ਨੂੰ ਹੱਲ ਕੀਤਾ ਜਾਵੇ।

ਅੰਤ ਵਿੱਚ, ਇਹ ਸੰਮੇਲਨ ਇੱਕ ਸੁਨੇਹਾ ਦਿੰਦਾ ਹੈ ਕਿ ਪਾਕਿਸਤਾਨ ਨੂੰ ਤੁਰੰਤ ਕਾਰਵਾਈ ਕਰਨੀ ਪਵੇਗੀ। ਜੇ ਨਾ ਕੀਤੀ ਗਈ ਤਾਂ ਇਹ ਅੰਕੜੇ ਹੋਰ ਵਧਣਗੇ ਅਤੇ ਨਵੀਂ ਪੀੜ੍ਹੀ ਨੂੰ ਖ਼ਤਰੇ ਵਿੱਚ ਪਾ ਦੇਣਗੇ। ਸਮਾਜ ਨੂੰ ਜਾਗਰੂਕ ਹੋਣਾ ਪਵੇਗਾ ਅਤੇ ਸਰਕਾਰ ਨੂੰ ਲੋਕ-ਪੱਖੀ ਨੀਤੀਆਂ ਬਣਾਉਣੀਆਂ ਪੈਣਗੀਆਂ, ਤਾਂ ਜੋ ਮਾਨਸਿਕ ਸਿਹਤ ਨੂੰ ਇੱਕ ਅਧਿਕਾਰ ਬਣਾਇਆ ਜਾ ਸਕੇ।


ਇੱਕ ਮਹਾਨ ਮਾਨਵਤਾਵਾਦੀ, ਵਿਚਿਤ੍ਰ ਵਿਅਕਤਿਤਵ ਵਾਲੇ ਅਤੇ
ਵਿਸ਼ਵ-ਭਾਈਚਾਰੇ ਵਿੱਚ ਯਕੀਨ ਰੱਖਣ ਵਾਲੇ ਯੁਗ ਪੁਰਸ਼
ਗੁਰੂ ਨਾਨਕ ਪਾਤਿਸ਼ਾਹ ਦੇ ਆਗਮਨ ਪੁਰਬ ਦੀ



ਡਾ. ਰਛਪਾਲ ਸਿੰਘ ਬਾਜਵਾ
ਫੋਨ: 630-303-8330

ਲੱਖ ਲੱਖ ਵਧਾਈ

ਆਓ, ਗੁਰੂ ਨਾਨਕ ਸਾਹਿਬ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਮਨੁੱਖਤਾ ਦੇ ਕਲਿਆਣ ਹਿੱਤ ਕਾਰਜ ਕਰੀਏ



ਰਘਵਿੰਦਰ ਸਿੰਘ ਮਾਹਲ
ਫੋਨ: 331-321-6304

ਵੱਲੋਂ: ਸਮੂਹ ਬਾਜਵਾ ਅਤੇ ਮਾਹਲ ਪਰਿਵਾਰ (ਸ਼ਿਕਾਗੋਲੈਂਡ)

ਵੇਰਵਾ

ਡਾ. ਰਛਪਾਲ ਸਿੰਘ ਬਾਜਵਾ
ਫੋਨ: 630-303-8330



# ਪੰਜਾਬ ਵਿੱਚ ਕਣਕ-ਚੌਲ ਉਤਪਾਦਨ ਦੇ ਵਾਤਾਵਰਣ ਅਤੇ ਮਨੁੱਖੀ ਸਿਹਤ 'ਤੇ ਮਾੜੇ ਪ੍ਰਭਾਵ ਤੇ ਆਰਥਿਕ ਮੁਲੰਕਣ

ਪੰਜਾਬ, ਜਿਸਨੂੰ ਕਦੇ 'ਭਾਰਤ ਦਾ ਭੰਡਾਰ' ਕਿਹਾ ਜਾਂਦਾ ਸੀ, ਨੇ ਹਰੀ ਕ੍ਰਾਂਤੀ ਤੋਂ ਬਾਅਦ ਰਾਸ਼ਟਰੀ ਖੁਰਾਕ ਸੁਰੱਖਿਆ ਪ੍ਰਾਪਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਇਸਦੇ ਉਪਜਾਊ ਮੈਦਾਨ, ਉੱਨਤ ਸਿੰਚਾਈ ਪ੍ਰਣਾਲੀ ਅਤੇ ਮਿਹਨਤੀ ਕਿਸਾਨਾਂ ਨੇ ਇਸਨੂੰ ਭਾਰਤ ਦੇ ਚੌਲ ਅਤੇ ਕਣਕ ਦੇ ਉਤਪਾਦਨ ਦਾ ਦਿਲ ਬਣਾਇਆ। ਹਾਲਾਂਕਿ ਇਸ ਸੀਮਤ ਫਸਲੀ ਪੈਟਰਨ 'ਤੇ ਦਹਾਕਿਆਂ ਦੀ ਜ਼ਿਆਦਾ ਨਿਰਭਰਤਾ ਨੇ ਪੰਜਾਬ ਦੇ ਲੋਕਾਂ ਲਈ ਗੰਭੀਰ ਵਾਤਾਵਰਣ ਅਸੰਤੁਲਨ ਅਤੇ ਵਧਦੀ ਸਿਹਤ ਚਿੰਤਾਵਾਂ ਪੈਦਾ ਕੀਤੀਆਂ ਹਨ।

### 1. ਵਾਤਾਵਰਣ ਦੇ ਨਤੀਜੇ

**(ੳ) ਭੂਮੀਗਤ ਪਾਣੀ ਦੀ ਕਮੀ:** ਚੌਲਾਂ ਦੀ ਕਾਸ਼ਤ, ਖਾਸ ਕਰ ਕੇ ਝੋਨੇ ਲਈ ਬਹੁਤ ਜ਼ਿਆਦਾ ਪਾਣੀ ਦੀ ਲੋੜ ਹੁੰਦੀ ਹੈ- ਇੱਕ ਕਿਲੋਗ੍ਰਾਮ ਚੌਲਾਂ ਲਈ ਲਗਭਗ 4-5 ਹਜ਼ਾਰ ਲੀਟਰ। ਪੰਜਾਬ, ਇੱਕ ਅਰਧ-ਸੁੱਕਾ ਖੇਤਰ ਹੋਣ ਕਰਕੇ ਪਾਣੀ-ਸੰਬੰਧੀ ਅਜਿਹੀ ਖੇਤੀ ਨੂੰ ਸਮਰਥਨ ਦੇਣ ਲਈ ਕੁਦਰਤੀ ਬਾਰਿਸ਼ ਨਹੀਂ ਹੈ। ਨਤੀਜੇ ਵਜੋਂ ਕਿਸਾਨ ਟਿਊਬਵੈੱਲਾਂ ਰਾਹੀਂ ਭੂਮੀਗਤ ਪਾਣੀ ਕੱਢਣ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੇ ਹਨ।

ਇਸ ਜ਼ਿਆਦਾ ਸ਼ੋਸ਼ਣ ਕਾਰਨ ਭੂਮੀਗਤ ਪਾਣੀ ਦੇ ਪੱਧਰ ਵਿੱਚ ਨਾਟਕੀ ਗਿਰਾਵਟ ਆਈ ਹੈ- ਕਈ ਜ਼ਿਲ੍ਹਿਆਂ ਵਿੱਚ ਪ੍ਰਤੀ ਸਾਲ ਲਗਭਗ ਇੱਕ ਮੀਟਰ ਹੈ; ਭਵਿੱਖ ਵਿੱਚ ਪਾਣੀ ਸੁਰੱਖਿਆ ਨੂੰ ਖ਼ਤਰਾ ਹੈ ਅਤੇ ਖੂਹ ਸੁੱਕ ਗਏ ਹਨ।

**(ਅ) ਮਿੱਟੀ ਦਾ ਪਤਨ:** ਚੌਲ ਅਤੇ ਕਣਕ ਦੀ ਲਗਾਤਾਰ ਕਾਸ਼ਤ ਮਿੱਟੀ ਵਿੱਚੋਂ ਨਾਈਟ੍ਰੋਜਨ, ਪੋਟਾਸ਼ੀਅਮ ਅਤੇ ਫਾਸਫੋਰਸ ਵਰਗੇ ਮਹੱਤਵਪੂਰਨ ਪੌਸ਼ਟਿਕ ਤੱਤਾਂ ਦੀ ਕਮੀ ਕਰ ਦਿੰਦੀ ਹੈ। ਉਪਜ ਨੂੰ ਬਣਾਈ ਰੱਖਣ ਲਈ ਕਿਸਾਨ ਰਸਾਇਣਕ ਖਾਦਾਂ ਦੀ ਵੱਧ ਤੋਂ ਵੱਧ ਮਾਤਰਾ ਲਗਾਉਂਦੇ ਹਨ, ਜੋ ਮਿੱਟੀ ਦੇ ਸੂਖਮ ਜੀਵਾਂ ਨੂੰ ਪ੍ਰੇਸ਼ਾਨ ਕਰਦੇ ਹਨ ਅਤੇ ਕੁਦਰਤੀ ਉਪਜਾਊ ਸ਼ਕਤੀ ਨੂੰ ਘਟਾਉਂਦੇ ਹਨ। ਮਿੱਟੀ ਦੀ ਬਣਤਰ ਸਖ਼ਤ ਅਤੇ ਘੱਟ ਪੋਰਸ ਹੋ ਗਈ ਹੈ, ਜਿਸ ਨਾਲ ਸਮੇਂ ਦੇ ਨਾਲ ਉਤਪਾਦਕਤਾ ਘਟਦੀ ਹੈ।

**(ੲ) ਪਰਾਲੀ ਸਾੜਨਾ ਅਤੇ ਹਵਾ ਪ੍ਰਦੂਸ਼ਣ:** ਝੋਨੇ ਦੀ ਕਟਾਈ ਤੋਂ ਬਾਅਦ ਕਿਸਾਨ ਕਣਕ ਦੀ ਬਿਜਾਈ ਲਈ ਖੇਤਾਂ ਨੂੰ ਜਲਦੀ ਤਿਆਰ ਕਰਨ ਲਈ ਬਚੀ ਹੋਈ ਫ਼ਸਲ ਦੀ ਰਹਿੰਦ-ਖੂੰਹਦ (ਪਰਾਲੀ) ਨੂੰ ਸਾੜ ਦਿੰਦੇ ਹਨ। ਇਸ ਵੱਡੇ ਪੱਧਰ 'ਤੇ ਸਾੜਨ ਨਾਲ ਵਾਯੂਮੰਡਲ ਵਿੱਚ ਵੱਡੀ ਮਾਤਰਾ ਵਿੱਚ ਕਾਰਬਨ ਡਾਈਆਕਸਾਈਡ, ਕਾਰਬਨ ਮੋਨੋਆਕਸਾਈਡ ਅਤੇ ਕਣ ਪਦਾਰਥ ਨਿਕਲਦੇ ਹਨ। ਨਤੀਜੇ ਵਜੋਂ ਪੰਜਾਬ ਅਤੇ ਇੱਥੋਂ ਤੱਕ ਕਿ ਦਿੱਲੀ ਅਤੇ ਹਰਿਆਣਾ ਵਰਗੇ ਗੁਆਂਢੀ ਰਾਜਾਂ ਵਿੱਚ ਗੰਭੀਰ ਹਵਾ ਪ੍ਰਦੂਸ਼ਣ, ਧੂੰਆਂ ਅਤੇ ਸਾਹ ਦੀਆਂ ਬਿਮਾਰੀਆਂ ਪੈਦਾ ਹੁੰਦੀਆਂ ਹਨ।

**(ਸ) ਜੈਵ ਵਿਭਿੰਨਤਾ ਦਾ ਨੁਕਸਾਨ:** ਚੌਲਾਂ ਅਤੇ ਕਣਕ ਦੀ ਇੱਕੋ-ਇੱਕ ਫ਼ਸਲ ਨੇ ਪੰਜਾਬ ਵਿੱਚ ਉਗਾਈਆਂ ਜਾਣ ਵਾਲੀਆਂ ਫ਼ਸਲਾਂ ਦੀ ਵਿਭਿੰਨਤਾ ਨੂੰ ਬਹੁਤ ਘਟਾ ਦਿੱਤਾ ਹੈ; ਜਿਵੇਂ ਕਿ ਬਾਜਰਾ, ਦਾਲਾਂ, ਤੇਲ ਬੀਜ ਅਤੇ ਸਬਜ਼ੀਆਂ। ਇਸ ਨਾਲ ਵਾਤਾਵਰਣ ਸੰਤੁਲਨ ਨੂੰ ਨੁਕਸਾਨ ਪਹੁੰਚਿਆ ਹੈ, ਪਰਾਗਿਤ ਕਰਨ ਵਾਲਿਆਂ ਦੀ ਆਬਾਦੀ ਘੱਟ ਗਈ ਹੈ ਅਤੇ ਖੇਤਰ ਨੂੰ ਕੀੜਿਆਂ ਤੇ ਬਿਮਾਰੀਆਂ ਲਈ ਵਧੇਰੇ ਕਮਜ਼ੋਰ ਬਣਾ ਦਿੱਤਾ ਹੈ।

**(ਹ) ਜਲ ਪ੍ਰਦੂਸ਼ਣ:** ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਬਹੁਤ ਜ਼ਿਆਦਾ ਵਰਤੋਂ ਨੇ ਨਦੀਆਂ, ਨਹਿਰਾਂ ਅਤੇ ਭੂਮੀਗਤ ਪਾਣੀ ਨੂੰ ਦੂਸ਼ਿਤ ਕਰ ਦਿੱਤਾ ਹੈ। ਪੀਣ ਵਾਲੇ ਪਾਣੀ ਵਿੱਚ ਨਾਈਟ੍ਰੇਟ ਅਤੇ ਭਾਰੀ ਧਾਤਾਂ ਦੀ ਮੌਜੂਦਗੀ ਇੱਕ ਵਧਦੀ ਚਿੰਤਾ ਹੈ, ਜੋ ਜਲ-ਪਰਿਆਵਰਣ ਪ੍ਰਣਾਲੀਆਂ ਅਤੇ ਮਨੁੱਖੀ ਸਿਹਤ ਦੋਵਾਂ ਨੂੰ ਪ੍ਰਭਾਵਿਤ ਕਰਦੀ ਹੈ।

### 2. ਮਨੁੱਖੀ ਸਿਹਤ 'ਤੇ ਪ੍ਰਭਾਵ

**(ੳ) ਕੀਟਨਾਸ਼ਕਾਂ ਦਾ ਸੰਪਰਕ:** ਭਾਰਤ ਵਿੱਚ ਕੀਟਨਾਸ਼ਕਾਂ ਦੇ ਸਭ ਤੋਂ ਵੱਧ ਖਪਤਕਾਰਾਂ ਵਿੱਚੋਂ ਪੰਜਾਬ ਹੈ। ਕਿਸਾਨ ਅਤੇ ਪਿੰਡ ਵਾਸੀ ਨਿਯਮਿਤ ਤੌਰ 'ਤੇ ਨੁਕਸਾਨਦੇਹ ਰਸਾਇਣਾਂ ਦੇ ਸੰਪਰਕ ਵਿੱਚ ਆਉਂਦੇ ਹਨ ਜੋ ਅਨਾਜ, ਸਬਜ਼ੀਆਂ ਅਤੇ ਪਾਣੀ ਦੀ ਰਹਿੰਦ-ਖੂੰਹਦ ਰਾਹੀਂ ਭੋਜਨ ਲੜੀ ਵਿੱਚ ਦਾਖਲ ਹੁੰਦੇ ਹਨ। ਲੰਬੇ ਸਮੇਂ ਦੇ ਸੰਪਰਕ ਨੂੰ ਕੈਂਸਰ, ਹਾਰਮੋਨਲ ਅਸੰਤੁਲਨ, ਸਾਹ ਦੀਆਂ ਬਿਮਾਰੀਆਂ ਅਤੇ ਤੰਤੂ ਵਿਗਿਆਨ ਸੰਬੰਧੀ ਵਿਕਾਰਾਂ ਨਾਲ ਜੋੜਿਆ ਗਿਆ ਹੈ।

ਬਠਿੰਡਾ ਅਤੇ ਮਾਨਸਾ ਵਰਗੇ ਕੁਝ ਖੇਤਰਾਂ ਨੂੰ ਹੁਣ ਦੁਖਦਾਈ ਤੌਰ 'ਤੇ ਪੰਜਾਬ ਦੇ 'ਕੈਂਸਰ ਬੈਲਟ' ਦਾ ਹਿੱਸਾ ਕਿਹਾ ਜਾਂਦਾ ਹੈ।

**(ਅ) ਮਾੜੀ ਪੋਸ਼ਣ ਅਤੇ ਖੁਰਾਕ ਅਸੰਤੁਲਨ:** ਚੌਲਾਂ ਅਤੇ ਕਣਕ ਦੇ ਦਬਦਬੇ ਨੇ ਰਵਾਇਤੀ, ਪੌਸ਼ਟਿਕ ਤੱਤਾਂ ਨਾਲ ਭਰਪੂਰ ਫਸਲਾਂ ਜਿਵੇਂ ਕਿ ਬਾਜਰਾ, ਦਾਲਾਂ ਅਤੇ ਸਬਜ਼ੀਆਂ ਦੀ ਕਾਸ਼ਤ ਅਤੇ ਖਪਤ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਇਸ ਖੁਰਾਕ ਤਬਦੀਲੀ ਨੇ ਸੂਖਮ ਪੌਸ਼ਟਿਕ ਤੱਤਾਂ ਦੀ ਵਿਭਿੰਨਤਾ ਦਾ ਨੁਕਸਾਨ ਕੀਤਾ ਹੈ, ਜਿਸ ਨਾਲ ਕੁਪੋਸ਼ਣ, ਮੋਟਾਪਾ ਅਤੇ ਜੀਵਨ ਸ਼ੈਲੀ ਦੀਆਂ ਬਿਮਾਰੀਆਂ ਜਿਵੇਂ ਕਿ ਸ਼ੂਗਰ ਅਤੇ ਹਾਈਪਰਟੈਨਸ਼ਨ ਵਿੱਚ ਯੋਗਦਾਨ ਪਾਇਆ ਹੈ।

**(ੲ) ਪਾਣੀ ਦੀ ਦੂਸ਼ਿਤਤਾ ਅਤੇ ਫਲੋਰੋਸਿਸ:** ਖਾਦਾਂ ਦੇ ਲੀਚਿੰਗ ਅਤੇ ਰਸਾਇਣਕ ਪ੍ਰਦੂਸ਼ਣ ਕਾਰਨ ਭੂਮੀਗਤ ਪਾਣੀ ਦੀ ਗੁਣਵੱਤਾ ਵਿੱਚ ਗਿਰਾਵਟ ਦੇ ਨਤੀਜੇ ਵਜੋਂ ਪੀਣ ਵਾਲੇ ਪਾਣੀ ਵਿੱਚ ਫਲੋਰਾਈਡ ਅਤੇ ਨਾਈਟ੍ਰੇਟ ਦਾ ਪੱਧਰ ਉੱਚਾ ਹੋਇਆ ਹੈ। ਦੂਸ਼ਿਤ ਪਾਣੀ ਦੇ ਸਰੋਤਾਂ ਕਾਰਨ ਬਹੁਤ ਸਾਰੇ ਪਿੰਡ ਵਾਸੀ ਫਲੋਰੋਸਿਸ, ਹੱਡੀਆਂ ਦੇ ਵਿਕਾਰ ਅਤੇ ਪੇਟ ਦੇ ਰੋਗਾਂ ਤੋਂ ਪੀੜਤ ਹਨ।

### 3. ਅੱਗੇ ਦਾ ਰਾਹ

ਇਸ ਵਾਤਾਵਰਣ ਅਤੇ ਸਿਹਤ ਸੰਕਟ ਨੂੰ ਉਲਟਾਉਣ ਲਈ ਪੰਜਾਬ ਨੂੰ ਆਪਣੀ ਖੇਤੀਬਾੜੀ ਵਿੱਚ ਵਿਭਿੰਨਤਾ ਲਿਆਉਣੀ ਚਾਹੀਦੀ ਹੈ। ਬਾਜਰੇ, ਦਾਲਾਂ, ਤੇਲ ਬੀਜਾਂ, ਸਬਜ਼ੀਆਂ ਅਤੇ ਫਲਾਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਨਾਲ ਪਾਣੀ ਦੀ ਵਰਤੋਂ ਘਟਾਈ ਜਾ ਸਕਦੀ ਹੈ ਤੇ ਮਿੱਟੀ ਦੀ ਸਿਹਤ ਬਹਾਲ ਕੀਤੀ ਜਾ ਸਕਦੀ ਹੈ। ਜੈਵਿਕ ਅਤੇ ਟਿਕਾਊ ਖੇਤੀ ਦੇ ਤਰੀਕਿਆਂ ਨੂੰ ਅਪਣਾਉਣਾ, ਸੂਖਮ-ਸਿੰਚਾਈ ਪ੍ਰਣਾਲੀਆਂ ਨੂੰ ਉਤਸ਼ਾਹਿਤ ਕਰਨਾ ਅਤੇ ਕੀਟਨਾਸ਼ਕਾਂ ਦੀ ਵਰਤੋਂ 'ਤੇ ਸਖ਼ਤ ਨਿਯੰਤਰਣ ਲਾਗੂ ਕਰਨਾ ਜ਼ਰੂਰੀ ਹੈ।

ਸਰਕਾਰੀ ਪ੍ਰੋਤਸਾਹਨ, ਜਾਗਰੂਕਤਾ ਮੁਹਿੰਮਾਂ ਅਤੇ ਵਿਕਲਪਕ ਫਸਲਾਂ ਲਈ ਯਕੀਨੀ ਖਰੀਦ ਕਿਸਾਨਾਂ ਨੂੰ ਚੌਲ-ਕਣਕ ਚੱਕਰ ਨੂੰ ਤੋੜਨ ਲਈ ਪ੍ਰੇਰਿਤ ਕਰ ਸਕਦੀ ਹੈ।

### 4. ਸਿੱਟਾ

ਜਦੋਂ ਕਿ ਹਰੀ ਕ੍ਰਾਂਤੀ ਨੇ ਕਦੇ ਪੰਜਾਬ ਨੂੰ ਖੇਤੀਬਾੜੀ ਖੁਸ਼ਹਾਲੀ ਦਾ ਪ੍ਰਤੀਕ ਬਣਾ ਦਿੱਤਾ ਸੀ, ਪਰ ਹੁਣ ਚੌਲਾਂ ਅਤੇ ਕਣਕ 'ਤੇ ਇਸਦੀ ਬਹੁਤ ਜ਼ਿਆਦਾ ਨਿਰਭਰਤਾ ਚਿੰਤਾ ਦਾ ਕਾਰਨ ਬਣ ਗਈ ਹੈ। ਇਸ ਅਸੰਤੁਲਨ ਤੋਂ ਪੈਦਾ ਹੋਣ ਵਾਲੇ ਵਾਤਾਵਰਣ ਦੇ ਵਿਗਾੜ ਅਤੇ ਸਿਹਤ ਸਮੱਸਿਆਵਾਂ ਇੱਕ ਚੇਤਾਵਨੀ ਹਨ ਕਿ ਤਰੱਕੀ ਸਥਿਰਤਾ ਦੀ ਕੀਮਤ 'ਤੇ ਨਹੀਂ ਆ ਸਕਦੀ। ਇੱਕ ਸੰਤੁਲਿਤ ਪਹੁੰਚ- ਆਧੁਨਿਕ ਤਕਨਾਲੋਜੀ ਨੂੰ ਵਾਤਾਵਰਣਕ ਬੁੱਧੀ ਨਾਲ ਜੋੜਨਾ, ਇਹ ਯਕੀਨੀ ਬਣਾ ਸਕਦਾ ਹੈ ਕਿ ਪੰਜਾਬ ਆਉਣ ਵਾਲੀਆਂ ਪੀੜ੍ਹੀਆਂ ਲਈ ਖੁਸ਼ਹਾਲ ਅਤੇ ਸਿਹਤਮੰਦ ਦੋਵੇਂ ਰਹੇ।

### ਜਨਤਕ ਵੰਡ ਪ੍ਰਣਾਲੀ ਦੇ ਮੁੱਖ ਅਨਾਜਾਂ (ਚੌਲ ਤੇ ਕਣਕ) ਦੀ ਲੁਕਵੀਂ ਉਤਪਾਦਨ ਲਾਗਤ

ਜਨਤਕ ਵੰਡ ਪ੍ਰਣਾਲੀ (ਪੀ.ਡੀ.ਐਸ.) ਭਾਰਤ ਦੇ 82 ਕਰੋੜ ਸਭ ਤੋਂ ਗਰੀਬ ਲੋਕਾਂ ਨੂੰ ਸਬਸਿਡੀ ਵਾਲਾ ਅਨਾਜ ਪ੍ਰਦਾਨ ਕਰਦੀ ਹੈ। ਇਸ ਮੁੱਖ ਅਨਾਜ ਦੇ ਉਤਪਾਦਨ ਨਾਲ ਵਾਤਾਵਰਣ ਅਤੇ ਮਨੁੱਖੀ ਸਿਹਤ ਨਾਲ ਜੁੜੇ ਲੁਕਵੇਂ ਖਰਚੇ ਵੀ ਹਨ, ਜੋ ਪ੍ਰੋਗਰਾਮ ਦੀ ਲਾਗਤ ਵਿੱਚ ਸ਼ਾਮਲ ਨਹੀਂ ਹਨ।

ਟਾਟਾ-ਕੋਰਨੇਲ ਇੰਸਟੀਚਿਊਟ ਫਾਰ ਐਗਰੀਕਲਚਰ ਐਂਡ ਨਿਊਟ੍ਰੀਸ਼ਨ (ਟੀ.ਸੀ.ਆਈ) ਇਨ੍ਹਾਂ ਲਾਗਤਾਂ ਦੀ ਪਛਾਣ ਕਰਨ, ਮਾਤਰਾ ਨਿਰਧਾਰਤ ਕਰਨ ਅਤੇ ਮੁਦਰੀਕਰਨ ਕਰਨ ਲਈ 'ਸੱਚੀ ਲਾਗਤ ਲੇਖਾ ਪ੍ਰਣਾਲੀ' ਦੀ ਵਰਤੋਂ ਕਰ ਰਿਹਾ ਹੈ। ਇਹ ਨੀਤੀ ਸੰਖੇਪ ਵਿੱਚ ਇਨ੍ਹਾਂ ਲੁਕਵੇਂ ਉਤਪਾਦਨ ਨਾਲ ਸਬੰਧਤ ਖਰਚਿਆਂ 'ਤੇ ਕੇਂਦ੍ਰਤ ਕਰਦੀ ਹੈ, ਜਿਵੇਂ ਕਿ ਗ੍ਰੀਨਹਾਊਸ ਗੈਸ ਨਿਕਾਸ, ਪਾਣੀ ਦੀ ਵਰਤੋਂ ਅਤੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਦੇ ਨਤੀਜੇ ਵਜੋਂ ਪ੍ਰਦੂਸ਼ਣ।

ਟੀ.ਸੀ.ਆਈ. ਦਾ ਕੰਮ ਸਿਹਤ, ਵਾਤਾਵਰਣ, ਜੈਵ-ਵਿਭਿੰਨਤਾ, ਆਰਥਿਕਤਾ ਤੇ ਰੋਜ਼ੀ-ਰੋਟੀ ਨਾਲ ਜੁੜੇ ਉਤਪਾਦਨ ਅਤੇ ਖਪਤ ਨਾਲ ਸਬੰਧਤ ਖਰਚਿਆਂ ਦੀ ਮਾਤਰਾ ਨਿਰਧਾਰਤ ਕਰੇਗਾ। ਟੀ.ਸੀ.ਆਈ. ਇਕੱਠੀ ਕੀਤੀ ਜਾਣਕਾਰੀ ਦੀ ਵਰਤੋਂ ਮੌਜੂਦਾ ਪੀ.ਡੀ.ਐਸ. ਫੂਡ ਬਾਸਕਿਟ ਦੀ ਅਸਲ ਕੀਮਤ ਦੀ ਭਾਲ ਕਰਨ ਲਈ ਵਰਤੇਗਾ ਅਤੇ ਮੌਜੂਦਾ ਪੀ.ਡੀ.ਐਸ. ਫੂਡ ਬਾਸਕਿਟ ਦੀ, ਦੋ ਵਿਕਲਪਿਕ ਫੂਡ ਬਾਸਕਿਟਾਂ ਨਾਲ ਤੁਲਨਾ ਵੀ ਕਰੇਗਾ, ਜੋ ਦਾਲਾਂ ਅਤੇ ਬਾਜਰੇ ਵਰਗੀਆਂ ਵਧੇਰੇ ਪੌਸ਼ਟਿਕ ਭੋਜਨ ਵਸਤੂਆਂ ਨੂੰ ਪੀ.ਡੀ.ਐਸ. ਵਿੱਚ ਸ਼ਾਮਲ ਕਰਨ ਨੂੰ ਉਤਸ਼ਾਹਿਤ ਕਰਾਏਗੀ।

### ਚੌਲਾਂ ਅਤੇ ਕਣਕ ਦੀ ਕੀਮਤ ਕਿਵੇਂ ਨਿਰਧਾਰਤ ਕੀਤੀ ਜਾਂਦੀ ਹੈ

1. ਇੱਕ ਕਿਸਾਨ ਨੂੰ ਉਤਪਾਦਨ ਦੀ ਲਾਗਤ ਐਮ.ਐਸ.ਪੀ. ਦੇ ਰੂਪ ਵਿੱਚ ਮਿਲਦੀ ਹੈ- ਜੋ ਉਤਪਾਦਨ ਦੀ ਲਾਗਤ (ਸਾਰੇ ਇਨਪੁਟ+ਲੇਬਰ) ਨੂੰ ਕਵਰ ਕਰਦੀ ਹੈ। ਸਰਕਾਰ ਐਮ.ਐਸ.ਪੀ. 'ਤੇ ਕਿਸਾਨਾਂ ਤੋਂ ਅਨਾਜ ਖਰੀਦਦੀ ਹੈ।

2. ਹੁਣ ਸਰਕਾਰ ਐਮ.ਐਸ.ਪੀ. ਵਿੱਚ ਸਟੋਰੇਜ, ਆਵਾਜਾਈ ਤੇ ਵੰਡ ਦੀ ਲਾਗਤ ਜੋੜਦੀ ਹੈ ਅਤੇ ਇਹ ਖਪਤਕਾਰਾਂ ਲਈ ਬਾਜ਼ਾਰ ਕੀਮਤ ਬਣ ਜਾਂਦੀ ਹੈ।

3. ਉਦਾਹਰਣ ਵਜੋਂ 2019-2020 ਦੌਰਾਨ ਇੱਕ ਕਿਸਾਨ ਨੂੰ ਪ੍ਰਤੀ ਕਿਲੋਗ੍ਰਾਮ ਚੌਲ 18.13 ਰੁਪਏ ਅਤੇ ਪ੍ਰਤੀ ਕਿਲੋਗ੍ਰਾਮ ਕਣਕ 18.4 ਰੁਪਏ ਐਮ.ਐਸ.ਪੀ. ਮਿਲਦੀ ਹੈ। ਫਿਰ ਸਰਕਾਰ ਨੇ ਇੱਕ ਕਿਲੋਗ੍ਰਾਮ ਚੌਲ ਅਤੇ ਕਣਕ ਵਿੱਚ ਕ੍ਰਮਵਾਰ 14.87 ਰੁਪਏ ਅਤੇ 8.60 ਰੁਪਏ ਇਸਦੇ ਸਟੋਰੇਜ, ਆਵਾਜਾਈ ਤੇ ਵੰਡ ਲਾਗਤਾਂ ਲਈ ਜੋੜ ਦਿੱਤੇ ਅਤੇ ਇਸਨੂੰ ਬਾਜ਼ਾਰ ਵਿੱਚ ਚੌਲਾਂ ਲਈ 33 ਰੁਪਏ ਪ੍ਰਤੀ ਕਿਲੋਗ੍ਰਾਮ ਅਤੇ ਕਣਕ ਲਈ 27 ਰੁਪਏ ਪ੍ਰਤੀ ਕਿਲੋਗ੍ਰਾਮ ਵੇਚਣ ਦੀ ਕੀਮਤ ਨਿਰਧਾਰਿਤ ਕਰ ਦਿੱਤੀ। ਇਹ ਸਰਕਾਰ ਦੁਆਰਾ ਖਰੀਦੇ ਗਏ ਪੀ.ਡੀ.ਐਸ. ਲਈ ਪ੍ਰਤੀ ਕਿਲੋ ਚੌਲ ਅਤੇ ਕਣਕ ਦੀ ਕੀਮਤ ਵੀ ਸੀ।

4. 2019-20 ਵਿੱਚ ਭਾਰਤ ਵਿੱਚ ਇੱਕ ਕਿਲੋਗ੍ਰਾਮ ਚੌਲਾਂ ਅਤੇ ਕਣਕ ਦੀ ਔਸਤ ਬਾਜ਼ਾਰ ਕੀਮਤ ਕ੍ਰਮਵਾਰ ਲਗਭਗ 33 ਰੁਪਏ ਅਤੇ 27 ਰੁਪਏ ਸੀ, ਜਦੋਂ ਕਿ ਪੀ.ਡੀ.ਐਸ. ਪ੍ਰਾਪਤਕਰਤਾਵਾਂ ਵਾਸਤੇ 3 ਰੁਪਏ ਪ੍ਰਤੀ ਕਿਲੋਗ੍ਰਾਮ ਚੌਲ ਅਤੇ 2 ਰੁਪਏ ਪ੍ਰਤੀ ਕਿਲੋਗ੍ਰਾਮ ਕਣਕ ਦੀ ਕੀਮਤ ਸੀ। ਇਨ੍ਹਾਂ ਕੀਮਤਾਂ ਵਿੱਚ ਪਾੜੇ ਦੀ ਰਕਮ ਨੂੰ ਕੇਂਦਰ ਸਰਕਾਰ ਵੱਲੋਂ ਜਨਤਕ ਵੰਡ ਪ੍ਰਣਾਲੀ ਰਾਹੀਂ ਅਨਾਜ ਖਰੀਦਣ, ਸਟੋਰ ਕਰਨ ਅਤੇ ਵੰਡਣ ਲਈ 13.8 ਬਿਲੀਅਨ ਅਮਰੀਕੀ ਡਾਲਰ ਦੀ ਸਬਸਿਡੀ ਦੁਆਰਾ ਭਰਿਆ ਗਿਆ ਸੀ।

5. 1 ਜਨਵਰੀ 2024 ਤੋਂ ਇਸਨੂੰ ਪੂਰੀ ਤਰ੍ਹਾਂ ਮੁਫਤ ਕਰ ਦਿੱਤਾ ਗਿਆ ਹੈ ਅਤੇ ਭਾਰਤ ਸਰਕਾਰ 5 ਸਾਲਾਂ ਦੌਰਾਨ ਲਗਭਗ 12.5 ਲੱਖ ਕਰੋੜ ਰੁਪਏ ਦੀ ਕੁੱਲ ਲਾਗਤ ਸਹਿਣ ਕਰੇਗੀ। ਇਸ ਐਲਾਨ ਨੂੰ ਗਰੀਬਾਂ ਲਈ ਇੱਕ ਤੋਹਫ਼ਾ ਮੰਨਿਆ ਗਿਆ ਸੀ, ਪਰ 2024 ਦੀਆਂ ਆਮ ਚੋਣਾਂ ਤੋਂ ਠੀਕ ਪਹਿਲਾਂ ਐਲਾਨ ਕੀਤਾ ਗਿਆ ਸੀ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਇਹ ਵੋਟਰਾਂ ਨੂੰ ਲੁਭਾਉਣ ਲਈ ਸੀ; ਪਰ ਲੋੜਵੰਦ ਗਰੀਬ ਪ੍ਰਾਪਤਕਰਤਾ ਇਸ ਮੁਫ਼ਤ ਰਾਸ਼ਨ ਤੋਂ ਖੁਸ਼ ਹਨ।

ਟਾਟਾ-ਕਾਰਨੇਲ ਇੰਸਟੀਚਿਊਟ ਫਾਰ ਐਗਰੀਕਲਚਰ ਐਂਡ ਨਿਊਟ੍ਰੀਸ਼ਨ (ਟੀ.ਸੀ.ਆਈ.) ਨੇ 'ਵਿਸ਼ੇਸ਼ ਨੀਤੀ ਰਿਪੋਰਟ' 2019-20 ਵਿੱਚ ਭਾਰਤ ਦੇ ਪੀ.ਡੀ.ਐਸ. ਦੇ ਵਾਤਾਵਰਣ ਅਤੇ ਸਿਹਤ ਖਰਚਿਆਂ ਦਾ ਅਨੁਮਾਨ ਲਗਾਇਆ ਹੈ। ਰਿਪੋਰਟ ਅਨੁਸਾਰ:

1. ਭਾਰਤ ਸਰਕਾਰ ਨੇ ਆਪਣੇ 82 ਕਰੋੜ ਪ੍ਰਾਪਤਕਰਤਾਵਾਂ ਨੂੰ ਪੀ.ਡੀ.ਐਸ. ਰਾਹੀਂ ਅਨਾਜ ਖਰੀਦਣ, ਸਟੋਰ ਕਰਨ, ਟ੍ਰਾਂਸਪੋਰਟ ਕਰਨ ਅਤੇ ਵੰਡਣ ਲਈ 13.8 ਬਿਲੀਅਨ ਅਮਰੀਕੀ ਡਾਲਰ ਖਰਚ ਕੀਤੇ।

2. ਇਨ੍ਹਾਂ ਲਾਗਤਾਂ ਵਿੱਚ ਵਾਤਾਵਰਣ-ਵਿਗਾੜ ਲਾਗਤ ਦੇ ਅੰਦਾਜ਼ਨ 5.1 ਬਿਲੀਅਨ ਅਮਰੀਕੀ ਡਾਲਰ ਅਤੇ ਗਰੀਨ ਹਾਊਸ ਗੈਸ ਨਿਕਾਸ ਤੇ ਪ੍ਰਦੂਸ਼ਣ ਸਬੰਧਤ ਮਨੁੱਖੀ ਸਿਹਤ ਵਿਗਾੜ ਲਾਗਤ ਦੇ 1.0 ਬਿਲੀਅਨ ਅਮਰੀਕੀ ਡਾਲਰ ਸ਼ਾਮਲ ਨਹੀਂ ਸਨ।

3. ਜਦੋਂ ਇਨ੍ਹਾਂ ਲੁਕਵੇਂ ਖਰਚਿਆਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ, ਤਾਂ ਅਨਾਜ ਦੀ ਅਸਲ ਐਮ.ਐਸ.ਪੀ. ਕੀਮਤ 40% ਵਧ ਜਾਂਦੀ ਹੈ।

4. ਇਹ ਧਿਆਨ ਦੇਣਾ ਮਹੱਤਵਪੂਰਨ ਹੈ ਕਿ ਵਾਤਾਵਰਣ ਲਾਗਤਾਂ 'ਕਿਸਾਨ-ਜ਼ਮੀਨ-ਮਾਲਕਾਂ' ਦੁਆਰਾ ਹੀ ਸਹਿਣ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਦੀਆਂ ਜ਼ਮੀਨਾਂ ਦੀ ਉਪਜਾਊ ਸ਼ਕਤੀ ਘਟਦੀ ਜਾਂਦੀ ਹੈ ਅਤੇ ਕੁਦਰਤੀ ਸਰੋਤ ਵਰਤੇ ਤੇ ਖਤਮ ਹੋ ਜਾਂਦੇ ਹਨ। ਮਨੁੱਖੀ ਸਿਹਤ ਲਾਗਤਾਂ ਵੀ 'ਗਰੀਬ ਪੇਂਡੂ ਭਾਈਚਾਰਿਆਂ' ਦੁਆਰਾ ਹੀ ਸਹਿਣ ਕੀਤੀਆਂ ਜਾਂਦੀਆਂ ਹਨ, ਜੋ ਉਨ੍ਹਾਂ ਖੇਤਰਾਂ ਵਿੱਚ ਅਤੇ ਆਲੇ-ਦੁਆਲੇ ਰਹਿੰਦੇ ਹਨ, ਜਿੱਥੇ ਵਿਆਪਕ ਮੁੱਖ ਅਨਾਜ ਉਤਪਾਦਨ ਹੁੰਦਾ ਹੈ।

5. ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਜ਼ਮੀਨ ਮਾਲਕਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਦੇ ਪਤਨ ਅਤੇ ਕੁਦਰਤੀ ਸਰੋਤਾਂ ਦੇ ਘਟਣ ਲਈ ਮੁਆਵਜ਼ਾ ਦਿੱਤਾ ਜਾਵੇ ਅਤੇ ਨਾਲ ਲੱਗਦੇ ਪੇਂਡੂ ਭਾਈਚਾਰੇ ਦੇ ਮੈਂਬਰਾਂ ਨੂੰ ਡਾਕਟਰੀ ਇਲਾਜ ਕਰਵਾਉਣ ਲਈ ਸਿਹਤ ਸਹਾਇਤਾ ਦਿੱਤੀ ਜਾਵੇ।

### ਵੱਧ ਤੋਂ ਵੱਧ ਚੌਲ ਅਤੇ ਕਣਕ ਕਿੱਥੇ ਉਗਾਈ ਜਾਂਦੀ ਹੈ

ਉੱਤਰ-ਪੱਛਮ ਭਾਰਤ ਦੇ ਛੇ ਰਾਜ (ਯੂ.ਪੀ., ਪੰਜਾਬ, ਰਾਜਸਥਾਨ, ਹਰਿਆਣਾ, ਉਤਰਾਖੰਡ ਅਤੇ ਹਿਮਾਚਲ) ਪੀ.ਡੀ.ਐਸ. ਅਨਾਜ ਦਾ ਲਗਭਗ 80% ਉਤਪਾਦਨ ਕਰਦੇ ਹਨ, ਜਿਸ ਵਿੱਚ ਪੰਜਾਬ ਅਤੇ ਹਰਿਆਣਾ ਅੱਧਾ ਹਿੱਸਾ ਪਾਉਂਦੇ ਹਨ। ਜਦੋਂ ਕਿ ਇਹ ਉਤਪਾਦਨ ਉਨ੍ਹਾਂ ਰਾਜਾਂ ਦੇ ਕਿਸਾਨਾਂ ਨੂੰ ਲਾਭ ਪ੍ਰਦਾਨ ਕਰਦਾ ਹੈ, ਪਰ ਉੱਥੇ ਹੀ ਇਹ ਪੰਜਾਬ ਅਤੇ ਹਰਿਆਣਾ ਰਾਜਾਂ ਵਿੱਚ ਵਾਤਾਵਰਣ ਤੇ ਸਿਹਤ ਪ੍ਰਭਾਵਾਂ ਨੂੰ ਵੀ ਕੇਂਦਰਿਤ ਕਰਦਾ ਹੈ। ਇਹ ਧਿਆਨ ਦੇਣ ਯੋਗ ਹੈ ਕਿ ਐਮ.ਐਸ.ਪੀ. ਕਿਸਾਨਾਂ ਨੂੰ ਸਿਰਫ ਉਤਪਾਦਨ ਦੀ ਲਾਗਤ (ਇਨਪੁਟ+ਲੇਬਰ) ਦਾ ਭੁਗਤਾਨ ਕਰਦਾ ਹੈ, ਵਾਤਾਵਰਣ ਅਤੇ ਸਿਹਤ ਲਾਗਤਾਂ ਦਾ ਨਹੀਂ।

### ਪੰਜਾਬ ਦੀ ਅਨੁਮਾਨਿਤ ਸਾਲਾਨਾ ਵਾਤਾਵਰਣ ਅਤੇ ਸਿਹਤ ਵਿਗਾੜ ਲਾਗਤ

1. ਛੇ ਉੱਤਰ-ਪੱਛਮੀ ਰਾਜਾਂ ਵਿੱਚ ਚੌਲਾਂ ਅਤੇ ਕਣਕ ਦਾ ਅਨਾਜ ਉਤਪਾਦਨ (ਮਿਲੀਅਨ ਟਨ-ਮੀਟਰਕ ਟਨ ਵਿੱਚ):

ਯੂ.ਪੀ. = 59 ਮੀਟਰਕ ਟਨ
ਪੰਜਾਬ = 33 ਮੀਟਰਕ ਟਨ
ਰਾਜਸਥਾਨ = 23 ਮੀਟਰਕ ਟਨ
ਹਰਿਆਣਾ = 19 ਮੀਟਰਕ ਟਨ
ਹਿਮਾਚਲ = 0.16 ਮੀਟਰਕ ਟਨ
ਉਤਰਾਖੰਡ = 0.18 ਮੀਟਰਕ ਟਨ
ਕੁੱਲ = 134.34 ਮੀਟਰਕ ਟਨ।

2. ਅੰਕੜੇ ਦੱਸਦੇ ਹਨ ਕਿ ਇਕੱਲਾ ਪੰਜਾਬ ਸਾਰੇ ਛੇ ਉੱਤਰ-ਪੱਛਮੀ ਰਾਜਾਂ ਦੇ ਅਨਾਜ ਦਾ ਲਗਭਗ 25% ਉਤਪਾਦਨ ਕਰਦਾ ਹੈ। ਇਸ ਲਈ ਪੰਜਾਬ ਛੇ ਉੱਤਰ-ਪੱਛਮੀ ਰਾਜਾਂ ਦੇ ਵਾਤਾਵਰਣ ਅਤੇ ਸਿਹਤ ਖਰਚਿਆਂ ਵਿੱਚ 25% ਹਿੱਸਾ ਵੀ ਸਹਿਣ ਕਰਦਾ ਹੈ।

3. ਛੇ ਰਾਜਾਂ ਦੀ ਕੁੱਲ ਵਾਤਾਵਰਣ ਵਿਗਾੜ ਲਾਗਤ 5.1 ਬਿਲੀਅਨ ਅਮਰੀਕੀ ਡਾਲਰ ਹੈ ਅਤੇ ਪੰਜਾਬ ਦਾ 25% ਹਿੱਸਾ 1.275 ਬਿਲੀਅਨ ਅਮਰੀਕੀ ਡਾਲਰ ਹੋਵੇਗਾ।

4. ਛੇ ਰਾਜਾਂ ਦੁਆਰਾ ਸਹਿਣ ਕੀਤੀ ਜਾਣ ਵਾਲੀ ਕੁੱਲ ਸਿਹਤ ਵਿਗਾੜ ਲਾਗਤ 1.0 ਬਿਲੀਅਨ ਅਮਰੀਕੀ ਡਾਲਰ ਹੈ ਅਤੇ ਪੰਜਾਬ ਦਾ 25% ਹਿੱਸਾ 250 ਮਿਲੀਅਨ ਅਮਰੀਕੀ ਡਾਲਰ ਹੋਵੇਗਾ।

5. ਇਸ ਲਈ ਹਰ ਸਾਲ ਪੰਜਾਬ ਲਗਭਗ 1.525 ਬਿਲੀਅਨ ਅਮਰੀਕੀ ਡਾਲਰ ਵਾਤਾਵਰਣ ਅਤੇ ਮਨੁੱਖੀ ਸਿਹਤ ਲਾਗਤਾਂ ਵਿੱਚ ਹੋਇਆ ਨੁਕਸਾਨ ਝੱਲਦਾ ਹੈ।

6. 2019-20 ਦੀ ਟੀ.ਸੀ.ਆਈ. ਰਿਪੋਰਟ ਅਨੁਸਾਰ ਅਤੇ ਐਫ.ਏ.ਓ. ਦੁਆਰਾ ਸਵੀਕਾਰ ਕੀਤੇ ਅਨੁਸਾਰ ਇਹ ਐਮ.ਐਸ.ਪੀ. ਦਾ 40% ਹੈ ਅਤੇ ਇਸ ਲਈ 'ਜ਼ਮੀਨ-ਮਾਲਕ-ਕਿਸਾਨਾਂ' ਨੂੰ ਵਾਤਾਵਰਣ ਲਾਗਤਾਂ ਲਈ ਉਨ੍ਹਾਂ ਨੂੰ ਮੌਜੂਦਾ ਐਮ.ਐਸ.ਪੀ. 'ਤੇ 32% ਹੋਰ ਦੇ ਕੇ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ ਅਤੇ 'ਪੇਂਡੂ ਭਾਈਚਾਰਿਆਂ ਦੇ ਮੈਂਬਰਾਂ' ਨੂੰ ਨਵੀਂ ਆਧਾਰਤ ਐਮ.ਐਸ.ਪੀ. ਦਾ 8% ਦੇ ਕੇ ਸਿਹਤ ਲਾਗਤਾਂ ਲਈ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ।

### ਮੌਜੂਦਾ ਚਿੰਤਾਵਾਂ

1. ਪੰਜਾਬ ਰਾਜ ਨੂੰ ਇਸ ਦੇ ਸੰਘਣੇ ਚੌਲ-ਕਣਕ ਫਸਲੀ ਪ੍ਰਣਾਲੀਆਂ ਦੇ ਕਾਰਨ ਸਭ ਤੋਂ ਵੱਧ ਭੂਮੀਗਤ ਪਾਣੀ ਦਾ ਨੁਕਸਾਨ ਹੋਵੇਗਾ। (ਜਿਵੇਂ ਕਿ ਮੱਧ ਪੰਜਾਬ ਵਿੱਚ ਭੂਮੀਗਤ ਪਾਣੀ ਦਾ ਨੁਕਸਾਨ ਲਗਭਗ ਇੱਕ ਮੀਟਰ ਪ੍ਰਤੀ ਸਾਲ ਹੋ ਰਿਹਾ ਹੈ।)

2. ਇਸ ਤੋਂ ਇਲਾਵਾ ਚੌਲਾਂ ਦੀ ਕਾਸ਼ਤ ਵਿੱਚ ਬਹੁਤ ਜ਼ਿਆਦਾ ਕਾਰਬਨ ਫੁੱਟਪ੍ਰਿੰਟ ਹੈ, ਜਿਸ ਨਾਲ ਨੇੜਲੇ ਭਵਿੱਖ ਵਿੱਚ ਵਾਤਾਵਰਣ ਵਿੱਚ ਭਾਰੀ ਗਿਰਾਵਟ ਅਤੇ ਸਿਹਤ ਸੰਬੰਧੀ ਆਰਥਿਕ ਨੁਕਸਾਨ ਹੋਵੇਗਾ।

3. ਖੇਤੀਬਾੜੀ ਵਿੱਚ ਰਸਾਇਣਾਂ ਦੀ ਜ਼ਿਆਦਾ ਵਰਤੋਂ ਕਾਰਨ ਰਾਜ ਦੇ ਲੋਕ ਪਹਿਲਾਂ ਹੀ ਕੈਂਸਰ ਅਤੇ ਹੋਰ ਪਾਚਕ ਬਿਮਾਰੀਆਂ ਦੀ ਉੱਚ ਦਰ ਨਾਲ ਜੂਝ ਰਹੇ ਹਨ, ਜੋ ਉਨ੍ਹਾਂ ਦੀ ਸਿਹਤ ਅਤੇ ਰੋਜ਼ੀ-ਰੋਟੀ ਕਮਾਉਣ ਦੀ ਸਮਰੱਥਾ ਨੂੰ ਵੀ ਪ੍ਰਭਾਵਤ ਕਰ ਰਿਹਾ ਹੈ।


4. ਇਹ ਜਾਪਦਾ ਹੈ ਕਿ ਛੇ ਦਹਾਕਿਆਂ ਤੋਂ ਬੇਰੋਕ ਅਤੇ ਬੇਟੋਕ ਹਰੀ ਕ੍ਰਾਂਤੀ ਹੁਣ ਪੰਜਾਬ ਲਈ ਕਾਲੀ ਹੋ ਗਈ ਹੈ।

5. 1947 ਵਿੱਚ ਪੰਜਾਬ ਦੀ ਪਹਿਲੀ ਵੰਡ, ਫਿਰ 1966 ਵਿੱਚ ਇੱਕ ਹੋਰ ਵੰਡ, ਫਿਰ ਇਸਦੇ ਦਰਿਆਈ ਪਾਣੀਆਂ ਤੇ ਖੇਤਰਾਂ ਦਾ ਨੁਕਸਾਨ, ਫਿਰ ਨਸ਼ੇ ਅਤੇ ਹੁਣ ਵਾਤਾਵਰਣ ਤੇ ਮਨੁੱਖੀ ਸਿਹਤ ਦਾ ਵਿਗਾੜ ਚਿੰਤਾਜਨਕ ਹੈ। ਛੇ ਦਹਾਕਿਆਂ ਦੇ ਅਸਥਿਰ ਖੇਤੀਬਾੜੀ ਅਭਿਆਸਾਂ ਕਾਰਨ ਪੰਜਾਬ ਦੀਆਂ ਕਦੇ ਸਭ ਤੋਂ ਉਪਜਾਊ ਜ਼ਮੀਨਾਂ ਬੰਜਰ ਹੋ ਜਾਣ ਦਾ ਖਦਸ਼ਾ ਹੈ। ਇਹ ਕਿਸਾਨਾਂ ਦੇ ਵੱਡੇ ਵਿਸਥਾਪਨ ਦਾ ਕਾਰਨ ਬਣ ਸਕਦਾ ਹੈ, ਜਿੱਥੇ ਹੁਣ ਜਾਣ ਲਈ ਕੋਈ ਥਾਂ ਨਹੀਂ ਹੈ।

ਮੈਂ ਆਪਣੇ ਜੀਵਨ ਕਾਲ ਦੀ ਇੱਕ ਉਦਾਹਰਣ ਦੇ ਸਕਦਾ ਹਾਂ। ਫਾਜ਼ਿਲਕਾ ਅਤੇ ਆਸ-ਪਾਸ ਦੇ ਇਲਾਕਿਆਂ ਦੀਆਂ ਕਦੇ ਨਰਮਾ ਉਪਜਾਊ ਵਾਲੀਆਂ ਜ਼ਮੀਨਾਂ ਹੁਣ ਕਈ ਤਰ੍ਹਾਂ ਦੇ ਅਸਥਿਰ ਖੇਤੀਬਾੜੀ ਅਭਿਆਸਾਂ ਦੇ ਸੁਮੇਲ ਕਾਰਨ ਉਪਜਾਊ ਨਹੀਂ ਰਹਿ ਗਈਆਂ ਹਨ। ਤੇ ਹੁਣ ਵੱਡੇ ਪੱਧਰ 'ਤੇ ਇਹ ਜ਼ਮੀਨਾਂ ਜ਼ਿਆਦਾ ਸਿੰਚਾਈ ਕਾਰਨ ਇਨ੍ਹਾਂ ਵਿੱਚ ਸੇਮ (ਪਾਣੀ ਦਾ ਇਕੱਠਾ ਹੋਣਾ) ਅਤੇ ਜ਼ਮੀਨਾਂ ਦਾ ਖਾਰਾਪਣ ਪੈਦਾ ਹੋ ਗਿਆ ਹੈ। ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਬਹੁਤ ਜ਼ਿਆਦਾ ਅਤੇ ਅਸੰਤੁਲਿਤ ਵਰਤੋਂ ਕਾਰਨ ਧਰਤੀ ਹੇਠਲਾ ਪਾਣੀ ਵੀ ਪ੍ਰਦੂਸ਼ਿਤ ਹੋਇਆ ਹੈ। ਧਰਤੀ ਹੇਠਲਾ ਪਾਣੀ ਮਨੁੱਖੀ ਖਪਤ ਲਈ ਅਯੋਗ ਹੈ। ਅਜਿਹਾ ਦ੍ਰਿਸ਼ ਹੋਰ ਖੇਤਰਾਂ ਵਿੱਚ ਵੀ ਫੈਲ ਸਕਦਾ ਹੈ।

ਇਸ ਵੇਲੇ ਪੰਜਾਬ ਰਾਜ 'ਪਾਣੀ-ਭੋਜਨ-ਊਰਜਾ' ਦੇ ਟੁੱਟੇ ਹੋਏ ਗਠਜੋੜ ਦੇ ਵਿਸ਼ਵ ਪੱਧਰੀ ਗਰਮ ਸਥਾਨਾਂ ਵਿੱਚੋਂ ਇੱਕ ਹੈ। ਇਸਨੂੰ ਹੋਰ ਵਿਗੜਨ ਨਾ ਦਿਓ। ਆਓ, ਅਸੀਂ ਅਤੇ ਸਾਡੀ ਸਰਕਾਰ ਡੂੰਘੀ ਨੀਂਦ ਤੋਂ ਜਾਗੀਏ ਅਤੇ ਪੰਜਾਬ ਨੂੰ ਬਚਾਈਏ। 'ਜਦੋਂ ਜਾਗੋ, ਉਦੋਂ ਸਵੇਰਾ' ਕਹਾਵਤ ਯਾਦ ਰੱਖੋ।

# ਪਾਕਿ ਧਰਤੀ ’ਤੇ ਪਹਿਲੇ ਕਦਮ ਅਤੇ ਕਸੂਰ ਤੇ ਪੰਜਾਬੀ ਖੋਜਗੜ੍ਹ ਦੀ ਫੇਰੀ






ਰਵਿੰਦਰ ਸਹਿਰਾਅ
ਫੋਨ: 219-900-1115

*ਜਾਣੇ-ਪਛਾਣੇ ਸ਼ਾਇਰ ਅਤੇ ਲੇਖਕ ਰਵਿੰਦਰ ਸਹਿਰਾਅ ਵੱਲੋਂ ਪਾਕਿਸਤਾਨ ਦੀਆਂ ਦੋ ਯਾਤਰਾਵਾਂ ‘ਤੇ ਆਧਾਰਤ ‘ਲਾਹੌਰ ਨਾ.ਲ ਗੱਲਾਂ’ ਨੂੰ ਅਸੀਂ ਪਿਛਲੇ ਅੰਕ ਤੋਂ ‘ਪੰਜਾਬੀ ਪਰਵਾਜ਼’ ਵਿੱਚ ਲੜੀਵਾਰ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ ਹੈ। ਇਹ ਸਫਰਨਾਮਾ ਸਾਂਝੇ ਲਾਹੌਰ ਨਾ.ਲ ਜੋੜਦਾ ਹੈ; ਕਿਉਂਕਿ ਦੋਹਾਂ ਪੰਜਾਬਾਂ ਵਿੱਚ ਅਜਿਹੇ ਕਰੋੜਾਂ ਲੋਕ ਹਨ, ਜਿਨ੍ਹਾਂ ਦੀਆਂ ਜੜ੍ਹਾਂ ਤੇ ਯਾਦਾਂ ਇੱਕ ਦੂਜੇ ਮੁ.ਲਕ ਨਾ.ਲ ਜੁੜੀਆਂ ਹੋਈਆਂ ਹਨ। ਲਾਹੌਰ ਨਾਲ ਸਿੱਖ/ਪੰਜਾਬੀ ਭਾਈਚਾਰੇ ਦੀ ਸਾਂਝ ਜੁੜੀ ਹੋਈ ਹੈ। ਇਹ ਸ.ਫਰਨਾਮਾ ਪਾਠਕ ਦੀਆਂ ਬਾਹਵਾਂ ਦਾ ਮੁਹੱਬਤੀ ਕਲਾਵਾ ਮੋਕਲਾ ਕਰਦਾ ਹੈ। ਪੇਸ਼ ਹੈ ਦੂਜੀ ਕਿਸ਼ਤ, ਜਿਸ ਵਿੱਚ ਪਾਕਿਸਤਾਨ ਦੀ ਧਰਤੀ ’ਤੇ ਕਦਮ ਧਰਨ ਅਤੇ ਕਸੂਰ ਤੇ ਪੰਜਾਬੀ ਖੋਜਗੜ੍ਹ ਦੀ ਫੇਰੀ ਦਾ ਵੇਰਵਾ ਦਰਜ ਹੈ...*



ਪੰਜਾਬੀ ਲੇਖਕ ਤੇ ਲਾਹੌਰ ਹਾਈ ਕੋਰਟ ਦੇ ਵਕੀਲ ਤਾਹਿਰ ਸੰਧੂ ਨਾਲ ਵਾਹਗਾ ਸਰਹੱਦ ’ਤੇ



ਬਾਬਾ ਬੁੱਲ੍ਹੇ ਸ਼ਾਹ ਦਾ ਦਰਬਾਰ

ਹੁਣ ਅਸੀਂ ਗੇਟ ਲੰਘ ਕੇ ਪਾਕਿਸਤਾਨ ਦੀ ਧਰਤੀ ਉਪਰ ਕਦਮ ਰੱਖ ਰਹੇ ਸੀ। ਸਿਕਿਉਰਿਟੀ ’ਤੇ ਬੈਠੇ ਪਾਕਿਸਤਾਨੀ ਰੇਂਜਰਾਂ ਨੇ ਸਾਡਾ ਹਾਲ-ਚਾਲ ਪੁੱਛਿਆ ਤੇ ਸਤਿ ਸ੍ਰੀ ਅਕਾਲ ਆਖੀ। ਇੱਥੇ ਦੱਸ ਦਿਆਂ ਕਿ ਪੱਗ ਵਾਲੇ ਮੁਸਾਫ਼ਰਾਂ ਨਾ.ਲ ਉਹ ਬਹੁਤ ਉਚੇਚ ਤੇ ਪਿਆਰ ਨਾ.ਲ ਪੇਸ਼ ਆਉਂਦੇ ਹਨ। ਉਨ੍ਹਾਂ ਸਾਨੂੰ ਦੋ-ਤਿੰਨ ਸੌ ਗਜ਼ ’ਤੇ ਬਣੀ ਇਮੀਗ੍ਰੇਸ਼ਨ ਇਮਾਰਤ ਵੱਲ ਜਾਣ ਦਾ ਇਸ਼ਾਰਾ ਕੀਤਾ। ਉਧਰਲੇ ਕੁਲੀ ਸਾਡੇ ਅੱਗੇ-ਪਿੱਛੇ ਫਿਰਨ, ਪਰ ਸਾਡੇ ਕੋਲ ਤਾਂ ਜ਼ਿਆਦਾ ਸਮਾਨ ਹੀ ਨਹੀਂ ਸੀ। ਕੁਝ ਸਾਨੂੰ ਰੋਕ-ਰੋਕ ਕੇ ਪੁੱਛਣ, ‘ਸਰਦਾਰ ਜੀ ਪਾਕਿਸਤਾਨੀ ਕਰੰਸੀ ਲੈ ਲਉ।’ ਪਰ ਅਸੀਂ ਨਾਂਹ ਕਰੀ ਗਏ। ਅਸੀਂ ਸੋਚਦੇ ਸੀ ਕਿ ਜੇ ਲੋੜ ਪਈ ਤਾਂ ਇਮੀਗ੍ਰੇਸ਼ਨ ਬਿਲਡਿੰਗ ’ਚੋਂ ਲੈ ਲਵਾਂਗੇ; ਪਰ ਜਾ ਕੇ ਦੇਖਿਆ, ਉਥੇ ਕੋਈ ਕਰੰਸੀ ਐਕਸਚੇਂਜ ਦਫ਼ਤਰ ਹੀ ਨਹੀਂ ਸੀ। ਫਿਰ ਸੋਚਿਆ ਕਿ ਅਮੈਰਿਕਨ ਡਾਲਰ ਤਾਂ ਹਰ ਥਾਂ ਚੱਲਦਾ ਹੈ। ਕੋਈ ਮੁਸ਼ਕਿਲ ਆਈ ਤਾਂ ਦੇਖੀ ਜਾਊ, ਨਹੀਂ ਤਾਂ ਕ੍ਰੈਡਿਟ ਕਾਰਡ ਵੀ ਤਾਂ ਸਾਡੇ ਕੋਲ ਹਨ!

ਅੰਦਰ ਜਾ ਕੇ ਦੇਖਿਆ ਕਿ ਬਿਲਡਿੰਗ ਦੀ ਹਾਲਤ ਭਾਰਤ ਵਾਲੇ ਪਾਸੇ ਦੇ ਮੁਕਾਬਲੇ ਤਾਂ ਕੁਝ ਜ਼ਿਆਦਾ ਹੀ ਖ਼ਸਤਾ ਸੀ। ਸਫ਼ਾਈ ਦਾ ਪ੍ਰਬੰਧ ਵੀ ਕੋਈ ਖ਼ਾਸ ਨਹੀਂ ਸੀ। ਇੱਕ ਕੁਲੀ ਕਹਿੰਦਾ, ‘ਜੀ ਸਮਾਨ ਤੁਸੀਂ ਮੇਰੇ ਕੋਲ ਰੱਖ ਕੇ ਲਾਈਨ ਵਿੱਚ ਲੱਗ ਜਾਵੋ।’ ਮੈਂ ਕਿਹਾ, ‘ਅਸੀਂ ਖ਼ੁਦ ਹੀ ਲੈ ਜਾਵਾਂਗੇ ਆਪਣੇ ਸੂਟਕੇਸ।’ ਤਾਂ ਉਹ ਹੱਸ ਪਿਆ। ਕਾਰਨ ਪੁੱਛਿਆ ਤਾਂ ਕਹਿੰਦਾ, ‘ਜੀ ਏਥੋਂ ਇਮੀਗ੍ਰੇਸ਼ਨ ਹੋਣ ਤੋਂ ਬਾਅਦ ਕੋਈ ਇੱਕ ਕਿਲੋਮੀਟਰ ਦਾ ਫ਼ਾਸਲਾ ਹੈ, ਜਿੱਥੋਂ ਤੁਹਾਨੂੰ ਲੈਣ ਆਉਣ ਵਾਲੇ ਖੜ੍ਹੇ ਹੋਣਗੇ।’ ਬੱਸ ਫੇਰ ਇਹੋ ਹੀ ਕਿਹਾ, ‘ਚੰਗਾ ਬਈ ਮਾਲਕੋ ਜਿਵੇਂ ਤੁਸੀਂ ਕਹਿੰਦੇ ਹੋ।’

ਉਧਰ ਇਮੀਗ੍ਰੇਸ਼ਨ ਖਿੜਕੀ ਖ਼ਾਲੀ ਪਈ ਸੀ। ਕੋਈ ਜਣਾ ਉਥੇ ਬੈਠਾ ਹੀ ਨਾ। ਕੋਈ ਚਾਲੀ ਦੇ ਕਰੀਬ ਬੰਦੇ ਲਾਈਨ ਵਿੱਚ ਲੱਗੇ ਹੋਏ ਸੀ ਉਡੀਕਣ। ਨੀਰੂ ਨੂੰ ਮੈਂ ਕਿਹਾ, ਤੂੰ ਆਪਣੇ ਕਾਗਜ਼ ਮੈਨੂੰ ਫੜਾ ਕੇ ਬੈਂਚ ਉੱਪਰ ਬੈਠ ਜਾ। ਕੁਲੀ ਨੂੰ ਪਤਾ ਕਰਨ ਨੂੰ ਕਿਹਾ ਤਾਂ ਅੱਗੋਂ ਕਹਿੰਦਾ, ‘ਜੀ ਹੁਣ ਤਾਂ ਉਡੀਕਣ ’ਚ ਹੀ ਬਿਹਤਰੀ ਹੈ। ਸਾਹਬ ਰੋਟੀ-ਪਾਣੀ ਛਕ ਰਹੇ ਹੋਣਗੇ। ਜਾ ਕੇ ਪੁੱਛਿਆ ਤਾਂ ਮੇਰੇ ਗ.ਲ ਪੈਣਗੇ।’

## ਕਸੂਰ ਦੀ ਫੇਰੀ

28 ਨਵੰਬਰ ਦੀ ਸਵੇਰ ਸਾਡਾ ਡਰਾਈਵਰ ਅਜਾਜ ਸਵਖ਼ਤੇ ਹੀ ਹੋਟਲ ਪਹੁੰਚ ਗਿਆ। ਅਸੀਂ ਵੀ ਛੇਤੀ-ਛੇਤੀ ਨਾਸ਼ਤਾ ਕਰਕੇ ਤਿਆਰ ਹੋ ਗਏ, ਕਿਉਂਕਿ ਰਸਤੇ ’ਚੋਂ ਸੂਫ਼ੀ ਹੋਰਾਂ ਨੂੰ ਉਨ੍ਹਾਂ ਦੇ ਘਰੋਂ ਨਾ.ਲ ਲੈਣਾ ਸੀ। ਸੂਫ਼ੀ ਹੋਰੀਂ ਉੱਚ ਕੋਟੀ ਦੇ ਵਿਦਵਾਨ ਹਨ। ਕਾਲਜਾਂ ਵਿੱਚ ਪੜ੍ਹਾਇਆ ਵੀ, ਫ਼ਿਲਮਸਾਜ਼ੀ ਵੀ ਕੀਤੀ, ਕਵਿਤਾ ਅਤੇ ਸਾਹਿਤਕ ਪਰਖ਼ ਵੀ। ‘ਪੰਜਾਬ ਨੋਟਸ’ ਨਾਂ ਥੱਲੇ ਲੰਮੇ ਸਮੇਂ ਤੋਂ ਹਫ਼ਤਾਵਰੀ ਕਾਲਮ ਅੰਗਰੇਜ਼ੀ ਅਖ਼ਬਾਰ ‘ਡਾਨ’ ਲਈ ਲਿਖਦੇ ਆ ਰਹੇ ਹਨ। ਡਰਾਈਵਰ ਕੋਲੋਂ ਫ਼ੋਨ ਕਰਵਾਇਆ ਤਾਂ ਕਹਿੰਦੇ, ‘ਤੁਸੀਂ ਕਾਹਲ ਨਾ ਕਰੋ। ਕਸੂਰ ਏਥੋਂ ਮਸਾਂ ਘੰਟੇ ਜਾਂ ਡੇਢ ਘੰਟੇ ਦੀ ਮਾਰ ਹੈ।’ ਪਰ ਅਸੀਂ ਤਾਂ ਹਰ ਬਚਦਾ ਪਲ ਵਰਤਣਾ ਚਾਹੁੰਦੇ ਸੀ।

ਬਾਬਾ ਬੁੱਲ੍ਹੇ ਸ਼ਾਹ ਨੂੰ ਸਕੂਲਾਂ ਦੀਆਂ ਕਿਤਾਬਾਂ ਵਿੱਚ ਪੜ੍ਹਿਆ ਹੋਇਆ ਸੀ, ਪਰ ਉਹ ਤਾਂ ਇੱਕਾ-ਦੁੱਕਾ ਕਾਫ਼ੀਆਂ ਜਾਂ ਦੋਹੜੇ ਹੁੰਦੇ ਸਨ

ਬੁੱਲ੍ਹਾ ਕਸਰ ਨਾਮ ਕਸੂਰ ਹੈ,
ਓਥੇ ਮੂੰਹੋਂ ਨਾ ਸਕਣ ਬੋਲ।
ਓਥੇ ਸੱਚੇ ਗਰਦਨ ਮਾਰੀਏ,
ਓਥੇ ਝੂਠੇ ਕਰਨ ਕਲੋਲ।

ਬੁੱਲ੍ਹਾ ਮਨ ਮੰਜੋਲਾ ਮੁੰਜ ਦਾ,
ਕਿਤੇ ਗੋਸ਼ੇ ਬਹਿ ਕੇ ਕੁੱਟ।
ਇਹ ਖ਼ਜ਼ਾਨਾ ਤੈਨੂੰ ਅਰਸ਼ ਦਾ,
ਤੂੰ ਸੰਭਲ ਸੰਭਲ ਕੇ ਲੁੱਟ।

ਰਾਹ ’ਚ ਜਾਂਦਿਆਂ ਉਸ ਗੀਤ ਦੀਆਂ ਧੁਨਾਂ ਵੀ ਕੰਨਾਂ ’ਚ ਵੱਜ ਰਹੀਆਂ ਸਨ:

ਜੁੱਤੀ ਕਸੂਰੀ ਪੈਰ ਨਾ ਪੂਰੀ
ਹਾਇ ਰੱਬਾ ਵੇ ਸਾਨੂੰ ਤੁਰਨਾ ਪਿਆ
ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ
ਉਨ੍ਹੀਂ ਰਾਹੀਂ ਵੇ ਮੈਨੂੰ ਤੁਰਨਾ ਪਿਆ।

ਬਿਨਾਂ ਸ਼ੱਕ ਸਾਡੇ ਪੈਰਾਂ ਵਿੱਚ ਕਸੂਰੀ ਜੁੱਤੀ ਤਾਂ ਨਹੀਂ ਸੀ, ਪਰ ਜਿਸ ਹਿਸਾਬ ਨਾ.ਲ ਟ੍ਰੈਫ਼ਿਕ ਤੇ ਸਾਡਾ ਡਰਾਈਵਰ ਗੱਡੀ ਚਲਾ ਰਿਹਾ ਸੀ ਅਤੇ ਗੱਲਾਂ ‘ਤੇ ਗੱਲਾਂ ਮੁੱਕਣ ਨਹੀਂ ਸੀ ਦਿੰਦਾ, ਉਸ ਹਿਸਾਬ ਨਾ.ਲ ਉਹਦੀ ਚੰਗੀ ਭਲੀ ਟਿਓਟਾ ਕਾਰ ਸਾਨੂੰ ਨਵੀਂ-ਨਵੀਂ ਕਸੂਰੀ ਜੁੱਤੀ ਹੀ ਲੱਗ ਰਹੀ ਸੀ। ਮੁਸ਼ਤਾਕ ਹੋਰਾਂ ਦੇ ਘਰ ਪਹੁੰਚਣ ਤਕ ਹੀ ਸਾਨੂੰ ਅੱਧਾ ਘੰਟਾ ਲੱਗ ਗਿਆ। ਫਿਰ ਗੈਸ ਪੁਆਉਣ ਲਈ ਹੋਰ ਦਸ-ਪੰਦਰਾਂ ਮਿੰਟ। ਮੈਂ ਅਜਾਜ ਨੂੰ ਕਿਹਾ ਭਰਾ ਮੇਰਿਆ ਤੂੰ ਹੁਣ ਕਸੂਰੀ ਜੁੱਤੀ ਲਾਹ ਕੇ ਅਮਰੀਕਾ ਵਾਲੇ ਸਕੈਚਰ ਦੇ ਸ਼ੂਅ ਪਾ ਲੈ। ਪਹਿਲਾਂ ਤਾਂ ਉਹ ਸਮਝਿਆ ਨਾ ਤੇ ਫਿਰ ਜਦ ਮੈਂ ਸਮਝਾਇਆ ਤਾਂ ਕਹਿੰਦਾ, ‘ਬਾਜੀ (ਨੀਰੂ ਨੂੰ ਉਹ ਬਾਜੀ ਕਹਿੰਦਾ ਸੀ) ਦੇਖ ਲੌ ਮੈਨੂੰ ਜੁਗਤਾਂ ਕਰਦੇ ਆ।’

ਖ਼ੈਰ! ਅਸੀਂ ਹੱਸਦੇ-ਖੇਡਦੇ ਸਵਾ ਕੁ ਘੰਟੇ ਵਿੱਚ ਕਸੂਰ ਤਾਂ ਪਹੁੰਚ ਗਏ, ਪਰ ਅੱਗੋਂ ਕਸੂਰ ਦੇ ਬਾਜ਼ਾਰਾਂ ਵਿੱਚ ਉਹ ਭੀੜ ਕਿ ਰਹੇ ਰੱਬ ਦਾ ਨਾਂ! ਏਨੀ ਭੀੜ ਤਾਂ ਕਦੀ ਜਲੰਧਰ ਦੇ ਰੈਣਕ ਬਾਜ਼ਾਰ ਵਿੱਚ ਨਹੀਂ ਸੀ ਦੇਖੀ। ਦੁਕਾਨਦਾਰਾਂ ਨੇ ਸ਼ਟਰ ਖੋਲ੍ਹੇ ਹੋਏ, ਅੱਗੇ ਮੋਟਰਸਾਈਕਲਾਂ ਦੀਆਂ ਟੇਢੀਆਂ ਕਰਕੇ ਲਗਾਈਆਂ ਲਾਈਨਾਂ, ਪਤਾ ਨਹੀਂ ਪਿਉ ਦਾ ਪੁੱਤ ਸਾਡਾ ਡਰਾਈਵਰ ਕਿਵੇਂ ਗੱਡੀ ਲੰਘਾ ਰਿਹਾ ਸੀ। ਉਹਨੂੰ ਕਿਹਾ ਵੀ ਕਿ ਦੱਸਦੇ ਹਨ ਦਰਬਾਰ ਤੋਂ ਥੋੜ੍ਹੀ ਜਿਹੀ ਵਿੱਥ ’ਤੇ ਇੱਕ ਪਾਰਕਿੰਗ ਲਾਟ ਹੈ, ਆਪਾਂ ਉਥੇ ਪਾਰਕ ਕਰਕੇ ਤੁਰ ਕੇ ਆ ਜਾਂਦੇ ਆਂ। ਉਹ ਜਾਣੀ-ਜਾਣ ਸੁਣਨ ਨੂੰ ਤਿਆਰ ਨਹੀਂ ਸੀ, ਅਖੇ ਜੀ ਮੈਂ ਕੋਈ ਪਹਿਲੀ ਵੇਰ ਆਇਆਂ ਏਥੇ? ਖ਼ੈਰ! ਆਖ਼ਰ ਉਹਨੂੰ ਇਵੇਂ ਹੀ ਕਰਨਾ ਪਿਆ। ਅਸੀਂ ਭੀੜੇ ਬਾਜ਼ਾਰ ’ਚੋਂ ਲੰਘਦਿਆਂ ਬਾਬਾ ਜੀ ਦੀ ਮਜ਼ਾਰ ’ਤੇ ਪਹੁੰਚ ਹੀ ਗਏ।

ਬੜਾ ਹੀ ਖੁੱਲ੍ਹਾ-ਡੁੱਲ੍ਹਾ ਦਰਬਾਰ ਤੇ ਵਿਚਾਲੇ ਮਜ਼ਾਰ। ਸਾਈਡਾਂ ’ਤੇ ਖੁੱਲ੍ਹੇ-ਡੁੱਲ੍ਹੇ ਬਰਾਂਡੇ। ਸੂਫ਼ੀ ਹੋਰੀਂ ਦੱਸ ਰਹੇ ਸਨ ਕਿ ਜਿੱਥੇ ਹੁਣ ਇਹ ਮਜ਼ਾਰ ਹੈ, ਪਹਿਲਾਂ ਇਹ ਸ਼ਹਿਰੋਂ ਬਾਹਰ ਹੁੰਦੀ ਸੀ। ਬਾਬਾ ਜੀ ਦਾ ਜਨਮ 1680 ਈ. ਵਿੱਚ ਉੱਚ ਸ਼ਰੀਫ਼ ਵਿਖੇ ਹੋਇਆ ਸੀ ਤੇ ਉਨ੍ਹਾਂ ਦੀ ਮੌਤ ਕਸੂਰ ਵਿੱਚ 1757 ਈ. ਵਿੱਚ ਦੱਸੀ ਜਾਂਦੀ ਹੈ। ਮੌਲਾਣਿਆਂ ਨੇ ਉਨ੍ਹਾਂ ਦੇ ਜਿਸਮ ਨੂੰ ਦਫ਼ਨਾਉਣ ਲਈ ਜਗ੍ਹਾ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਬਾਬਾ ਜੀ ਦੇ ਭਗਤਾਂ ਨੇ ਸ਼ਹਿਰੋਂ ਬਾਹਰ ਇਸ ਜਗ੍ਹਾ ’ਤੇ ਲਿਆ ਕੇ ਉਨ੍ਹਾਂ ਨੂੰ ਦਫ਼ਨ ਕੀਤਾ। ਅਸੀਂ ਸੂਫ਼ੀ ਹੋਰਾਂ ਦੀਆਂ ਗੱਲਾਂ ਵਿੱਚ ਗੁਆਚੇ ਜਾ ਰਹੇ ਸੀ ਤਾਂ ਉਧਰੋਂ ਲੋਕੀਂ ਆ ਕੇ ਸਾਡੇ ਨਾ.ਲ ਫ਼ੋਟੋਆਂ ਖਿਚਵਾਉਣ ਲਈ ਆਖ ਰਹੇ ਸਨ। ਅਸੀਂ ਨਾਂਹ ਵੀ ਤਾਂ ਨਹੀਂ ਕਰ ਸਕਦੇ ਸੀ! ਬਾਬਾ ਜੀ ਨੇ ਬੜੀ ਬੇਬਾਕੀ ਨਾ.ਲ ਲਿਖਿਆ:

ਉਲਟੇ ਹੋਰ ਜ਼ਮਾਨੇ ਆਏ
ਹੁਣ ਅਸਾਂ ਭੇਤ ਸੱਜਣ ਦੇ ਪਾਏ
ਸੱਚਿਆਂ ਨੂੰ ਹੁਣ ਮਿਲਦੇ ਧੱਕੇ
ਝੂਠੇ ਕੋਲ ਬਹਾਏ।

ਬਾਬਾ ਜੀ ਨੇ ਮੁਢਲੀ ਪੜ੍ਹਾਈ ਪਿੰਡ ਦੇ ਮਦਰੱਸੇ ’ਚੋਂ ਹੀ ਕੀਤੀ। ਇਹੋ ਹੀ ਇੱਕ ਸਾਧਨ ਹੁੰਦਾ ਸੀ। ਬਾਬਾ ਜੀ ਨੇ ਪੜ੍ਹਾਈ ਵੀ ਜਾਰੀ ਰੱਖੀ ਅਤੇ ਮੌਲਾਣਿਆਂ ਤੇ ਧਰਮ ਦੇ ਠੇਕੇਦਾਰਾਂ ’ਤੇ ਵੀ ਚੋਟਾਂ ਮਾਰਦੇ ਰਹੇ:


ਬੁੱਲ੍ਹਿਆ ਧਰਮਸ਼ਾਲਾ ਗੜਵਈ ਰਹਿੰਦੇ
ਠਾਕੁਰ ਦੁਆਰੇ ਠੱਗ।
ਵਿੱਚ ਮਸੀਤਾਂ ਕੁਸੱਤੀਏ ਰਹਿੰਦੇ
ਤੇ ਆਸ਼ਕ ਰਹਿਣ ਅਲੱਗ।

---

ਮੁਗ਼ਲਾਂ ਜ਼ਹਿਰ ਪਿਆਲੇ ਪੀਤੇ,
ਭੂਰਿਆਂ ਵਾਲੇ ਰਾਜੇ ਕੀਤੇ।

ਉਨ੍ਹਾਂ ਦਾ ਮੁਰਸ਼ਦ ਸ਼ਾਹ ਅਨਾਇਤ ਸੀ, ਜੋ ਸ਼ਾਇਦ ਬਟਾਲੇ ਰਹਿੰਦੇ ਸਨ। ਦੱਸਦੇ ਹਨ ਕਿ ਇੱਕ ਵੇਰ ਬਾਬਾ ਜੀ ਤੁਰਦੇ-ਤੁਰਦੇ ਬਟਾਲੇ ਪਹੁੰਚ ਗਏ ਅਤੇ ਵਜਦ ਵਿੱਚ ਆ ਕੇ ਬੋਲਣ ਲੱਗੇ, “ਮੈਂ ਅੱਲ੍ਹਾ ਹਾਂ, ਮੈਂ ਅੱਲ੍ਹਾ ਹਾਂ” ਲੋਕੀਂ ਫੜ ਕੇ ਸਾਈਂ ਕੋਲ ਲੈ ਗਏ ਕਿ ਦੇਖੋ ਆਹ ਬੰਦਾ ਕੀ ਬੋਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸੱਚ ਹੀ ਤਾਂ ਬੋਲ ਰਿਹਾ ਹੈ, ‘ਅੱਲ੍ਹਾ ਦਾ ਮਤਲਬ ਰੱਬ ਵੀ ਹੁੰਦਾ ਹੈ ਤੇ ਕੱਚਾ ਵੀ।’ ਫਿਰ ਉਸ ਦਰਵੇਸ਼ ਨੇ ਕਿਹਾ, “ਜਾਹ ਬੁੱਲ੍ਹਿਆ ਸ਼ਾਹ ਅਨਾਇਤ ਕੋਲ ਚਲਾ ਜਾਹ ਤੇ ਉੱਥੋਂ ਪੱਕਾ ਹੋ ਕੇ ਆ।” ਦੱਸਦੇ ਨੇ ਕਿ ਫਿਰ ਉਨ੍ਹਾਂ ਵਜ਼ਦ ਵਿੱਚ ਆ ਕੇ ਕਿਹਾ:

ਬੁੱਲ੍ਹਾ ਸ਼ਾਹ ਅਨਾਇਤ ਆਰਫ਼ ਹੈ
ਉਹ ਦਿਲ ਮੇਰੇ ਦਾ ਵਾਰਸ ਹੈ
ਮੈਂ ਲੋਹਾ ਤੇ ਉਹ ਪਾਰਸ ਹੈ।



‘ਪੰਜਾਬੀ ਖੋਜਗੜ੍ਹ’ ਦੇ ਬਾਹਰ ਖੜ੍ਹੇ ਲੇਖਕ ਰਵਿੰਦਰ ਸਹਿਰਾਅ

ਉਥੋਂ ਹਿੱਲਣ ਨੂੰ ਜੀਅ ਨਹੀਂ ਸੀ ਕਰ ਰਿਹਾ। ਸੂਫ਼ੀ ਹੋਰਾਂ ਦੀਆਂ ਗੱਲਾਂ ਹੀ ਏਨੀਆਂ ਆਨੰਦ ਦੇ ਰਹੀਆਂ ਸਨ। ਨਿਕਲਣ ਲੱਗੇ ਤਾਂ ਇੱਕ ਫ਼ਕੀਰ ਜਿਹਦੀ ਨਿਗ੍ਹਾ ਕਮਜ਼ੋਰ ਤੇ ਉਮਰ ਕੋਈ 75-76 ਸਾਲਾਂ ਦੀ ਹੋਵੇਗੀ, ਬਾਬਾ ਜੀ ਦੀਆਂ ਕਾਫ਼ੀਆਂ ਦਾ ਗਾਇਣ ਕਰ ਰਿਹਾ ਸੀ। ਸਾਡੇ ਕਦਮ ਰੁਕ ਗਏ। ਕੋਈ ਦਸ-ਪੰਦਰਾਂ ਮਿੰਟ ਉਸਨੂੰ ਸੁਣਿਆ ਅਤੇ ਤਿਲ-ਫੁੱਲ ਉਹਦੀ ਝੋਲੀ ’ਚ ਪਾਇਆ। ਨੀਰੂ ਨੇ ਉਹਦੀ ਵੀਡੀਓ ਵੀ ਬਣਾਈ।

## ਇਕਬਾਲ ਕੈਸਰ ਦਾ ਪੰਜਾਬੀ ਖੋਜਗੜ੍ਹ

ਲਾਹੌਰੋਂ ਤੁਰਨ ਲੱਗਿਆਂ ਮੈਂ ਸੂਫੀ ਹੋਰਾਂ ਨਾ.ਲ ਗੱਲ ਕਰ ਰਿਹਾ ਸੀ ਕਿ ਤੁਹਾਡੇ ਬੇਲੀ ਇਕਬਾਲ ਕੈਸਰ ਨੇ ਕਿਸੇ ਪਿੰਡ ਵਿੱਚ ‘ਪੰਜਾਬੀ ਖੋਜਗੜ੍ਹ’ ਨਾਂ ਦੀ ਇੱਕ ਲਾਇਬ੍ਰੇਰੀ ਬਣਾਈ ਹੋਈ ਹੈ। ਉਨ੍ਹਾਂ ਝੱਟ ਕਿਹਾ ਕਿ ਲੈ ਉਹ ਤਾਂ ਆਪਣੇ ਕਸੂਰੋਂ ਆਉਂਦਿਆਂ ਰਾਹ ਵਿੱਚ ਹੀ ਪੈਂਦੀ ਹੈ। ਉਸ ਪਿੰਡ ਦਾ ਨਾਮ ਹੈ- ਲਲਿਆਣੀ ਮੁਸਤਫ਼ਾਬਾਦ, ਜੋ ਮੁੱਖ ਸੜਕ ਤੋਂ ਥੋੜ੍ਹਾ ਹਟਵਾਂ ਹੈ। ਉਨ੍ਹਾਂ ਕੈਸਰ ਹੋਰਾਂ ਨੂੰ ਫ਼ੋਨ ਮਿਲਾਇਆ, ਪਰ ਕਿਸੇ ਜ਼ਰੂਰੀ ਕੰਮ ਵਿੱਚ ਰੁਝੇ ਹੋਏ ਸਨ। ਉਨ੍ਹਾਂ ਆਪਣੇ ਬੇਟੇ ਅਲੀ ਅਤੇ ਉਸਦੇ ਦੋਸਤ ਆਮਿਰ ਦੀ ਡਿਊਟੀ ਲਗਾ ਦਿੱਤੀ। ਬੱਸ ਅਸੀਂ ਉਨ੍ਹਾਂ ਨੂੰ ਇਹੀ ਦੱਸਣਾ ਸੀ ਕਿ ਕਿੰਨੇ ਕੁ ਵਜੇ ਪਹੁੰਚਾਂਗੇ।

ਹੁਣ ਅਸੀਂ ਪਿੰਡ ਲਲਿਆਣੀ ਮੁਸਤਫ਼ਾਬਾਦ ਰੁਕਣਾ ਸੀ, ਪਰ ਭੁੱਖ ਵੀ ਚਮਕ ਰਹੀ ਸੀ। ਮੇਨ ਰੋਡ ਉਪਰ ਇੱਕ ਢਾਬੇ ਤੋਂ ਅਸੀਂ ਰੋਟੀ ਖਾਧੀ ਤੇ ਸੂਫ਼ੀ ਹੋਰਾਂ ਉਹਨੂੰ ਦੱਸ ਦਿੱਤਾ ਅਸੀਂ ਕਿੱਥੇ ਹਾਂ। ਪਾਕਿਸਤਾਨ ਦੇ ਮੋਟਰਵੇ (ਹਾਈਵੇ) ਤਾਂ ਵਰਲਡ ਕਲਾਸ ਹਨ, ਪਰ ਪਿੰਡਾਂ ਦੀਆਂ ਸੜਕਾਂ-ਗਲੀਆਂ ਦਾ ਹਾਲ ਨਾ ਹੀ ਪੁੱਛੋ। ਨਹਿਰ ਦੇ ਕੰਢੇ ਜਾਂਦੀ ਇੱਕ ਨਿੱਕੀ ਜਿਹੀ ਸੜਕ ਕੱਚੀ ਵੱਧ ਤੇ ਪੱਕੀ ਘੱਟ ਸੀ। ਸਾਨੂੰ ਤਾਂ ਡਰ ਲੱਗ ਰਿਹਾ ਸੀ ਕਿ ਇੱਥੇ ਕਾਰ ਕਿਵੇਂ ਚੱਲੇਗੀ, ਪਰ ਦੋ ਕੁ ਮੀਲ ਦਾ ਇਹ ਟੋਟਾ ਆਖ਼ਰ ਅਸੀਂ ਸਰ ਕਰ ਲਿਆ। ਕੈਸਰ ਦਾ ਲੜਕਾ ਪਹੁੰਚ ਚੁੱਕਾ ਸੀ। ਤਿੰਨ-ਚਾਰ ਕੰਮ ਕਰਨ ਵਾਲੇ ਵੀ ਮਿਲੇ। ਉਨ੍ਹਾਂ ਸਾਡੇ ਲਈ ਚਾਹ ਬਣਾਈ। ਸਾਨੂੰ ਖੋਜਗੜ੍ਹ ਘੁਮਾ ਕੇ ਦਿਖਾਇਆ।

ਅਨੇਕਾਂ ਸੱਭਿਆਚਾਰ ਨਾ.ਲ ਸਬੰਧਿਤ, ਪੰਜਾਬੀਅਤ ਨਾ.ਲ ਸਬੰਧਤ ਤੇ ਸਾਹਿਤ ਨਾ.ਲ ਸਬੰਧਿਤ ਕਿਤਾਬਾਂ ਦੇਖ ਕੇ ਰੂਹ ਖ਼ੁਸ਼ ਹੋ ਗਈ। ਇਸ ਦੀ ਵਿਲੱਖਣਤਾ ਇਹ ਹੈ ਕਿ ਕਿਤਾਬਾਂ ਇਸ਼ੂ ਨਹੀਂ ਕੀਤੀਆਂ ਜਾਂਦੀਆਂ। ਕੋਈ ਵੀ ਖੋਜਾਰਥੀ ਇੱਥੇ ਬਹਿ ਕੇ ਕਿਸੇ ਵੀ ਕਿਤਾਬ ਨੂੰ ਹਵਾਲੇ ਵਜੋਂ ਦੇਖ ਸਕਦਾ। ਇੱਕ ਮਿਊਜ਼ੀਅਮ ਹੈ, ਜਿਸ ਵਿੱਚ ਪੁਰਾਣੇ ਪੰਜਾਬੀ ਸੱਭਿਆਚਾਰ ਦੀਆਂ ਚੀਜ਼ਾਂ, ਵਸਤਾਂ ਤੇ ਪੁਰਾਣੀਆਂ ਫ਼ਿਲਮਾਂ ਦੇ ਪੋਸਟਰ ਵੀ ਸਾਂਭੇ ਹੋਏ ਹਨ। ਲਲਿਆਣੀ ਜੋ ਹੁਣ ਇੱਕ ਕਸਬੇ ਦਾ ਰੂਪ ਲੈ ਚੁੱਕਿਆ ਹੈ, ਬਾਰੇ ਇਕਬਾਲ ਕੈਸਰ ਹੋਰੀਂ ਕਿਤਾਬ ਵੀ ਲਿਖ ਚੁਕੇ ਹਨ, ਜੋ ਤਕਰੀਬਨ ਹਰ ਘਰ ਵਿੱਚ ਦੇਖੀ ਜਾ ਸਕਦੀ ਹੈ। ਦੋ-ਤਿੰਨ ਘੰਟੇ ਦੀ ਠਹਿਰ ਤੋਂ ਬਾਅਦ ਅਸੀਂ ਲਾਹੌਰ ਲਈ ਰਵਾਨਾ ਹੋਏ।

# ਜਗਤ ਜਲੰਦੇ ਦੇ ਤਾਰਣਹਾਰ

# ਗੁਰੂ ਨਾਨਕ ਪਾਤਿਸ਼ਾਹ ਦੇ

# ਪ੍ਰਕਾਸ਼ ਪੁਰਬ ਦੀ

# ਲੱਖ ਲੱਖ ਵਧਾਈ

## Happy Gurpurab To All




**ਵੱਲੋਂ: ਸਮੂਹ ਨੰਦਰਾ ਪਰਿਵਾਰ**

**ਡਾ. ਮੁਖਤਿਆਰ ਸਿੰਘ ਨੰਦਰਾ ਤੇ ਹਰਭਜਨ ਕੌਰ**

ਡਾ. ਗੁਰਇਕਬਾਲ ਸਿੰਘ ਨੰਦਰਾ (ਪੁੱਤਰ) ਅਤੇ ਡਾ. ਜਿਲ (ਨੂੰਹ);
ਲੁਏਲਾ ਤੇ ਲਿਵ (ਪੋਤਰੀਆਂ)
ਡਾ. ਸੰਨੀ ਨੰਦਰਾ (ਪੁੱਤਰ) ਅਤੇ ਗੌਰੀਆ (ਨੂੰਹ)

# ਨੇੜਿਓਂ ਦੇਖੇ, ਸੁਣੇ ਤੇ ਪੜ੍ਹੇ ਗਿਆਨੀ ਸੋਹਣ ਸਿੰਘ ਸੀਤਲ

**ਯਾਦ-ਝਰੋਖਾ**

**ਡਾ. ਰੂਪ ਸਿੰਘ**
**ਫੋਨ:+91-9814637979**



ਵਿਸ਼ਵ-ਪ੍ਰਸਿੱਧ ਢਾਡੀ, ਨਾਵਲਕਾਰ, ਇਤਿਹਾਸਕਾਰ, ਕਹਾਣੀਕਾਰ, ਵਾਰਤਕਕਾਰ, ਨਾਟਕਕਾਰ, ਗੀਤਕਾਰ ਤੇ ਕਵੀ ਗਿਆਨੀ ਸੋਹਣ ਸਿੰਘ ਸੀਤਲ ਸਫਲ ਸਿੱਖ ਪ੍ਰਚਾਰਕ ਸਨ। ਗੁਰਬਾਣੀ, ਸਿੱਖ ਵਿਚਾਰਧਾਰਾ ਤੇ ਇਤਿਹਾਸ ਨੂੰ ਪੜ੍ਹਨਾ-ਸਮਝਣਾ ਤੇ ਪ੍ਰਚਾਰਨਾ ਉਨ੍ਹਾਂ ਦਾ ਜੀਵਨ ਭਰ ਆਦਰਸ਼ ਰਿਹਾ। 7 ਅਗਸਤ 1909 ਈ. ਕਾਕੀਵਿੰਡ (ਲਾਹੌਰ) ਵਿਖੇ ਸ. ਖੁਸ਼ਹਾਲ ਸਿੰਘ ਦੇ ਘਰ ਕਿਸਾਨ ਪਰਿਵਾਰ 'ਚ ਜੰਮੇ-ਪਲੇ ਸੀਤਲ ਜੀ ਨੇ ਸਕੂਲੀ ਪੜ੍ਹਾਈ ਦਸਵੀਂ ਤੀਕ ਪ੍ਰਾਪਤ ਕਰ, ਗਿਆਨੀ ਦਾ ਇਮਤਿਹਾਨ ਨਿੱਜੀ ਪੱਧਰ 'ਤੇ ਪਾਸ ਕੀਤਾ। ਉਨ੍ਹਾਂ ਵਿੱਚ ਗਿਆਨ-ਪ੍ਰਾਪਤੀ ਦੀ ਅਮੁੱਕ ਜਿਗਿਆਸਾ ਸੀ ਅਤੇ ਸਿੱਖੀ ਸਿਦਕ ਭਰੋਸੇ, ਸਿਰੜ, ਲਗਨ, ਮਿਹਨਤ ਸਦਕਾ ਜੀਵਨ ਭਰ ਪੜ੍ਹਦੇ-ਲਿਖਦੇ ਤੇ ਸਿੱਖ ਧਰਮ ਦੇ ਪ੍ਰਚਾਰ-ਪਸਾਰ ਹਿਤ ਜੁਟੇ ਰਹੇ। ਸਫਲ ਸਿੱਖ ਪ੍ਰਚਾਰਕ ਵਾਲੇ ਸਾਰੇ ਗੁਣ ਉਨ੍ਹਾਂ ਨੂੰ ਅਕਾਲ ਪੁਰਖ ਨੇ ਬਖਸ਼ਿਸ਼ ਕੀਤੇ ਸਨ। ਵਿਦਵਾਨ ਲੇਖਕ ਤੇ ਸਫਲ ਬੁਲਾਰੇ ਦੇ ਬਰਾਬਰ ਗੁਣ ਕੁਦਰਤ ਕਿਸੇ-ਕਿਸੇ ਨੂੰ ਹੀ ਬਖਸ਼ਿਸ਼ ਕਰਦੀ ਹੈ, ਨਹੀ ਤਾਂ ਆਮ ਕਰਕੇ ਲੇਖਕ ਸਫਲ ਬੁਲਾਰੇ ਨਹੀਂ ਹੁੰਦੇ ਅਤੇ ਸਫਲ ਬੁਲਾਰੇ ਪ੍ਰਵਾਨਤ ਲੇਖਕ ਨਹੀਂ ਹੁੰਦੇ। ਸ. ਸੀਤਲ ਇਸ ਪੱਖੋਂ ਭਾਗਸ਼ਾਲੀ ਸਨ ਕਿ ਉਨ੍ਹਾਂ ਕੋਲ ਦੋਵੇਂ ਗੁਣ ਭਰਪੂਰ ਸਨ। ਸਫਲ ਬੁਲਾਰੇ ਵਾਸਤੇ ਨਿੱਜੀ ਸ਼ਖ਼ਸੀਅਤ, ਬੋਲਣ ਦਾ ਵਿਸ਼ਾ, ਵਿਸ਼ੇ 'ਤੇ ਬੋਲਣ ਦੀ ਥਾਂ ਤੇ ਸਰੋਤਿਆਂ ਦੀ ਪੱਧਰ ਅਤੇ ਗਿਣਤੀ ਪ੍ਰਭਾਵਿਤ ਕਰਦੀ ਹੈ। ਨਿੱਜੀ ਸ਼ਖ਼ਸੀਅਤ 'ਚ ਬੁਲਾਰੇ ਦਾ ਕੱਦ, ਸਿਹਤ, ਆਵਾਜ਼, ਪਹਿਰਾਵਾ, ਖਾਣ-ਪੀਣ, ਸਵੈ-ਵਿਸ਼ਵਾਸ, ਆਪਣੇ ਬੋਲਾਂ 'ਤੇ ਭਰੋਸਾ ਅਤੇ ਅਭਿਆਸ, ਭਾਸ਼ਾ-ਸ਼ੈਲੀ, ਸਰੋਤਿਆਂ ਦੇ ਪੱਧਰ ਨੂੰ ਦੇਖਣ-ਸਮਝਣ ਦੀ ਪ੍ਰਤਿਭਾ, ਯਾਦਦਾਸ਼ਤ, ਸਮੇਂ ਦੀ ਪਾਬੰਦੀ, ਹਰਕਤਾਂ ਆਦਿ ਗੁਣ ਸ਼ਾਮਲ ਹਨ।

ਨਿੱਜੀ ਰੂਪ 'ਚ ਗਿਆਨੀ ਸੋਹਣ ਸਿੰਘ ਸੀਤਲ ਨੂੰ ਮੈਂ ਨੇੜਿਓਂ ਦੇਖਿਆ, ਸੁਣਿਆ ਤੇ ਪੜ੍ਹਿਆ ਹੈ। ਉਨ੍ਹਾਂ ਨੇ ਉਪਰੋਕਤ ਗੁਣਾਂ ਅਨੁਸਾਰ ਆਪਣੇ ਜੀਵਨ ਨੂੰ ਢਾਲਿਆ ਹੋਇਆ ਸੀ। ਗੁਰੂ-ਕਿਰਪਾ ਸਦਕਾ ਉਨ੍ਹਾਂ ਦਾ ਕੱਦ ਲੰਮੇਰਾ, ਸਾਫ ਰੰਗ, ਸਫੈਦ ਬਸਤਰ, ਨੀਲੀ ਦਸਤਾਰ, ਸਫੈਦ ਨਿਰਮਲ ਦਾਹੜਾ, ਰਹਿਣ-ਸਹਿਣ-ਬੋਲ-ਚਾਲ ਅਤੇ ਖਾਣ-ਪੀਣ ਉਨ੍ਹਾਂ ਦੀ ਨਿਵੇਕਲੀ ਸ਼ਖ਼ਸੀਅਤ ਨੂੰ ਨਿਖੇੜਦਾ ਸੀ। ਉਨ੍ਹਾਂ ਦੇ ਬੋਲਾਂ 'ਚ ਪੂਰਨ ਸਵੈ-ਵਿਸ਼ਵਾਸ ਸੀ। ਉਹ ਤਿੰਨ ਭੈਣਾਂ ਦੇ ਇਕਲੌਤੇ ਭਾਈ ਸਨ। ਮਾਤਾ-ਪਿਤਾ ਸ਼ਾਂਤ ਤੇ ਸੰਤੋਖੀ ਸੁਭਾਅ ਦੇ ਮਾਲਕ ਸਨ। ਪਰਿਵਾਰ ਵਿੱਚ ਸਿੱਖੀ ਰੋਮ-ਰੋਮ 'ਚ ਸਮੋਈ ਹੋਈ ਸੀ। ਪਹਿਲਾਂ-ਪਹਿਲ ਇੱਕ ਭੈੜਾ ਰਿਵਾਜ ਸੀ ਕਿ ਛੋਟੇ ਲੜਕੇ ਦੇ ਕੇਸਾਂ ਦੀ ਇੱਕ ਲਿਟ ਕੈਂਚੀ ਨਾਲ ਕੱਟ ਕੇ ਤਵੀਤ ਬਣਾ ਉਸ ਦੇ ਗਲੇ ਵਿੱਚ ਪਾ ਦਿੱਤਾ ਜਾਂਦਾ ਸੀ ਤਾਂ ਕਿ ਭੈੜੀ ਨਜ਼ਰ ਨਾ ਲੱਗੇ। ਸ. ਸੀਤਲ ਦੀ ਮਾਤਾ ਨੂੰ ਵਡੇਰੀ ਉਮਰ ਦੀਆਂ ਮਾਤਾਵਾਂ ਨੇ ਸਲਾਹ ਦਿੱਤੀ ਕਿ ਇਸ ਦੇ ਕੇਸਾਂ ਦੀ ਇੱਕ ਲਿਟ ਕੱਟ ਦਿੱਤੀ ਜਾਵੇ, ਪਰ ਉਨ੍ਹਾਂ ਦੀ ਮਾਤਾ ਦਾ ਜਵਾਬ ਹੁੰਦਾ- ਨਹੀਂ ਬੇਬੇ! ਮੈਂ ਆਪਣੇ ਹੱਥੀਂ ਪੁੱਤਰ ਦੇ ਸੁੱਚੇ ਕੇਸ ਜੂਠੇ ਨਹੀਂ ਕਰਨੇ। ਇਸ ਦਾ ਗੁਰੂ ਮਹਾਰਾਜ ਰਾਖਾ। ਸੀਤਲ ਜੀ 'ਤੇ ਉਨ੍ਹਾਂ ਦੀ ਮਾਤਾ ਦੇ ਸਿੱਖੀ-ਸਿਦਕ ਭਰੋਸੇ ਦਾ ਅਸਰ ਸੀ ਕਿ ਉਨ੍ਹਾਂ ਆਖਰੀ ਸਾਹਾਂ ਤੀਕ ਕੇਸ ਸੁੱਚੇ ਰੱਖੇ ਤੇ ਕੇਸਾਂ ਨੂੰ ਸਭ ਤੋਂ ਪਵਿੱਤਰ ਮੰਨਿਆ, ਸਤਿਕਾਰਿਆ ਤੇ ਪ੍ਰਗਟਾਇਆ। ਉਨ੍ਹਾਂ ਦਾ ਨਿਸ਼ਚਾ ਸੀ ਕਿ ਕੇਸ ਸਰੀਰ ਦੇ ਸਭ ਤੋਂ ਪਵਿੱਤਰ ਅੰਗ ਹਨ ਤੇ ਇਨ੍ਹਾਂ ਦੀ ਬੇਅਦਬੀ ਕਰਨਾ ਸਿਰਜਣਹਾਰ ਦੀ ਨਿਰਾਦਰੀ ਕਰਨ ਦੇ ਬਰਾਬਰ ਹੈ।

ਸ. ਸੀਤਲ ਵਿਸ਼ਵ ਧਰਮਾਂ ਦੇ ਜਾਣਕਾਰ, ਸਿੱਖ ਧਰਮ ਦੇ ਗਿਆਤਾ ਤੇ ਗੁਰਬਾਣੀ ਦੇ ਅਭਿਆਸੀ ਸਨ। ਗੁਰਬਾਣੀ-ਗੁਰਮਤਿ ਵਿਚਾਰਧਾਰਾ ਅਨੁਸਾਰ ਸਿੱਖ ਇਤਿਹਾਸ ਨੂੰ ਉਹ ਇਤਿਹਾਸ ਮੰਨਦੇ ਸਨ। ਗੁਰਬਾਣੀ ਦੇ ਸ਼ੁੱਧ ਪ੍ਰਮਾਣ-ਇਤਿਹਾਸਕ ਸੱਚਾਈਆਂ ਨੂੰ ਉਹ ਐਸੇ ਤਰਤੀਬਵਾਰ ਰੋਚਕ ਢੰਗ ਨਾਲ ਸੁਣਾਉਂਦੇ ਸਨ ਕਿ ਸਰੋਤੇ ਮੰਤਰ-ਮੁਗਧ ਹੋ ਜਾਂਦੇ ਸਨ।

ਪ੍ਰਚਾਰਕ ਵਾਸਤੇ ਇਹ ਜ਼ਰੂਰੀ ਹੈ ਕਿ ਕਹਿਣੀ, ਕਥਨੀ ਤੇ ਕਰਨੀ ਦਾ ਸੂਰਮਾ ਹੋਵੇ। ਜਿਸ ਵਿਚਾਰਧਾਰਾ ਦਾ ਉਹ ਪ੍ਰਚਾਰ ਕਰਦਾ ਹੈ, ਉਸ ਵਿਚਾਰਧਾਰਾ ਨੂੰ ਰੋਮ-ਰੋਮ ਮੰਨਦੇ ਹੋਣਾ ਤੇ ਉਸ ਦਾ ਧਾਰਨੀ ਹੋਣਾ ਜ਼ਰੂਰੀ ਹੈ। ਗੁਰਬਾਣੀ ਦੇ ਸੀਤਲ ਜੀ ਨੇਮੀ ਵੀ ਸਨ ਤੇ ਪ੍ਰੇਮੀ ਵੀ। ਉਨ੍ਹਾਂ ਨੂੰ ਅਕਾਲ ਪੁਰਖ ਤੇ ਗੁਰਬਾਣੀ 'ਚ ਅਟੁੱਟ ਭਰੋਸਾ ਸੀ। ਸਵੈਮਾਣ ਤੇ ਨਿਮਰਤਾ ਪ੍ਰਚਾਰਕਾਂ ਦੇ ਗਹਿਣੇ ਹਨ। ਸੀਤਲ ਜੀ ਦੇ ਬੋਲ ਸਨ, ਗੁਰੂ ਕਿਰਪਾ ਕਰੇ ਮੈਂ ਕੌਮ ਦੇ ਪ੍ਰਚਾਰਕ ਵਜੋਂ ਹੀ ਸੰਸਾਰ ਤੋਂ ਅਲਵਿਦਾ ਹੋਵਾਂ। ਉਹ ਹਉਮੈ-ਹੰਕਾਰ ਤੋਂ ਸੁਚੇਤ ਤੇ ਸੁਤੰਤਰ ਸਨ। ਭਗਤ ਕਬੀਰ ਜੀ ਦੀ ਇਹ ਪੰਗਤੀ ਉਹ ਆਮ ਕਰਕੇ ਦੁਹਰਾਉਂਦੇ ਸਨ,

ਕਬੀਰ ਗਰਬੁ ਨਾ ਕੀਜੀਐ ਰੰਕੁ ਨ ਹਸੀਐ ਕੋਇ॥
ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ॥ (ਪੰਨਾ 1366)

ਸ. ਸੀਤਲ ਪੰਜਾਬੀ, ਉਰਦੂ, ਅੰਗਰੇਜ਼ੀ, ਹਿੰਦੀ ਤੇ ਸੰਸਕ੍ਰਿਤ ਭਾਸ਼ਾ ਦੇ ਗਿਆਤਾ ਸਨ। ਉਨ੍ਹਾਂ ਨੇ ਖ਼ੂਬ ਪੜ੍ਹਿਆ ਅਤੇ ਪ੍ਰਚਾਰਿਆ ਹੈ। ਉਹ ਇਸ ਵਿਸ਼ਵਾਸ ਦੇ ਧਾਰਨੀ ਸਨ ਕਿ ਆਪਣੇ ਧਰਮ ਦੀ ਵਿਲੱਖਣਤਾ ਸਥਾਪਤ ਕਰਨ ਵਾਸਤੇ ਦੂਸਰੇ ਧਰਮਾਂ ਦੀ ਜਾਣਕਾਰੀ ਜ਼ਰੂਰੀ ਹੈ। ਉਨ੍ਹਾਂ ਨੇ ਚਾਰੇ ਵੇਦ, ਸਿਮ੍ਰਤੀਆਂ, ਗੀਤਾ, ਮਹਾਂਭਾਰਤ, ਬਾਈਬਲ, ਪਵਿੱਤਰ ਕੁਰਾਨ ਆਦਿ ਤੋਂ ਇਲਾਵਾ ਹੋਰ ਧਾਰਮਿਕ-ਦਾਰਸ਼ਨਿਕ ਲੇਖਾਂ ਦੀਆਂ ਕਿਰਤਾਂ ਨੂੰ ਖ਼ੂਬ ਪੜ੍ਹਿਆ-ਵਾਚਿਆ, ਵਿਚਾਰਿਆ ਤੇ ਉਨ੍ਹਾਂ ਦੇ ਸੰਦਰਭ ਵਿੱਚ ਗੁਰਮਤਿ ਗਿਆਨ ਦਾ ਪ੍ਰਚਾਰ-ਪ੍ਰਸਾਰ ਕੀਤਾ। ਉਨ੍ਹਾਂ ਦਾ ਕਥਨ ਹੈ ਕਿ ਇੱਕ ਕਿਤਾਬ ਲਿਖਣ ਵਾਸਤੇ ਘੱਟੋ-ਘੱਟ ਸੌ ਕਿਤਾਬ ਪੜ੍ਹਨੀ ਪੈਂਦੀ ਹੈ। ਅੰਦਾਜ਼ਾ ਲਗਾਓ ਕਿ ਉਨ੍ਹਾਂ ਕਿਤਨਾ ਪੜ੍ਹਿਆ ਹੋਵੇਗਾ ਕਿ ਉਨ੍ਹਾਂ ਸੌ ਤੋਂ ਵਧੇਰੇ ਪੁਸਤਕਾਂ ਲਿਖੀਆਂ।



ਵਹਿਮਾਂ-ਭਰਮਾਂ-ਪਾਖੰਡਾਂ-ਦਿਖਾਵੇ ਤੋਂ ਕੋਹਾਂ ਦੂਰ ਉਹ ਰੋਮ-ਰੋਮ ਤੋਂ 'ਗੁਰੂ-ਗ੍ਰੰਥ' ਤੇ 'ਗੁਰੂ-ਪੰਥ' ਨੂੰ ਸਮਰਪਿਤ ਸਨ। 'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ' ਦੇ ਧਾਰਨੀ ਤੇ ਪ੍ਰਚਾਰਕ ਸਨ। ਗੁਰੂ-ਡੰਮ, ਡੇਰੇਦਾਰੀ, ਵਿਅਕਤੀਵਾਦ ਤੇ ਅਖੌਤੀ ਸਾਧਵਾਦ ਦੇ ਉਹ ਕੱਟੜ ਵਿਰੋਧੀ ਸਨ। ਉਨ੍ਹਾਂ ਜੀਵਨ ਭਰ ਮਨਮਤ ਦਾ ਵਿਰੋਧ ਕੀਤਾ ਤੇ ਗੁਰਮਤਿ ਦਾ ਪ੍ਰਚਾਰ ਕੀਤਾ। ਉਹ ਉਹੀ ਲਿਖਦੇ ਤੇ ਬੋਲਦੇ ਸਨ, ਜਿਨ੍ਹਾਂ ਤੱਥਾਂ ਦੀ ਪਰਖ-ਪੜਚੋਲ ਉਹ ਕਰ ਚੁੱਕੇ ਸਨ। ਕਿਸ ਸਮੇਂ ਬੁਲਾਰੇ ਦੀ ਹਰਕਤ ਕੀ ਹੋਣੀ ਚਾਹੀਦੀ ਹੈ, ਇਸ਼ਾਰਾ ਕਿਵੇਂ ਕਰਨਾ ਹੈ- ਇਸ ਵਿੱਚ ਉਹ ਨਿਪੁੰਨ ਸਨ। ਉਨ੍ਹਾਂ ਦੇ ਇਹ ਬੋਲ ਅੱਜ ਵੀ ਮੇਰੇ ਕੰਨਾਂ ਵਿੱਚ ਗੂੰਜਦੇ ਹਨ ਤੇ ਇਸ਼ਾਰਾ ਸਾਹਮਣੇ ਹੈ:

"ਸ. ਸ਼ਾਮ ਸਿੰਘ ਜੀ ਅਟਾਰੀ ਵਾਲੇ ਨੇ ਦੇਖ ਲਿਆ ਕਿ ਅਸੀਂ ਅੰਗਰੇਜ਼ ਫੌਜ ਨੂੰ ਜਿੱਤ ਨਹੀਂ ਸਕਦੇ। ਸ. ਸ਼ਾਮ ਸਿੰਘ ਨੇ ਆਪਣੇ ਚਿੱਟੇ ਸਫੈਦ ਦਾਹੜੇ 'ਤੇ ਹੱਥ ਫੇਰਿਆ (ਉਸ ਸਮੇਂ ਸੀਤਲ ਜੀ ਵੀ ਆਪਣੇ ਨਿਰਮਲ ਸਫੈਦ ਦਾਹੜੇ 'ਤੇ ਹੱਥ ਫੇਰਦੇ) ਕਿ ਸ਼ਾਮ ਸਿੰਘ! ਇਹ ਚਿੱਟਾ ਦਾਹੜਾ ਅੰਗਰੇਜ਼ਾਂ ਦੇ ਬੂਟ ਝਾੜਿਆ ਕਰੇਗਾ? ਮਰਦਾਂ ਦਾ ਕੰਮ ਮੈਦਾਨ-ਏ-ਜੰਗ ਵਿੱਚ ਸ਼ਹੀਦ ਹੋ ਜਾਣਾ- ਸ਼ਾਮ ਸਿੰਘ ਮੈਦਾਨ-ਏ-ਜੰਗ ਦੀ ਤਿਆਰੀ ਕਰਦਾ ਕਿਵੇਂ ਬਈ?"

ਸਮੇਂ ਦੀ ਕਦਰ ਤੇ ਸਦ-ਉਪਯੋਗ ਹਰੇਕ ਵਾਸਤੇ ਜ਼ਰੂਰੀ ਹੈ, ਪਰ ਸਫਲ ਬੁਲਾਰੇ-ਪ੍ਰਚਾਰਕ ਵਾਸਤੇ ਸਮੇਂ ਦੀ ਪਾਬੰਦੀ-ਸਫਲਤਾ ਦਾ ਭੇਦ ਹੈ। ਬੁਲਾਰੇ ਦਾ ਆਪਣਾ ਹੀ ਸਮਾਂ ਕੀਮਤੀ ਨਹੀਂ ਹੁੰਦਾ, ਸਗੋਂ ਸਰੋਤਿਆਂ ਦੇ ਸਮੇਂ ਦੀ ਕੀਮਤ ਨੂੰ ਜਾਣਨਾ ਵੀ ਉਸ ਲਈ ਜ਼ਰੂਰੀ ਹੈ। ਸ. ਸੀਤਲ ਪ੍ਰਸੰਗ ਸੁਣਾਉਣ ਸਮੇਂ ਲੋੜ ਅਨੁਸਾਰ ਵਿਸਥਾਰ ਵੀ ਕਰਦੇ ਸਨ, ਪਰ ਸਮੇਂ ਦੀ ਪਾਬੰਦੀ ਨੂੰ ਸਨਮੁਖ ਰੱਖਦਿਆਂ ਪ੍ਰਸੰਗ ਨੂੰ ਸਮੇਟਣ ਤੇ ਸੰਪੂਰਨ ਕਰਨ ਵਿੱਚ ਦੇਰ ਨਹੀਂ ਸਨ ਲਗਾਉਂਦੇ। ਮੈਨੂੰ ਯਾਦ ਹੈ, ਇੱਕ ਵਾਰ ਸਾਡੇ ਪਿੰਡ ਖਾਨੋਵਾਲ ਹੋਲੇ-ਮੁਹੱਲੇ ਦੇ ਦੀਵਾਨ 'ਚ ਸੀਤਲ ਜੀ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪ੍ਰਸੰਗ ਸੁਣਾ ਰਹੇ ਸਨ ਕਿ ਪਿੱਛੇ ਉਨ੍ਹਾਂ ਦੇ ਸਾਥੀ ਆਪਸੀ ਗੱਲਬਾਤ ਕਰਨ ਲੱਗ ਪਏ। ਸੀਤਲ ਜੀ ਦੇ ਬੋਲ ਸਨ, "ਮੇਰੇ ਸਾਥੀ ਸਮਝਦੇ ਹਨ ਕਿ ਮੈਨੂੰ ਲੰਬੇ ਲੈਕਚਰ ਕਰਨ ਦੀ ਆਦਤ ਹੈ, ਪਰ ਜੇਕਰ ਮੈਂ ਲੰਬਾ ਲੈਕਚਰ ਕਰ ਸਕਦਾ ਹਾਂ, ਤਾਂ ਮੈਨੂੰ ਸੰਖੇਪ ਕਰਨਾ ਵੀ ਆਉਂਦਾ ਹੈ। ਵੱਡਾ ਵੀਰ ਜਾਂ ਸ਼ਹੀਦੀ ਪਾ ਗਿਆ, ਛੋਟਾ ਆਗਿਆ ਮੰਗਦਾ ਕਿਵੇਂ ਬਈ?" ਫਿਰ ਕੀ, ਸਾਰੰਗੀ ਵਾਲਾ ਸਿੰਘ ਸਾਰੰਗੀ ਤੇ ਢਾਡੀ ਸਿੰਘ ਢੱਡਾ ਭੁਲ ਗਏ... ਸਾਥੀ ਇਕਦਮ ਸੁਣਦੇ ਸਾਰ ਉਲਝ ਗਏ। ਜੇਕਰ ਸਮਾਂ ਤਿੰਨ ਘੰਟੇ ਹੈ ਤਾਂ ਇਸ ਸਮੇਂ 'ਚ ਸਿੱਖ ਰਾਜ ਕਿਵੇਂ ਬਣਿਆ ਜਾ ਕਿਵੇਂ ਗਿਆ? ਸੁਣਾ ਸਕਦੇ ਹਨ। ਜੇਕਰ ਇਸ ਹੀ ਪ੍ਰਸੰਗ ਨੂੰ ਇੱਕ ਘੰਟੇ 'ਚ ਕਹਿਣਾ ਹੁੰਦਾ ਤਾਂ ਵੀ ਉਹ ਬਾਖੂਬੀ ਕਹਿ ਜਾਂਦੇ। ਅਰਦਾਸ ਸਮੇਂ ਕੇਵਲ ਉਹ ਇਹ ਸ਼ਬਦ ਹੀ ਬੋਲਦੇ, ਸਤਿਗੁਰੂ ਨਾਮ-ਦਾਨ ਤੇ ਚਰਨਾਂ ਦੀ ਪ੍ਰੀਤੀ ਬਖਸ਼ਿਸ਼ ਕਰਨ।

ਸ਼ੇਖ ਸਾਅਦੀ ਦਾ ਕਥਨ ਹੈ, ਜਦ ਤਕ ਮਨੁੱਖ ਮੂੰਹੋਂ ਨਹੀਂ ਬੋਲਦਾ ਉਸ ਦੀ ਖ਼ੂਬੀ ਤੇ ਬੁਰਾਈ ਲੁਕੀ ਰਹੇਗੀ! ਅਸਲ 'ਚ ਵਿਅਕਤੀ ਦਾ ਵਿਅਕਤਿਤਵ ਉਸ ਦੇ ਬੋਲਾਂ ਤੋਂ ਪ੍ਰਗਟ ਹੁੰਦਾ ਹੈ! ਮੈਂ ਸੀਤਲ ਜੀ ਨੂੰ ਕਦੇ ਮੰਦੇ ਬੋਲ, ਘਟੀਆ ਵਾਰਤਾਲਾਪ ਕਰਦਿਆਂ ਨਹੀਂ ਸੁਣਿਆ। ਇਹੀ ਕਾਰਨ ਸੀ ਕਿ ਅਸੀਂ ਉਨ੍ਹਾਂ ਦੇ ਮੁਖਾਰਬਿੰਦ ਤੋਂ ਲੈਕਚਰ ਸੁਣਨ ਵਾਸਤੇ 70 ਕਿਲੋਮੀਟਰ ਤੀਕ ਸਫਰ ਵੀ ਕਰ ਲੈਂਦੇ ਸੀ। ਮੇਰੇ ਪਿਤਾ ਜੀ ਨਾਲ ਉਨ੍ਹਾਂ ਦੀ ਵਿਚਾਰਾਂ ਦੀ ਸਾਂਝ ਸੀ, ਜਦ ਉਹ ਮੈਨੂੰ 'ਬਰਖੁਰਦਾਰ' ਕਹਿ ਕੇ ਬੁਲਾਂਦੇ ਤਾਂ ਮੇਰਾ ਮਨ ਗਦ-ਗਦ ਹੋ ਜਾਂਦਾ।

ਬੋਲ-ਚਾਲ ਦੇ ਨਾਲ-ਨਾਲ ਸੀਤਲ ਜੀ ਸਿੱਖ ਰਹਿਣੀ 'ਚ ਪਰਪੱਕ ਸਨ। ਸਮੇਂ ਸਿਰ ਜਾਗਣਾ, ਸਮੇਂ ਸਿਰ ਸੌਣਾ, ਸਮੇਂ ਸਿਰ ਨਿਤਨੇਮ ਕਰਨਾ, ਪੜ੍ਹਨਾ-ਖਾਣਾ ਤੇ ਬੋਲਣਾ ਉਨ੍ਹਾਂ ਦਾ ਸੁਭਾਅ ਸੀ। ਲਗਭਗ ਦਸ ਸਾਲ ਸਾਡੇ ਪਿੰਡ ਦੀਵਾਨ ਕਰਨ ਆਉਂਦੇ ਰਹੇ, ਪਰ ਉਨ੍ਹਾਂ ਕਦੇ ਕਿਸੇ ਚੀਜ਼ ਦਾ ਲਾਲਚ ਨਹੀਂ ਕੀਤਾ। ਉਨ੍ਹਾਂ ਕਦੇ ਕਿਸੇ ਵਿਅਕਤੀ ਵਿਸ਼ੇਸ਼ ਦੀ ਖੁਸ਼ਾਮਦ ਨਹੀਂ ਕੀਤੀ। ਗੁਰੂ ਰਾਮਦਾਸ ਜੀ ਦੇ ਦਰ 'ਤੇ ਮੰਜੀ ਸਾਹਿਬ ਹਾਲ ਵਿੱਚ ਆਖਰੀ ਦਿਨਾਂ 'ਚ ਵੀ ਮੈਨੂੰ ਉਨ੍ਹਾਂ ਦੇ ਇਹੀ ਬੋਲ ਸੁਣਾਈ ਦਿੱਤੇ, "ਇਹ ਠੀਕ ਹੈ ਕਿ ਮੈਂ ਢਾਡੀ ਦੇ ਕਾਰੇ ਲੱਗਾ ਹਾਂ, ਪਰ ਹਉ ਢਾਢੀ ਹਰਿ ਪ੍ਰਭ ਖਸਮ ਕਾ; ਮੈਂ ਕਿਸੇ ਬੰਦੇ ਦਾ ਢਾਡੀ ਨਹੀਂ, ਮੈਂ ਖਸਮ ਦਾ ਢਾਡੀ ਹਾਂ।"

ਉਹ ਸਤ, ਸੰਤੋਖ, ਸਹਿਜ, ਸਬਰ ਆਦਿ ਸਦਗੁਣਾਂ ਦੇ ਧਾਰਨੀ ਸਨ। ਰਾਗੀ, ਢਾਡੀ, ਪ੍ਰਚਾਰਕ, ਕਵੀਸ਼ਰ, ਕਵੀ ਸ਼ਬਦਾਂ ਦੇ ਜਾਦੂਗਰ ਹੁੰਦੇ ਹਨ ਪਰ ਜੀਵਨ 'ਚ ਆਉਣ ਵਾਲੀਆਂ ਕਮਜ਼ੋਰੀਆਂ ਤੋਂ ਸੁਚੇਤ ਰਹਿਣਾ ਤੇ ਬਚਣਾ ਇਨ੍ਹਾਂ ਵਾਸਤੇ ਬਹੁਤ ਜ਼ਰੂਰੀ ਹੈ; ਕਿਉਂਕਿ ਹਰੇਕ ਸਰੋਤੇ ਦੀਆਂ ਨਜ਼ਰਾਂ ਹਰ ਸਮੇਂ ਇਨ੍ਹਾਂ ਦੇ ਜੀਵਨ ਅਤੇ ਚਰਿੱਤਰ 'ਤੇ ਟਿਕੀਆਂ ਰਹਿੰਦੀਆਂ ਹਨ।

'ਦੇਖਿ ਪਰਾਈਆਂ ਚੰਗੀਆਂ ਮਾਵਾਂ ਧੀਆਂ ਜਾਣੈ' ਦੇ ਆਦਰਸ਼ 'ਤੇ ਕਾਇਮ ਰਹਿਣਾ ਹਰ ਸਿੱਖ ਦਾ ਕਰਮ ਤੇ ਪ੍ਰਚਾਰਕ ਦਾ ਧਰਮ ਹੈ। ਸੀਤਲ ਜੀ ਇਸ ਆਦਰਸ਼ ਅਨੁਸਾਰ ਸਮੁੱਚਾ ਜੀਵਨ ਸਫਲਾ ਕਰ ਕੇ ਗਏ। ਬਹੁਤ ਸਾਰੀਆਂ ਘਟਨਾਵਾਂ ਦਾ ਵੇਰਵਾ ਉਨ੍ਹਾਂ ਜੀਵਨ 'ਚ ਦਿੱਤਾ, ਪਰ ਕੇਵਲ ਇੱਕ ਮਿਸਾਲ ਹਾਜ਼ਰ ਹੈ: ਲੁਧਿਆਣਾ ਦੇ ਮੈਡੀਕਲ ਕਾਲਜ ਵਿਖੇ ਉਨ੍ਹਾਂ ਦਾ ਨਲਾਂ ਦਾ ਉਪਰੇਸ਼ਨ ਹੋਇਆ ਸੀ। ਹਰ ਘੰਟੇ ਬਾਅਦ ਪੱਟੀ ਬਦਲਣੀ ਪੈਂਦੀ ਸੀ। ਉਨ੍ਹਾਂ ਦੀ ਜ਼ੁਬਾਨੀ, "ਮੈਂ ਨਰਸਾਂ ਪਾਸੋਂ ਪੱਟੀ ਨਹੀਂ ਸਾਂ ਕਰਾਉਂਦਾ। ਇਹ ਸੇਵਾ ਇੱਕ ਜਵਾਨ ਲੜਕਾ ਕਰਦਾ ਸੀ। ਇੱਕ-ਦੋ ਵਾਰ ਮੁੱਖ ਨਰਸ ਨੇ ਕਿਹਾ, 'ਤੁਸੀਂ ਨਰਸਾਂ ਕੋਲੋਂ ਪੱਟੀ ਕਿਉਂ ਨਹੀਂ ਕਰਵਾਉਂਦੇ? ਐਵੇਂ ਭਰਮ ਕਰਦੇ ਹੋ, ਇਨ੍ਹਾਂ ਦਾ ਤਾਂ ਇਹ ਕਿੱਤਾ ਹੈ। ਆਗਿਆ ਦਿਓ ਤਾਂ ਮੈਂ ਹਰ ਘੰਟੇ ਪੱਟੀ ਬਦਲ ਦਿਆ ਕਰਾਂ?'

ਮੈਂ ਬੜੀ ਗੰਭੀਰ ਸੁਰ ਵਿੱਚ ਉੱਤਰ ਦਿੱਤਾ, 'ਬੀਬਾ ਠੀਕ ਹੈ, ਇਨ੍ਹਾਂ ਬੱਚੀਆਂ ਦਾ ਨਿੱਤ ਦਾ ਕਿੱਤਾ ਹੈ, ਪਰ ਮੁਟਿਆਰ ਲੜਕੀਆਂ ਹਨ, ਇਨ੍ਹਾਂ ਦੇ ਚਿਹਰੇ ਵਿੱਚੋਂ ਮੈਨੂੰ ਆਪਣੀਆਂ ਬੱਚੀਆਂ ਦੀ ਨੁਹਾਰ ਨਜ਼ਰ ਆਉਂਦੀ ਹੈ। ਸੋ ਮੈਂ ਐਸਾ ਨਹੀਂ ਕਰ ਸਕਦਾ।"

ਹਰ ਸਿੱਖ ਨੂੰ ਹਰ ਕਿਸਮ ਦੇ ਨਸ਼ੇ ਤੋਂ ਬਚਣਾ ਚਾਹੀਦਾ ਹੈ। ਪਰ ਪ੍ਰਚਾਰਕ ਸਿੱਖ ਨੂੰ ਨਸ਼ਿਆਂ ਨੂੰ ਨਫ਼ਰਤ ਕਰਨੀ ਜ਼ਰੂਰੀ ਹੈ। ਸਿੱਖਾਂ ਵਾਸਤੇ ਅਮਲ ਕੇਵਲ ਪਰਸ਼ਾਦੇ ਦਾ ਜਾਇਜ਼ ਹੈ। ਗਿਆਨੀ ਕਰਤਾਰ ਸਿੰਘ ਦੇ ਕਥਨ ਅਨੁਸਾਰ "ਇੱਕ ਰੋਟੀ ਦਾ ਅਮਲ ਸਿੰਘਾਂ ਵਾਸਤੇ ਗੁਰਾਂ ਫੁਰਮਾਇਆ ਹੈ।" ਸੀਤਲ ਜੀ ਤਨ-ਮਨ ਤੋਂ ਨਸ਼ਿਆਂ ਨੂੰ ਨਫ਼ਰਤ ਕਰਦੇ ਸਨ। ਇੱਕ ਵਾਰ ਉਹ ਵਿਦੇਸ਼ ਦੌਰੇ 'ਤੇ ਗਏ ਤਾਂ ਆਖਰੀ ਰਾਤ ਇਨ੍ਹਾਂ ਦੇ ਇੱਕ ਸਾਥੀ ਨੇ ਚੋਰੀ ਸ਼ਰਾਬ ਪੀ ਲਈ। ਇਨ੍ਹਾਂ ਨੇ ਸਦਾ ਵਾਸਤੇ ਉਸ ਦਾ ਤਿਆਗ ਕਰ ਦਿੱਤਾ। ਉਨ੍ਹਾਂ ਦੇ ਬੋਲ ਸਨ ਕਿ ਜਿਸ ਬੁਰਾਈ ਤੋਂ ਮੈਨੂੰ ਵਾਹਿਗੁਰੂ ਨੇ ਬਚਾਇਆ ਹੈ, ਉਹ ਮੈਂ ਆਪਣੇ ਸਾਥੀਆਂ ਵਿੱਚ ਵੀ ਪਸੰਦ ਨਹੀਂ ਕਰਦਾ।

ਸੀਤਲ ਜੀ ਸਦਗੁਣਾਂ ਦੇ ਧਾਰਨੀ ਸਨ ਤੇ ਮਨੁੱਖੀ ਕਮਜ਼ੋਰੀਆਂ ਤੋਂ ਵਾਹਿਗੁਰੂ ਨੇ ਉਨ੍ਹਾਂ ਨੂੰ ਹਮੇਸ਼ਾਂ ਬਚਾਈ ਰੱਖਿਆ। ਉਨ੍ਹਾਂ ਦੀ ਅਰਦਾਸ ਸੀ, "ਸੱਚੇ ਪਾਤਸਾਹ! ਜੇਕਰ ਪ੍ਰਚਾਰਕ ਦੀ ਸੇਵਾ ਬਖਸ਼ਿਸ਼ ਕੀਤੀ ਹੈ ਤਾਂ ਉਨ੍ਹਾਂ ਕਮਜ਼ੋਰੀਆਂ ਤੋਂ ਬਚਾਈ ਰੱਖੀਂ ਜਿਨ੍ਹਾਂ ਨਾਲ ਤੇਰੇ ਨਾਮ ਨੂੰ ਉਲ੍ਹਾਮਾ ਮਿਲੇ।" ਸੀਤਲ ਜੀ ਦੀ ਜ਼ੁਬਾਨੀ ਇੱਕ ਘਟਨਾ ਅਨੁਸਾਰ, "ਇੱਕ ਘਰ ਵਾਲੇ ਸੱਜਣ ਨੇ ਅਰਦਾਸ ਤੋਂ ਬਾਅਦ ਦੋਨਾਂ ਅੱਗੇ ਪੰਜ-ਪੰਜ ਰੁਪਏ ਭੇਟਾ ਕੀਤੇ। ਮੈਂ ਹੱਸ ਕੇ ਕਿਹਾ, ਗੁਰੂ ਕੇ ਲਾਲ! ਇਹ ਦੰਦ ਘਸਾਈ ਪੰਡਤਾਂ 'ਚ ਰਿਵਾਜ ਸੀ। ਗੁਰੂ ਸਾਹਿਬਾਨ ਨੇ ਸਾਨੂੰ ਇਨ੍ਹਾਂ ਵਹਿਮਾਂ ਤੇ ਬਿਮਾਰੀਆਂ ਤੋਂ ਬਚਾਇਆ ਹੈ। ਇਹ ਕਹਿ ਮੈਂ ਪੈਸੇ ਲੈਣ ਤੋਂ ਸਾਫ਼ ਇਨਕਾਰ ਕਰ ਦਿੱਤਾ, ਪਰ ਕੋਲੋਂ ਰਾਗੀ ਸਿੰਘ ਬੋਲ ਉਠਿਆ, 'ਗਿਆਨੀ ਜੀ, ਤੁਸੀਂ ਨਾ ਲਵੋ, ਅਸੀਂ ਤਾਂ ਪੰਡਤ ਹੁੰਦੇ ਹਾਂ। ਸਾਨੂੰ ਦੰਦ ਘਸਾਈ ਪ੍ਰਵਾਨ ਹੈ।' ਉਹਨੇ ਪੈਸੇ ਫੜੇ ਤੇ ਜੇਬ 'ਚ ਪਾ ਲਏ।"

ਅੰਗਰੇਜ਼ ਰਾਜ-ਕਾਲ ਸਮੇਂ ਤੇ ਦੇਸ਼-ਵੰਡ ਸਮੇਂ ਸਿੱਖਾਂ ਨਾਲ ਹੋਈਆਂ ਬੇਇਨਸਾਫੀਆਂ ਦਾ ਸੀਤਲ ਜੀ 'ਤੇ ਬਹੁਤ ਬੁਰਾ ਅਸਰ ਹੋਇਆ। ਇਹੀ ਕਾਰਨ ਹੈ ਕਿ ਉਨ੍ਹਾਂ ਦੀ ਲਿਖਤਾਂ ਤੇ ਬੋਲਾਂ ਵਿੱਚ ਇਹ ਦਰਦ ਹਮੇਸ਼ਾ ਝਲਕਦਾ ਰਿਹਾ।

ਉਹ ਕਹਿਣੀ-ਕਥਨੀ ਤੇ ਕਰਨੀ ਦੇ ਸੂਰਮੇ ਸਨ। ਉਨ੍ਹਾਂ ਸੱਚ ਬੋਲਣ ਤੋਂ ਗੁਰੇਜ਼ ਨਹੀਂ ਕੀਤਾ ਭਾਵੇਂ ਇਸ ਦੀ ਉਨ੍ਹਾਂ ਨੂੰ ਕਈ ਵਾਰ ਭਾਰੀ ਕੀਮਤ ਵੀ ਚੁਕਾਉਣੀ ਪਈ। ਪੰਜਾਬੀ ਸੂਬਾ ਮੋਰਚੇ ਦੇ ਬਾਅਦ ਅੰਮ੍ਰਿਤਸਰ 'ਚ ਅਕਾਲੀ ਕਾਨਫਰੰਸ ਹੋਈ, ਜਿਸ ਵਿੱਚ ਸੀਤਲ ਜੀ ਨੂੰ ਉਚੇਚੇ ਤੌਰ 'ਤੇ ਬੁਲਾਇਆ ਗਿਆ। ਉਨ੍ਹਾਂ ਨੇ ਆਪਣੇ ਵਿਚਾਰ ਸਮਾਪਤ ਕਰਨ ਤੋਂ ਪਹਿਲਾਂ ਸ਼ਾਹ ਮੁਹੰਮਦ ਦੇ ਇਹ ਬੋਲ ਪੜ੍ਹੇ:

ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।

ਪਰ ਇੱਥੇ ਫੌਜਾਂ ਜਿੱਤ ਗਈਆਂ ਨੇ, ਕੌਮ ਨੇ ਮੋਰਚਾ (ਪੰਜਾਬੀ ਸੂਬੇ ਦਾ ਮੋਰਚਾ ਜਿਸ ਵਿੱਚ ਸੀਤਲ ਜੀ ਵੀ ਗ੍ਰਿਫਤਾਰ ਰਹੇ) ਜਿੱਤ ਲਿਆ, ਪਰ ਸਾਡੇ ਲੀਡਰ ਹਾਰ ਗਏ ਨੇ। ਕੀ ਲੀਡਰ ਸਾਹਿਬਾਨ ਦੱਸਣਗੇ ਕਿ ਪੰਜਾਹ ਹਜ਼ਾਰ ਸਿੰਘ ਕੈਦ ਕਰਵਾ ਕੇ ਇਨ੍ਹਾਂ ਕੌਮ ਬਦਲੇ ਕੀ ਲਿਆ ਹੈ? ਬਸ ਫਿਰ ਕੀ ਸੀ! ਇਨ੍ਹਾਂ ਦੀ ਮੁਖਾਲਫਤ ਇੰਨੀ ਹੋਈ ਕਿ ਇਨ੍ਹਾਂ ਨੂੰ ਅਕਾਲੀ ਦਲ 'ਚੋਂ ਬਾਹਰ ਕੱਢ ਦਿੱਤਾ, ਜਦੋਂ ਕਿ ਸੀਤਲ ਜੀ ਕਿਸੇ ਪਾਰਟੀ ਦੇ ਮੈਂਬਰ ਹੀ ਨਹੀਂ ਰਹੇ। ਇਸ ਘਟਨਾ ਤੋਂ ਬਾਅਦ ਇਨ੍ਹਾਂ ਫੈਸਲਾ ਕਰ ਲਿਆ ਕਿ ਬਸ ਮੈਂ ਅੱਜ ਤੋਂ ਸਿੱਖ ਇਤਿਹਾਸ ਤੇ ਆਪਣੇ ਧਰਮ ਦਾ ਹੀ ਪ੍ਰਚਾਰ ਕਰਨਾ ਹੈ, ਕਿਉਂਕਿ ਪਾਰਟੀ ਰਾਜਨੀਤੀ ਵਿੱਚ ਧਰਮ ਨਾਲੋਂ ਧੜੇ ਦਾ ਵਧੇਰੇ ਧਿਆਨ ਰੱਖਣਾ ਪੈਂਦਾ ਹੈ। ਉਨ੍ਹਾਂ ਦੇ ਸ਼ਬਦ ਹਨ- ਜਿਸ ਪ੍ਰਚਾਰਕ ਦੇ ਘਰ ਖਾਣ ਲਈ ਦਾਣੇ ਨਹੀਂ, ਉਹ ਆਜ਼ਾਦੀ ਨਾਲ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਨਹੀਂ ਕਰ ਸਕਦਾ ਤੇ ਜਿਸ ਨੂੰ ਨਿਰੰਕਾਰ ਨੇ ਕੁਝ ਗੁਣ ਬਖਸ਼ਿਸ਼ ਕੀਤੇ ਹਨ, ਉਸਨੂੰ ਬੋਲਣਾ ਵੀ ਚਾਹੀਦਾ ਹੈ।

ਇੱਕ ਵਾਰ ਸੀਤਲ ਜੀ ਸਾਡੇ ਪਿੰਡ ਖਾਨੋਵਾਲ (ਗੁਰਦਾਸਪੁਰ) ਹੋਲੇ-ਮਹੱਲੇ 'ਤੇ ਚਾਰ ਦੀਵਾਨਾਂ ਵਾਸਤੇ ਆਏ। ਮੇਰੇ ਬਜ਼ੁਰਗ ਪਿਤਾ ਸ. ਦਰਸ਼ਨ ਸਿੰਘ ਨਾਲ ਇਨ੍ਹਾਂ ਦੇ ਬਹੁਤ ਚੰਗੇ ਸੰਬੰਧ ਸਨ। ਮੈਂ ਉਸ ਸਮੇਂ ਅਰਦਾਸੇ ਲਿਖਦਾ ਹੁੰਦਾ ਸੀ। ਪਹਿਲੇ ਦਿਨ 400 ਰੁਪਏ ਤੇ ਬਾਕੀ ਤਿੰਨ ਦਿਨਾਂ ਦੇ 300-300 ਰੁਪਏ। ਸੰਗਤਾਂ ਨਾਲ ਇਨ੍ਹਾਂ ਦਾ ਬਹੁਤ ਪਿਆਰ ਸੀ। ਗੁਰਬਾਣੀ ਤੇ ਸਿੱਖ ਇਤਿਹਾਸ ਨੂੰ ਸੁਣਨ ਵਾਲੇ ਇਨ੍ਹਾਂ ਦੇ ਸਰੋਤੇ ਮੀਂਹ ਤੇ ਧੁੱਪ ਵਿੱਚ ਵੀ ਇਨ੍ਹਾਂ ਨੂੰ ਸੁਣ ਸਕਦੇ ਸਨ। ਸਾਡੇ ਪਿੰਡ ਦਾ ਸਕੂਲ ਉਸ ਸਮੇਂ ਮਿਡਲ ਬਣਿਆ ਸੀ। ਸੰਗਤਾਂ ਦੀ ਭਾਰੀ ਆਮਦ ਨੂੰ ਦੇਖ ਕੇ ਪ੍ਰਬੰਧਕਾਂ ਨੇ ਸੀਤਲ ਜੀ ਨੂੰ ਬੇਨਤੀ ਕੀਤੀ ਕਿ ਇੱਕ ਦੀਵਾਨ ਹੋਰ ਕਰ ਜਾਣ, ਪਰ ਉਹ ਨਹੀਂ ਮੰਨੇ। ਉਨ੍ਹਾਂ ਕਿਹਾ ਕਿ ਮੇਰਾ ਦਿਨ ਖਾਲੀ ਹੈ, ਪਰ ਜੋ ਦਿਨ ਤੁਹਾਡੇ ਨਾਲ ਮਿੱਥੇ ਸਮੇਂ ਅਨੁਸਾਰ ਹੀ ਦੀਵਾਨ ਕਰਨਾ ਹੈ। ਪ੍ਰਬੰਧਕਾਂ ਨੇ ਇਨ੍ਹਾਂ ਨੂੰ ਵਧੇਰੇ ਪੈਸੇ ਦੇਣ ਦੀ ਗੱਲ ਕੀਤੀ, ਪਰ ਉਹ ਨਾ ਮੰਨੇ। ਅਖ਼ੀਰ ਮੇਰੇ ਪਿਤਾ ਜੀ ਨੇ ਸਟੇਜ ਤੋਂ ਕਹਿ ਦਿੱਤਾ ਕਿ ਅਸੀਂ ਸੰਗਤ ਵੱਲੋਂ ਸੀਤਲ ਜੀ ਨੂੰ ਬੇਨਤੀ ਕਰਦੇ ਹਾਂ ਕਿ ਇੱਕ ਦੀਵਾਨ ਹੋਰ ਕਰਨ, ਜਿਹੜੀ ਉਸ ਦੀਵਾਨ ਦੀ ਮਾਇਆ ਇਕੱਠੀ ਹੋਵੇਗੀ ਅਸੀਂ ਸਕੂਲ 'ਤੇ ਲਾਉਣੀ ਚਾਹੁੰਦੇ ਹਾਂ ਤਾਂ ਕਿ ਸਾਡੀ ਪਨੀਰੀ ਗਿਆਨ ਦੀ ਪ੍ਰਾਪਤੀ ਕਰ ਸਕੇ। ਸੀਤਲ ਜੀ ਦਾ ਜੁਆਬ ਸੀ, "ਹੁਣ ਮੇਰੇ ਵੱਡੇ ਭਾਈ ਨੇ ਮੈਨੂੰ ਪ੍ਰੀਖਿਆ ਵਿੱਚ ਪਾ ਦਿੱਤਾ ਹੈ? ਗੁਰੂ ਕਿਰਪਾ ਕਰੇ, ਮੈਂ ਦੀਵਾਨ ਕਰਾਂਗਾ।" ਉਨ੍ਹ ਨੇ ਦੀਵਾਨ ਕੀਤਾ, ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਪ੍ਰਸੰਗ ਇੰਨੇ ਵੈਰਾਗਮਈ ਢੰਗ ਨਾਲ ਸੁਣਾਇਆ ਕਿ ਵਧੇਰੇ ਸੰਗਤਾਂ ਦੇ ਨੇਤਰ ਸੇਜਲ ਸਨ।

ਇੱਕ ਵਾਰ ਉਹ ਬੀੜ ਸਾਹਿਬ (ਝਬਾਲ, ਅੰਮ੍ਰਿਤਸਰ) ਦੀਵਾਨ ਕਰਨ ਵਾਸਤੇ ਆਏ। ਫਿਰੋਜ਼ਪੁਰ ਦੇ ਇੱਕ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਕੁਝ ਦੀਵਾਨ ਕਰਨ ਦੀ ਬੇਨਤੀ ਕੀਤੀ। ਉਨ੍ਹਾਂ ਕਿਹਾ ਕਿ ਮੈਂ ਇਨ੍ਹਾਂ ਦਿਨਾਂ 'ਚ ਇੱਕ ਹੋਰ ਸਟੇਜ 'ਤੇ ਪ੍ਰਬੰਧਕਾਂ ਨੂੰ ਹਾਂ ਕਰ ਚੁੱਕਾ ਹਾਂ। ਪ੍ਰਬੰਧਕਾਂ 'ਚੋਂ ਇੱਕ ਸੱਜਣ ਨੇ ਕਿਹਾ, "ਸੀਤਲ ਜੀ! ਉਨ੍ਹਾਂ ਨਾਲ ਕਿਤਨੇ ਪੈਸੇ ਕੀਤੇ ਹਨ?" ਸੀਤਲ ਜੀ ਦਾ ਜੁਆਬ ਸੀ, "3100 ਰੁਪਏ।" ਉਹ ਸੱਜਣ ਕਹਿਣ ਲੱਗਾ, "ਅਸੀਂ ਇਸ ਤੋਂ 500 ਰੁਪਏ ਵੱਧ ਦੇ ਦਿਆਂਗੇ?" ਸੀਤਲ ਜੀ ਨੇ ਸੁਭਾਵਿਕ ਕਹਿ ਦਿਤਾ, "ਫਿਰ ਅਸੀਂ ਤੁਹਾਡੇ ਪਾਸ ਆ ਜਾਵਾਂਗੇ!" ਇਸ ਵਾਰਤਾਲਾਪ ਨੂੰ ਸੁਣ ਰਹੇ ਪ੍ਰਸਿੱਧ ਢਾਡੀ ਗਿਆਨੀ ਬਲਦੇਵ ਸਿੰਘ ਐਮ.ਏ. ਤੇ ਹੋਰ ਸੱਜਣ ਹੈਰਾਨ ਸਨ, ਜੋ ਬਾਪੂ ਸੀਤਲ ਜੀ ਨੂੰ ਆਪਣਾ ਆਦਰਸ਼ ਮੰਨਦੇ ਸਨ ਕਿ ਅੱਜ ਉਹ ਵੀ ਧਰਮ ਦੇ ਪ੍ਰਚਾਰ ਵਿੱਚ ਵਪਾਰ ਕਰ ਗਏ! ਵਾਰਤਾਲਾਪ ਨੂੰ ਸਮਾਪਤ ਕਰਦਿਆਂ ਪ੍ਰਬੰਧਕ 'ਚੋਂ ਇੱਕ ਸੱਜਣ ਜਾਣ ਲੱਗਿਆਂ, ਸੀਤਲ ਜੀ ਨੂੰ ਕਹਿ ਰਿਹਾ ਸੀ, "ਤੁਸੀਂ ਮਿਥੀ ਤਰੀਕ ਤੇ ਸਮੇਂ 'ਤੇ ਜ਼ਰੂਰ ਪਹੁੰਚ ਜਾਣਾ!" ਸੀਤਲ ਜੀ ਦਾ ਜੁਆਬ ਸੀ, "ਬਰਖ਼ੁਰਦਾਰੋ, ਇਹ ਮੈਂ ਵਾਅਦਾ ਨਹੀਂ ਕਰਦਾ!" ਪ੍ਰਬੰਧਕ ਕਹਿਣ ਲੱਗੇ, "ਕਿਉਂ? ਹੁਣੇ ਸਾਡੀ ਤੁਹਾਡੇ ਨਾਲ ਗੱਲ ਮੁੱਕੀ ਹੈ?" ਸੀਤਲ ਜੀ ਕਹਿਣ ਲੱਗੇ, "ਅਜੇ ਕਾਫੀ ਦਿਨ ਬਾਕੀ ਹਨ, ਜੇਕਰ ਕੋਈ ਹੋਰ ਤੁਹਾਡੇ ਨਾਲੋਂ ਵੱਧ ਪੈਸੇ ਦੇਵੇਗਾ, ਮੈਂ ਉਨ੍ਹਾਂ ਦੇ ਜਾਵਾਂਗਾ! ਤੁਹਾਡੇ ਕਿਉਂ?" ਪ੍ਰਬੰਧਕ ਬਹੁਤ ਸ਼ਰਮਿੰਦੇ ਹੋਏ ਤੇ ਆਪਣੀ ਗ਼ਲਤੀ ਦਾ ਅਹਿਸਾਸ ਕਰਦੇ ਹੋਏ ਮੁਆਫੀ ਮੰਗਣ ਲੱਗੇ! ਸੁਣਨ ਵਾਲੇ ਸੀਤਲ ਜੀ ਦੇ ਇਸ ਵਿਅੰਗਮਈ ਅੰਦਾਜ਼ ਤੋਂ ਬਹੁਤ ਪ੍ਰਭਾਵਿਤ ਹੋਏ।

1960 ਤੋਂ ਬਾਅਦ ਸੀਤਲ ਜੀ ਇਸ ਗੱਲ ਤੋਂ ਪ੍ਰੇਸ਼ਾਨ ਤੇ ਦੁਖੀ ਰਹੇ ਕਿ ਉਨ੍ਹਾਂ ਦਾ ਛੋਟਾ ਸਪੁੱਤਰ ਰਘਬੀਰ ਸਿੰਘ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

ਕਹਾਣੀ

ਯਾਦਵਿੰਦਰ ਸਿੰਘ ਕਲੌਲੀ
ਫੋਨ:+91-8168433853



# ਨਦੀਓਂ ਪਾਰ ਖੂਹ

"ਛੇਤੀ ਛੇਤੀ ਤਿਆਰ ਹੋ ਕੇ ਆ ਜਾਵੀਂ, ਆਪਾਂ ਸਭ ਤੋਂ ਪਹਿਲਾਂ ਜਾਣਾ ਏ।" ਦੀਪ ਨੇ ਆਪਣੇ ਪੱਕੇ ਮਿੱਤਰ ਹਰਮੀਤ ਨੂੰ ਭਲਕੇ ਸਕੂਲ ਜਾਣ ਵਾਸਤੇ ਕਿਹਾ।

"ਹਾਂ ਮੈਂ ਤਾਂ ਆ ਜਾਵਾਂਗਾ, ਤੂੰ ਹੀ ਦੇਰੀ ਕਰਦਾ ਏ।" ਹਰਮੀਤ ਨੇ ਆਖਿਆ।

ਉਹ ਅਗਲੇ ਦਿਨ ਸਕੂਲ ਜਲਦੀ ਜਾਣ ਦੀ ਤਿਆਰੀ ਕਰ ਰਹੇ ਸਨ, ਕਿਉਂਕਿ ਸਕੂਲ ਦਾ ਅਧਿਆਪਕ ਉਸ ਬੱਚੇ ਨੂੰ ਘਰੇ ਜਲਦੀ ਭੇਜਦਾ ਹੈ, ਜਿਸ ਨੇ ਸਕੂਲ ਦਾ ਸਾਰਾ ਕੰਮ ਕੀਤਾ ਹੋਵੇ ਤੇ ਜਲਦੀ ਆ ਕੇ ਪ੍ਰਾਰਥਨਾ ਵਿੱਚ ਹਾਜ਼ਰੀ ਲਵਾਈ ਹੋਵੇ। ਅਧਿਆਪਕ ਬੱਚਿਆਂ ਅੰਦਰ ਚੰਗੇਰੀ ਆਦਤਾਂ ਨੂੰ ਗ੍ਰਹਿਣ ਕਰਵਾਉਣ ਵਿੱਚ ਨਿਤ ਨਵੇਂ ਪ੍ਰੋਗਰਾਮ ਉਲੀਕਦਾ ਹੈ।

ਭਲਕੇ ਦਾ ਇਹੋ ਪ੍ਰੋਗਰਾਮ ਸੀ, ਪਰ ਹਰਮੀਤ ਨੂੰ ਕਾਹਲ ਇਸ ਕਰਕੇ ਸੀ ਕਿ ਕੱਲ੍ਹ ਪਿੰਡ 'ਚ ਕਿਸੇ ਕੁੜੀ ਦਾ ਵਿਆਹ ਹੋਣ ਕਾਰਨ ਪੀਣ ਵਾਲਾ ਪਾਣੀ ਲੈਣ ਵਾਸਤੇ ਨਦੀਓਂ ਪਾਰ ਜਾਣਾ ਹੈ, ਪਾਣੀ ਉਸ ਖੂਹ ਤੋਂ ਭਰਿਆ ਜਾਣਾ ਹੈ ਜਿਹੜਾ ਨਦੀਓਂ ਪਾਰ ਖੜ੍ਹਾ ਹੈ। ਮਸਾਂ ਦਸ ਕੁ ਸਾਲ ਦੀ ਉਮਰ ਵਿੱਚ ਹਰਮੀਤ ਨੂੰ ਕੋਈ ਉਸ ਖੂਹ ਵੱਲ ਜਾਣ ਨਹੀਂ ਸੀ ਦਿੰਦਾ। ਬਹੁਤ ਸਾਰੀਆਂ ਦੰਦ ਕਥਾਵਾਂ ਸਨ ਉਸ ਖੂਹ ਪ੍ਰਤੀ, ਬਹੁਤ ਸਾਰੀਆਂ ਤਾਂ ਸੱਚੀਆਂ ਵੀ ਸਨ। ਇਹ ਖੂਹ ਉਜੜ ਕੇ ਗਏ ਪਿੰਡ ਵਸਨੀਕਾਂ ਦੀ ਦਾਸਤਾਂ ਦਾ ਇਕੱਲਾ ਗਵਾਹ ਹੈ। ਇਸ ਨੇ ਆਪਣੇ ਪਿੰਡੇ 'ਤੇ ਅਨੇਕਾਂ ਦੁੱਖਾਂ ਅਤੇ ਸੱਥਰਾਂ ਨੂੰ ਹੰਢਾਇਆ ਹੈ। ਇਸ ਖੂਹ ਦੇ ਆਲੇ-ਦੁਆਲੇ ਕਦੇ ਇਸ ਪਿੰਡ ਦੀ ਰੂਹ ਵਸਦੀ ਸੀ।

ਭਾਰਤ-ਪਾਕਿਸਤਾਨ ਦੀ ਵੰਡ ਵੇਲੇ ਇਹ ਬਹੁਤ ਹੀ ਆਬਾਦ ਇਲਾਕਾ ਸੀ, ਪਿੰਡ ਦੇ ਉੱਤਰ ਵਾਲੇ ਪਾਸੇ ਜ਼ਿਮੀਂਦਾਰ ਲੋਕ ਰਹਿੰਦੇ ਸਨ ਤੇ ਚੜ੍ਹਦੇ ਵਾਲੇ ਪਾਸੇ ਮੁਸਲਮਾਨ ਪਰਿਵਾਰ ਅਤੇ ਛਿਪਦੇ ਵਾਲੇ ਪਾਸੇ ਹਰੀਜਨਾਂ ਦੇ ਘਰ ਸਨ। ਪਿੰਡ ਦੇ ਨੇੜਿਓਂ ਲੰਘਦੀ ਛੋਟੀ ਜਿਹੀ ਨਦੀ ਦਾ ਪਾਣੀ ਬਹੁਤ ਸ਼ੀਤਲ, ਠੰਡਾ ਅਤੇ ਸਾਫ ਸੁਥਰਾ ਸੀ। ਹਰ ਵਾਰੀ ਬਰਸਾਤ ਵਿੱਚ ਨਦੀ ਦਾ ਵਹਾਅ ਪਿੰਡ ਦੀ ਆਬਾਦੀ ਵੱਲ ਹੋ ਜਾਂਦਾ। ਥੋੜ੍ਹਾ ਥੋੜ੍ਹਾ ਕਰਕੇ ਨਦੀ ਦੇ ਪਾਣੀ ਨੇ ਪਿੰਡ ਦੇ ਬੂਹੇ 'ਤੇ ਦਸਤਕ ਦੇ ਦਿੱਤੀ। ਲੋਕਾਂ ਅੰਦਰ ਬਹੁਤ ਬੇਚੈਨੀ ਸੀ ਕਿ ਆਖਰ ਕੀ ਬਣੇਗਾ? ਇਹ ਸਮੱਸਿਆ ਨਿਤ ਦਿਨ ਵਧ ਰਹੀ ਸੀ। ਉਪਰੋਂ ਦੂਰੋਂ-ਪਾਸਿਓਂ ਹੋਰ ਅਨੇਕਾਂ ਵਾਰਦਾਤਾਂ ਦਾ ਪਤਾ ਲੱਗ ਰਿਹਾ ਸੀ। ਇਹ ਸਮੇਂ ਦੀ ਕਾਲੀ ਹਨੇਰੀ ਸੀ, ਜੋ ਇਸ ਖੂਹ ਦੁਆਲੇ ਵਸੇ ਪਿਆਰੇ ਪਿੰਡ ਨੂੰ ਆਪਣੀ ਲਪੇਟ ਵਿੱਚ ਲੈ ਗਈ। ਕਿਸੇ ਦੀ ਨਜ਼ਰ ਲੱਗ ਗਈ। ਅਕਸਰ ਪਿੰਡ ਦੇ ਸਿਆਣੇ ਬਜ਼ੁਰਗ ਇਹ ਗੱਲਾਂ ਦੱਸਦੇ ਸਨ ਕਿ ਇਸ ਪਿੰਡ ਵਿੱਚ ਮੁਸਲਮਾਨਾਂ ਦੀਆਂ ਬਹੁਤ ਸਾਰੀਆਂ ਹਵੇਲੀਆਂ ਸਨ। ਵੰਡ ਵੇਲੇ ਬਹੁਤ ਘਾਣ ਹੋਇਆ ਨਿਹੱਥੇ ਲੋਕਾਂ ਦੀਆਂ ਜਿੰਦਾਂ ਦਾ, ਬਹੁਤ ਸਾਰੇ ਪਰਿਵਾਰ ਆਪਣਾ ਸਭ ਕੁਝ ਛੱਡ ਕੇ ਤੁਰ ਪਏ। ਨਿਕਲਦੇ ਸਾਰ ਹੀ ਧਾੜਵੀਆਂ ਦੇ ਨਿਸ਼ਾਨੇ ਬਣੇ। ਕਾਫੀ ਦੇਰ ਤੱਕ ਫ਼ਿਜ਼ਾ ਵਿੱਚੋਂ ਬਚਾਉਣ ਦੀਆਂ ਚੀਕਾਂ ਆਉਂਦੀਆਂ ਰਹੀਆਂ।

ਇੱਕ ਇਨਸਾਨ ਇੰਨਾ ਨਿਰਦਈ ਕਿਵੇਂ ਹੋ ਸਕਦਾ ਹੈ? ਕੱਲ੍ਹ ਤੱਕ ਅਸੀਂ ਇਕੱਠੇ ਰਹਿ ਰਹੇ ਸੀ ਤੇ ਅੱਜ ਇੱਕ ਦੂਜੇ ਦੇ ਖੂਨ ਦੇ ਪਿਆਸੇ ਕਿਵੇਂ ਹੋ ਸਕਦੇ ਨੇ? ਵੰਡ ਤੋਂ ਬਾਅਦ ਕਈ ਸਾਲਾਂ ਤੀਕਰ ਉਨ੍ਹਾਂ ਮੁਸਾਫਰਾਂ ਦੇ ਘਰ-ਹਵੇਲੀਆਂ ਖੜੀਆਂ ਰਹੀਆਂ, ਪਰ ਹੌਲੀ ਹੌਲੀ ਅਲੋਪ ਹੋ ਗਈਆਂ। ਕਹਿੰਦੇ ਨੇ ਅਗਲੇ ਹੀ ਵਰ੍ਹੇ ਬਹੁਤ ਹੀ ਤੇਜ ਮੀਹ ਪਏ, ਹੜ੍ਹ ਆਏ ਤੇ ਫਿਰ ਬਸ ਕੀ ਸੀ ਅੱਧ ਵਸਿਆ ਪਿੰਡ ਹੜ੍ਹਾਂ ਦੀ ਮਾਰ ਹੇਠ ਆ ਗਿਆ। ਹਰ ਕੋਈ ਆਪਣੇ ਆਪਣੇ ਰੱਬ ਅੱਗੇ ਦੁਆਵਾਂ ਕਰਨ ਲੱਗਾ, ਬਚਣ ਦੀ ਭੀਖ ਮੰਗ ਰਹੇ ਸਨ; ਪਰ ਮੀਂਹ ਨਾ ਹਟਿਆ। ਸ਼ਾਇਦ ਕੁਦਰਤ ਨੇ ਉਨ੍ਹਾਂ ਉਜੜੇ ਲੋਕਾਂ ਦੇ ਨਾਲ ਹੋਏ ਅੱਤਿਆਚਾਰ ਦਾ ਬਦਲਾ ਲਿਆ। ਬਹੁਤ ਸਾਰੇ ਕਿੱਸੇ ਪ੍ਰਚਲਤ ਸਨ। ਬਹੁਤ ਹੀ ਖੌਫਨਾਕ ਮੰਜ਼ਰ ਸੀ। ਪਾਣੀ ਵਿੱਚ ਸੱਪ, ਡੱਡੂ ਅਤੇ ਹੋਰ ਜ਼ਹਿਰੀਲੇ ਜੀਵ ਲੋਕਾਂ ਦੇ ਘਰਾਂ ਦੇ ਅੰਦਰ ਵੜ ਗਏ। ਕਈ ਦਿਨਾਂ ਤੱਕ ਡੁੱਬੇ ਇਸ ਪਿੰਡ ਨੂੰ ਆਖਰ ਨਦੀ ਨੇ ਆਪਣੇ ਵਿੱਚ ਹੀ ਲੈ ਲਿਆ। ਸਾਰਿਆਂ ਦੇ ਘਰ ਪਾਣੀ ਦੀ ਚਪੇਟ ਵਿੱਚ ਆ ਗਏ, ਰਹਿੰਦੇ ਘਰਾਂ ਵਿੱਚ ਡਰ ਵੱਸ ਰਿਹਾ ਸੀ। ਕਿਲਿਆਂ ਨਾਲ ਬੰਨ੍ਹੇ ਪਸ਼ੂ ਮਾਰ ਗਏ। ਇਸ ਖੂਹ ਦੁਵੱਲੇ ਵੱਸਿਆ ਪਿੰਡ, ਜੋ ਕਦੇ ਰੰਗਲੇ ਦਿਨਾਂ ਦੀ ਪਛਾਣ ਹੁੰਦੇ ਸੀ, ਅੱਜ ਉਹ ਪਿੰਡ ਉਜੜ ਗਿਆ ਹੈ। ਸਾਰਾ ਪਿੰਡ ਇੱਕੋ ਖੂਹ ਤੋਂ ਪਾਣੀ ਭਰਦਾ ਸੀ, ਖੂਹ ਡੂੰਘਾ ਹੋਣ ਕਰਕੇ ਉਹ ਖੜ੍ਹਾ ਰਹਿ ਗਿਆ। ਕਈ ਸਾਲਾਂ ਤੱਕ ਲੋਕ ਕਹਿੰਦੇ ਰਹੇ ਕਿ ਐਤਕੀਂ ਖੂਹ ਡਿੱਗ ਜਾਵੇਗਾ; ਪਰ ਇਹ ਖੂਹ ਅੱਜ ਵੀ ਮੌਜੂਦ ਹੈ। ਜਿਹੜੇ ਲੋਕਾਂ ਨੇ ਪਿੰਡ ਦੇ ਦੱਖਣ ਵੱਲ ਆਪਣੀ ਮਰਜ਼ੀ ਨਾਲ ਆਰਜੀ ਬਸੇਰੇ ਬਣਾ ਲਏ, ਬਾਅਦ ਵਿੱਚ ਸਮੇਂ ਦੀਆਂ ਹਕੂਮਤਾਂ ਨੇ ਨਵਾਂ ਲਾਲ ਡੋਰਾ ਬਣਾ ਕੇ ਸਮੁੱਚੇ ਪਿੰਡ ਦੀ ਆਬਾਦੀ ਦੇਹ ਨੀਅਤ ਕਰ ਦਿੱਤੀ। ਇਹ ਸਾਰੀਆਂ ਗੱਲਾਂ ਅਕਸਰ ਹਰਮੀਤ ਆਪਣੇ ਵਡੇਰਿਆਂ ਪਾਸੋਂ ਸੁਣਦਾ ਹੋਇਆ ਵੱਡਾ ਹੋਇਆ ਹੈ।

ਪਿੰਡ ਵਿੱਚ ਇੱਕ ਹੀ ਖੂਹ ਹੋਣ ਕਰਕੇ ਪੀਣ ਵਾਲੇ ਪਾਣੀ ਦੀ ਕਾਫੀ ਮੁਸ਼ਕਿਲ ਰਹਿੰਦੀ ਸੀ। ਅਕਸਰ ਖੂਹ ਵਿੱਚ ਪਾਣੀ ਮੁੱਕ ਜਾਂਦਾ, ਵਿਆਹ ਦੇ ਪ੍ਰੋਗਰਾਮ ਕਰਕੇ ਪਿੰਡ ਵਾਲੇ ਇਕੱਠੇ ਹੋ ਕੇ ਨਦੀਓਂ ਪਾਰ ਉਸ ਖੂਹ ਤੋਂ ਪਾਣੀ ਲੈ ਕੇ ਆਉਂਦੇ ਸਨ। ਇਸ ਸਭ ਬਾਰੇ ਹਰਮੀਤ ਤੇ ਉਸਦੇ ਪੱਕੇ ਬੇਲੀ ਦੀਪ ਨੂੰ ਪਤਾ ਲੱਗਾ।

ਸਕੂਲ ਦਾ ਸਾਰਾ ਕੰਮ ਕਰਕੇ ਹੀ ਸੌਣਾ ਹੈ, ਰਾਤੀ ਭੁੱਖ ਵੀ ਨਾ ਲੱਗੇ ਤੇ ਨਾ ਹੀ ਨਿੰਦਰਾ ਆਵੇ। ਸਾਰੀ ਰਾਤ ਹਰਮੀਤ ਖੂਹ ਬਾਰੇ ਅਤੇ ਉਸਦੇ ਆਲੇ-ਦੁਆਲੇ ਦੇ ਜੀਵਨ ਬਾਰੇ ਹੀ ਸੋਚਦਾ ਰਿਹਾ। ਆਖਰ ਵੱਡੇ ਤੜਕੇ ਹਰਮੀਤ ਨੂੰ ਨੀਂਦ ਆਈ ਤੇ ਉਹ ਕੁਝ ਹੀ ਸਮੇਂ ਬਾਅਦ ਉੱਠ ਪਿਆ। ਦਾਤਣ ਲੈਣ ਵਾਸਤੇ ਉਹ ਨੇੜੇ ਦੇਸੀ ਕਿੱਕਰ ਕੋਲ ਪੁੱਜਾ। ਉਥੇ ਲੋਕ ਸਵੇਰੇ ਸਵੇਰੇ ਦਾਤਣ ਤੋੜਨ ਆਇਆ ਕਰਦੇ ਸਨ।

"ਤਾਇਆ ਇੱਕ ਦਾਤਣ ਮੈਨੂੰ ਵੀ ਦੇਵੀਂ।" ਰੁੱਖ ਕੋਲ ਖੜ੍ਹੇ ਤਾਏ ਬਾਰੂ ਨੂੰ ਆਖਿਆ।

"ਅੱਜ ਬੜੀ ਜਲਦੀ ਉੱਠ ਗਿਆ ਏ।" ਉਸ ਕਿੱਕਰ ਦੀ ਟਾਹਣੀ ਫੜਦਿਆਂ ਆਖਿਆ।

"ਬਸ ਤਾਇਆ ਅੱਜ ਅੱਖ ਜਲਦੀ ਖੁੱਲ੍ਹ ਗਈ।" ਹਰਮੀਤ ਨੇ ਜਵਾਬ ਦਿੱਤਾ।

"ਲੈ ਫੜ ਦਾਤਣ, ਇਹ ਨਾਲੇ ਆਪਣੀ ਦਾਦੀ ਨੂੰ ਦੇ ਦਈਂ, ਨਾਲੇ ਤੂੰ ਲੈ ਲਵੀਂ।" ਦੋ ਦਾਤਣਾਂ ਦਿੰਦਿਆਂ ਉਸ ਆਖਿਆ।

ਹਰਮੀਤ ਆਪਣੇ ਪਰਿਵਾਰ ਵਿੱਚ ਸਭ ਤੋਂ ਵੱਡਾ ਸੀ। ਰਾਤੀਂ ਰੋਟੀ ਖਾਣੀ, ਸੌਣ ਤੇ ਸਕੂਲੇ ਜਾਣ ਦੇ ਸਮੇਂ ਦਾ ਕੰਮ ਕਰਨ ਤੱਕ ਆਪਣੀ ਦਾਦੀ ਨਾਲ ਹੀ ਰਹਿੰਦਾ ਸੀ। ਹਰਮੀਤ ਦੀ ਦਾਦੀ ਕਦੇ ਵੀ ਉਸ ਦਾ ਵਸਾਹ ਨਹੀਂ ਸੀ ਕਰਦੀ। ਹਰਮੀਤ ਦੇ ਵੱਡੇ ਤਾਏ ਕੋਲ ਦੋ ਲੜਕੇ ਤੇ ਪੰਜ ਲੜਕੀਆਂ ਸਨ। ਦਾਦੀ ਲਈ ਪੰਜ ਕੁੜੀਆਂ ਤੋਂ ਬਾਅਦ ਹਰਮੀਤ ਦੀ ਪਰਿਵਾਰ ਵਿੱਚ ਦਸਤਕ ਬਹੁਤ ਚੰਗੇਰੀ ਸੀ। ਉਹ ਹਮੇਸ਼ਾ ਹਰਮੀਤ ਨਾਲ ਆਪਣੇ ਜ਼ਿੰਦਗੀ ਦੇ ਅਨੁਭਵ ਸਾਂਝੇ ਕਰਦੀ ਤੇ ਸਿਖਾਉਂਦੀ ਰਹਿੰਦੀ ਸੀ। "ਲੈ ਅੰਮਾ ਦਾਤਣ ਲੈ, ਤਾਏ ਨੇ ਦਿੱਤੀ ਏ।" ਹਰਮੀਤ ਨੇ ਆਪਣੀ ਦਾਤਣ ਮੂੰਹ ਵਿੱਚ ਪਾ ਕੇ ਤੇ ਦੂਜੀ ਦਾਦੀ ਨੂੰ ਫੜਾਉਂਦਿਆਂ ਕਿਹਾ।

"ਤੂੰ ਅਜੇ ਕਿਉਂ ਉੱਠ ਗਿਆ? ਹਾਲੇ ਤਾਂ ਬਹੁਤ ਸਮਾਂ ਪਿਆ ਹੈ ਤੇਰੇ ਸਕੂਲ ਜਾਣ ਦਾ।" ਦਾਦੀ ਨੇ ਮੰਜੇ ਤੋਂ ਉਠਦਿਆਂ ਕਿਹਾ।

"ਲੈ ਅੰਮਾ ਤੂੰ ਹੀ ਤਾਂ ਕਹਿੰਨੀ ਏਂ ਜਲਦੀ ਉੱਠਿਆ ਕਰ, ਹੱਥ ਮੂੰਹ ਧੋ ਕੇ ਰੱਬ ਦਾ ਨਾਮ ਲੈਣਾ ਚਾਹੀਦਾ।" ਹਰਮੀਤ ਬੋਲਿਆ।

"ਠੀਕ ਹੈ ਪੁੱਤਰਾ ਜਲਦੀ ਨਹਾ ਕੇ ਫਿਰ ਦੁੱਧ ਪੀ ਲਵੀਂ।" ਦਾਦੀ ਨੇ ਆਖਿਆ।

ਹਰਮੀਤ ਦੇ ਦਿਮਾਗ ਵਿੱਚ ਅਜੇ ਵੀ ਫੁਰਨੇ ਫੁਰ ਰਹੇ ਸਨ ਕਿ ਅੱਜ ਅਸੀਂ ਉਸ ਖੂਹ ਵੱਲ ਜਾਣਾ ਹੈ, ਸਭ ਕੁਝ ਵੇਖ ਕੇ ਆਵਾਂਗੇ, ਕੋਈ ਤਾਂ ਨਿਸ਼ਾਨੀ ਹੋਵੇਗੀ, ਕਿਵੇਂ ਦਾ ਹੋਵੇਗਾ ਉਹ ਖੂਹ! ਉਸ ਜਲਦੀ ਹੀ ਆਪਣਾ ਸਾਰਾ ਕੰਮ ਕਰਕੇ ਤਿਆਰੀ ਖਿੱਚ ਦਿੱਤੀ।

ਇੱਕ ਗੇੜਾ ਉਹ ਦੀਪ ਦੇ ਘਰ ਵੱਲ ਵੀ ਮਾਰ ਆਇਆ ਕਿ ਕਿਤੇ ਦੀਪ ਅਜੇ ਸੁੱਤਾ ਹੀ ਨਾ ਪਿਆ ਹੋਵੇ! ਖੁਦ ਨਾਲ ਸੁਆਲ ਕਰਦਾ ਦੀਪ ਦੇ ਵੱਲ ਤੁਰਿਆ, ਅੱਗੇ ਵੇਖਿਆ ਦੀਪ ਨੂੰ ਉਠਾਉਣ ਵਾਸਤੇ ਉਸ ਦੀ ਮਾਂ ਬੜੀਆਂ ਚੀਕਾਂ ਮਾਰ ਰਹੀ ਹੈ, ਹਰਮੀਤ ਨੂੰ ਵੇਖ ਕੇ ਦੀਪ ਦੀ ਮਾਂ।

ਤਾਈ ਨੇ ਦੀਪ ਨੂੰ ਉਠਾਉਣ ਲਈ ਕਿਹਾ। ਜਿਵੇਂ ਕਿਵੇਂ ਕਰਕੇ ਦੀਪ ਨੂੰ ਉਠਾ ਕੇ ਤਿਆਰ ਹੋਣ ਲਈ ਕਿਹਾ। ਜਿਵੇਂ ਹੀ ਦੀਪ ਨੂੰ ਯਾਦ ਆਇਆ ਉਹ ਇਕਦਮ ਉੱਠ ਕੇ ਤਿਆਰ ਹੋਇਆ ਤੇ ਜਲਦੀ ਹੀ ਖੇਤਾਂ ਵੱਲ ਭੱਜ ਗਿਆ।

ਖੈਰ! ਅੱਜ ਦੀਪ ਤੇ ਹਰਮੀਤ ਸਭ ਤੋਂ ਪਹਿਲਾਂ ਸਕੂਲ ਪੁੱਜੇ। ਪਹਿਲੇ ਪੁੱਜਣ ਦੀ ਖਬਰ ਵੀ ਅਧਿਆਪਕ ਕੋਲ ਪੁੱਜ ਗਈ ਸੀ। ਚਾਈਂ ਚਾਈਂ ਸਕੂਲ ਦਾ ਸਾਰਾ ਕੰਮ ਕੀਤਾ, ਤਖਤੀ ਲਿਖਣੀ, ਧੋਣੀ ਤੇ ਸੁਕਾਉਣੀ। ਜੇਕਰ ਤਖਤੀ ਨਾ ਸੁੱਕੇ ਤਾਂ ਅਕਸਰ ਹਰਮੀਤ ਇਹ ਗੀਤ ਗਾਉਂਦਾ,

ਸੂਰਜਾ ਸੂਰਜਾ ਫੱਟੀ ਸੁਕਾ,
ਨਹੀਂ ਸੁਕਾਉਣੀ ਘਰ ਨੂੰ ਜਾਹ।

ਤਖਤੀ ਉੱਪਰ ਲਿੱਪੀ ਗੱਜਣੀ ਦਾ ਰੰਗ ਖਿੜ ਜਾਂਦਾ। ਫਿਰ ਕਲਮ ਨਾਲ ਆਪਣੀ ਤਖਤੀ ਉੱਤੇ ਮਨ ਭਾਉਂਦੇ ਪਾਠ ਨੂੰ ਲਿਖਣਾ ਤੇ ਤਖਤੀ ਦੇ ਦੂਜੇ ਬੰਨੇ ਪਹਾੜੇ ਲਿਖਦਾ। ਇਹ ਸਭ ਨਿਤ ਦਾ ਅਭਿਆਸ ਸੀ। ਹਰਮੀਤ ਦੀ ਲਿਖਾਈ ਸੁੰਦਰ ਹੋਣ ਕਰਕੇ ਅਕਸਰ ਚੈੱਕ ਕਰਨ ਵੇਲੇ ਅਧਿਆਪਕ ਉਸਦੀ ਪ੍ਰਸ਼ੰਸਾ ਕਰਦਾ। ਅੱਜ ਸਾਰਾ ਦਿਨ ਹਰਮੀਤ ਨੇ ਦੀਪ ਦੇ ਕੰਮਾਂ ਨੂੰ ਵੇਖ ਕੇ ਅਧਿਆਪਕ ਖੁਸ਼ ਸੀ ਤੇ ਦੋਵਾਂ ਨੂੰ ਛੇਤੀ ਘਰ ਜਾਣ ਲਈ ਆਖ ਦਿੱਤਾ।

ਛੇਤੀ ਤੋਂ ਭਾਵ ਪੰਜ ਦਸ ਕੁ ਮਿੰਟ ਪਹਿਲੇ ਉਹ ਦੋਵੇਂ ਇਸ ਵੇਲੇ ਦਾ ਬਹੁਤ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ। ਦੋਵੇਂ ਜਲਦੀ ਹੀ ਘਰੇ ਪੁੱਜੇ ਤੇ ਆਪਣੇ ਬਸਤੇ ਰੱਖ ਕੇ ਮਿਥੇ ਹੋਏ ਟਿਕਾਣੇ 'ਤੇ ਪੁੱਜੇ ਗਏ। ਬਿਨਾ ਕੁਝ ਖਾਧੇ ਹੋਏ, ਉਹ ਉਡੀਕ ਕਰ ਰਹੇ ਸਨ ਕਿ ਕਦੋਂ ਕੋਈ ਇਕੱਠੇ ਹੋ ਕੇ ਖੂਹ ਵੱਲ ਜਾਣ। ਆਖਰ ਇੱਕ ਜਥਾ 10-15 ਲੜਕਿਆਂ ਦਾ, ਇੱਕ ਦੇ ਹੱਥ ਵਿੱਚ ਪੌੜੀ, ਦੂਜੇ ਦੇ ਹੱਥ ਵਿੱਚ ਲੱਜ ਤੇ ਬਾਲਟੀਆਂ ਘੜੇ-ਕੁਜੜੇ ਆਦਿ ਲੈ ਕੇ ਨਦੀ ਵੱਲ ਜਾ ਰਹੇ ਸਨ।

ਦੋਵੇਂ ਭੱਜ ਕੇ ਜਥੇ ਨਾਲ ਰਲ ਗਏ। ਜਥੇ ਦੀ ਅਗਵਾਈ ਕਰਦੇ ਇੱਕ ਬਜ਼ੁਰਗ ਨੇ ਉਨ੍ਹਾਂ ਨੂੰ ਘਰੇ ਜਾਣ ਲਈ ਕਿਹਾ, ਅਖੇ "ਬੱਚਿਆਂ ਦਾ ਕੋਈ ਕੰਮ ਨਹੀਂ ਹੈ।"

"ਆਪਾਂ ਤੁਹਾਡੇ ਸਮਾਨ ਦੀ ਰਾਖੀ ਕਰਾਂਗੇ।" ਹਰਮੀਤ ਤੇ ਦੀਪ ਬੋਲੇ।

"ਜੇ ਤੁਹਾਡੇ ਘਰ ਪਤਾ ਲੱਗ ਗਿਆ।" ਉਸ ਆਖਿਆ।

ਖੈਰ! ਉਹ ਜਥੇ ਨਾਲ ਪੁੱਜ ਗਏ। ਜਥਾ ਪਾਣੀ ਭਰਨ ਦੀਆਂ ਵਿਉਂਤਾਂ ਵਿੱਚ ਰੁਝ ਗਿਆ। ਹਰਮੀਤ ਆਪਣੇ ਤਾਏ ਦੇ ਦੱਸੇ ਅਨੁਸਾਰ ਖੂਹ ਨੇੜੇ ਹਰ ਮੰਜ਼ਰ ਨੂੰ ਮਹਿਸੂਸ ਕਰ ਰਿਹਾ ਸੀ। ਭਾਵੇਂ ਕਿ ਅੱਜ ਇੱਥੇ ਮੌਜੂਦ ਕੁਝ ਵੀ ਨਹੀਂ ਹੈ, ਆਲੇ-ਦੁਆਲੇ ਖੇਡੀਆਂ ਜਾਂਦੀਆਂ ਖੇਡਾਂ, ਲੁਕਣ ਮਚਾਈ, ਬਾਂਦਰ ਕਿੱਲਾ, ਗੁੱਲੀ ਡੰਡਾ ਆਦਿ ਨੂੰ।

ਮਹਿਸੂਸ ਕਰ ਰਿਹਾ ਸੀ ਇੰਨਾ ਨਿਰਦਈ ਕੋਈ ਕਿਵੇਂ ਹੋ ਸਕਦਾ ਹੈ ਕਿ ਇੱਕ ਹੱਸਦੇ-ਵਸਦੇ ਨਗਰ ਨੂੰ ਉਜਾੜ ਦਿੱਤਾ ਹੋਵੇ? ਇੱਕ ਪਾਸੇ ਪਿੰਡ ਦੀ ਖੁਸ਼ੀ ਦਾ ਅਹਿਸਾਸ ਅਤੇ ਦੂਜੇ ਪਾਸੇ ਜੀਣ ਲਈ ਵਾਸਤੇ ਪਾਉਂਦੇ



ਲੋਕਾਂ ਦੀਆਂ ਆਵਾਜ਼ਾਂ ਉਸਦੇ ਕੰਨਾਂ ਵਿੱਚ ਗੂੰਜ ਰਹੀਆਂ ਸਨ। ਕਿਸੇ ਵੇਲੇ ਇਸ ਜਗ੍ਹਾ 'ਤੇ ਲੋਕ ਨਹਾਉਂਦੇ ਸਨ, ਗਾਉਂਦੇ ਸਨ, ਸਜਦਾ ਕਰਦੇ ਸਨ; ਅੱਜ ਵੀਰਾਨ ਬੀਆਬਾਨ ਹੈ। ਹਰਮੀਤ ਨੂੰ ਇਹ ਸਮਝ ਨਹੀਂ ਆ ਰਿਹਾ ਸੀ ਕਿ ਇੱਥੇ ਵਸਦੇ ਲੋਕਾਂ ਨੂੰ ਜਾਨੋਂ ਕਿਉਂ ਮਾਰਿਆ ਗਿਆ ਹੈ? ਉਸ ਵੇਲੇ ਕੋਈ ਸਰਕਾਰ ਨਹੀਂ ਸੀ ਹੁੰਦੀ? ਪੁਲਿਸ ਕਚਹਿਰੀ ਨਹੀਂ ਸੀ ਹੁੰਦੀ? ਲੋਕਾਂ ਦੀ ਜਾਨ ਦੀ ਰਖਵਾਲੀ ਕੋਈ ਨਹੀਂ ਸੀ ਕਰਦਾ? ਜਿਵੇਂ ਕਿਸੇ ਦੇ ਜਨਮ ਵਿੱਚ ਰੱਬ ਦਾ ਹੱਥ ਹੁੰਦਾ ਹੈ, ਉਵੇਂ ਮਰਨ ਵਿੱਚ ਬੰਦੇ ਦਾ ਕਿਉਂ? ਇਹ ਲੁੱਟਾਂ-ਖੋਹਾਂ, ਇਹ ਸਾਰੇ ਸਵਾਲ ਫਿਜ਼ਾ ਵਿੱਚ ਫੈਲੇ ਸੰਨਾਟੇ ਕੋਲੋਂ ਪੁੱਛ ਰਹੇ ਸਨ। ਵੀਰਾਨੀਅਤ ਵਿੱਚ ਜੰਮੇ ਜੰਡ ਰੁੱਖ ਸਮੁੱਚੇ ਦੁੱਖਾਂ ਦਾ ਇਕੱਲਾ ਪਾਂਧੀ ਹੈ। ਧਰਤੀ ਤੋਂ ਲਗਭਗ 16 ਫੁੱਟ ਦੀ ਉਚਾਈ 'ਤੇ ਖੜ੍ਹੇ ਖੂਹ ਦੇ ਆਸ-ਪਾਸ ਕੋਈ ਵੀ ਥਹੁ-ਪਤਾ ਨਹੀਂ ਹੈ, ਰੇਤ ਹੀ ਰੇਤ ਫੈਲਿਆ ਹੋਇਆ ਹੈ। ਨਦੀ ਸ਼ਾਂਤ ਚਿਤ ਵਹਿ ਰਹੀ ਹੈ। ਨੂੰ ਵੇਖ ਕੇ ਇੰਝ ਲੱਗਦਾ ਹੈ ਕਿ ਜਿਵੇਂ ਕਦੇ ਇਸ ਵਿੱਚ ਪਾਣੀ ਨਹੀਂ ਆਇਆ ਹੋਵੇਗਾ। ਭੋਲੀ ਭਾਲੀ ਨਦੀ।

ਹਰਮੀਤ ਤੇ ਦੀਪ ਨੂੰ ਘੁੰਮਦੇ ਘੁੰਮਦੇ ਆਖਰ ਖੂਹ ਨੇੜਿਓ ਇੱਕ ਸਿੱਪੀ ਅਤੇ ਸ਼ੰਖ ਮਿਲਿਆ। ਉਸ ਨੂੰ ਲੈ ਕੇ ਬਹੁਤ ਖੁਸ਼ ਹੋਏ। ਆਖਰ ਜਥਾ ਖੂਹ ਵਿੱਚੋਂ ਪਾਣੀ ਕੱਢਣ ਵਿੱਚ ਕਾਮਯਾਬ ਹੋ ਗਿਆ। ਪਹਿਲੀ ਕੱਢੀ ਬਾਲਟੀ ਵਿੱਚੋਂ ਪਾਣੀ ਕੱਢਣ ਵਾਲੇ ਨੇ ਪਹਿਲਾਂ ਆਪ ਪਾਣੀ ਪੀ ਕੇ ਵੇਖਿਆ ਤੇ ਫਿਰ ਇੱਕ ਅਜੀਬ ਮਿਠਾਸ ਖੁਸ਼ੀ ਦਾ ਇਜ਼ਹਾਰ ਕੀਤਾ, ਇਉਂ ਲੱਗਿਆ ਜਿਵੇਂ ਚਿਰਾਂ ਤੋਂ ਸ਼ਾਂਤ ਖੂਹ ਬੋਲ ਪਿਆ ਹੋਵੇ। ਖੂਹ 'ਤੇ ਚੜ੍ਹਿਆ ਨੌਜਵਾਨ ਖੂਹ ਦੀਆਂ ਚੰਗਿਆਈਆਂ ਕਰਨੋਂ ਨਹੀਂ ਸੀ ਥੱਕ ਰਿਹਾ। ਸੱਚਮੁੱਚ ਖੂਹ ਬੋਲ ਰਿਹਾ ਸੀ। ਖੂਹ ਦੇ ਪਾਣੀ ਵਿੱਚ ਅੱਜ ਵੀ ਉਹੀ ਮਿਠਾਸ, ਠੰਡਕ ਹੈ ਅਤੇ ਆਪਸੀ ਮਿਲਵਰਤਣ ਦੀ ਭਾਵਨਾ ਹੈ, ਜਿਹੜੀ ਸਾਲਾਂ ਪਹਿਲੇ ਸੀ। ਖੈਰ! ਖੂਹ ਵਿੱਚੋਂ ਬਹੁਤ ਸਾਰਾ ਪਾਣੀ ਕੱਢ ਕੇ ਪਿੰਡ ਵਿੱਚ ਵਿਆਹ ਵਾਲੇ ਘਰ ਵਿੱਚ ਸਾਂਭਿਆ ਗਿਆ। ਬਰਾਤ ਵਾਸਤੇ ਪੁਖਤਾ ਪਾਣੀ ਦੇ ਪ੍ਰਬੰਧਾਂ ਲਈ ਵੱਡੇ-ਵੱਡੇ ਡਰੱਮ, ਘੜੇ, ਮੱਟ ਅਤੇ ਬਾਲਟੀਆਂ ਭਰ ਕੇ ਰੱਖੀਆਂ ਗਈਆਂ। ਖੁਸ਼ੀ ਵਿੱਚ ਦੋਨੋਂ ਖੀਵੇ ਹੋ ਰਹੇ ਸਨ। ਅੱਜ ਪਤਾ ਨਹੀਂ ਕਿ ਕਿਹੜੀ ਜੰਨਤ ਦੀ ਸੈਰ ਕਰ ਲਈ ਹੋਵੇ। ਵਿਆਹ ਦੇ ਪ੍ਰੋਗਰਾਮ ਵੇਲੇ ਜੋ ਕੋਈ ਵੀ ਨਦੀਓਂ ਪਾਰ ਉਸ ਖੂਹ ਦੇ ਪਾਣੀ ਦੀ ਗੱਲ ਕਰਦਾ, ਹਰਮੀਤ ਤੇ ਦੀਪ ਚੁਕੰਨੇ ਹੋ ਜਾਂਦੇ, ਹਰ ਵੇਲੇ ਜਾਣ ਲਈ ਤਿਆਰ ਬਰ ਤਿਆਰ ਰਹਿੰਦੇ। ਉਹ ਦੋਵੇਂ ਸਾਥੀ ਅਕਸਰ ਵਿਚਾਰ ਕਰਦੇ ਕਿ ਕਿੰਨਾ ਚੰਗਾ ਹੋਣਾ ਸੀ, ਜੇਕਰ ਆਪਾਂ ਹਰ ਰੋਜ਼ ਉਸ ਖੂਹ ਵੱਲ ਜਾ ਕੇ ਖੇਡਦੇ। ਮਾਹੌਲ ਹੀ ਕੁਝ ਹੋਰ ਹੋਣਾ ਸੀ। ਵਿਆਹ ਦੇ ਕਈ ਮਹੀਨਿਆਂ ਬਾਅਦ ਆਖਰ ਦੀਪ ਨੂੰ ਲੱਭੇ ਸ਼ੰਖ ਨੇ ਵੱਜਣਾ ਸ਼ੁਰੂ ਕਰ ਦਿੱਤਾ ਸੀ। ਉਸ ਵਿੱਚੋਂ ਨਿਕਲਦੀ ਆਵਾਜ਼ ਵਿੱਚ ਚੌਗਿਰਦੇ ਦੇ ਸੰਤਾਪ, ਵੈਰ, ਅੱਤਿਆਚਾਰ ਆਦਿ ਦੇ ਦਰਦਾਂ ਦੀਆਂ ਆਵਾਜ਼ਾਂ ਹਰਮੀਤ ਨੂੰ ਵੀ ਅੱਜ ਸੁਣਾਈ ਦਿੰਦੀਆਂ ਹਨ।

## ਨੇੜਿਓਂ ਦੇਖੇ, ਸੁਣੇ ਤੇ ਪੜ੍ਹੇ ਗਿਆਨੀ ਸੋਹਣ ਸਿੰਘ ਸੀਤਲ

...ਪਿਛਲੇ ਸਫੇ ਦੀ ਬਾਕੀ ⇒

ਸਰਜਨ ਬਣ ਕੇ ਵਲਾਇਤ ਪੜ੍ਹਾਈ ਵਾਸਤੇ ਚਲਾ ਗਿਆ। ਉਹ ਲਿਖਦੇ ਹਨ- ਇੱਕ ਗੱਲ ਦਾ ਦੁੱਖ ਮੇਰੀ ਆਤਮਾ ਵਿੱਚ ਸਦਾ ਕੰਡੇ ਵਾਂਗ ਰੜਕਦਾ ਰਹਿੰਦਾ ਹੈ। ਮੈਂ ਜਦ ਰਘਬੀਰ ਸਿੰਘ ਨੂੰ ਵਲਾਇਤ ਤੋਰਿਆ ਸੀ, ਉਹ ਅੰਮ੍ਰਿਤਧਾਰੀ ਤੇ ਗੁਰਬਾਣੀ ਦਾ ਨਿਤਨੇਮੀ ਸੀ। ਪਰ ਵਲਾਇਤ ਜਾ ਕੇ ਸਿੱਖ ਰਹਿਤ ਮਰਯਾਦਾ ਤੋਂ ਦੂਰ ਹੋ ਗਿਆ।

ਸ. ਸੋਹਣ ਸਿੰਘ ਸੀਤਲ ਨੂੰ ਬਹੁਤ ਸਾਰੇ ਮਾਣ-ਸਤਿਕਾਰ ਪ੍ਰਾਪਤ ਹੋਏ, ਜਿਨ੍ਹਾਂ ਵਿੱਚ ਸਾਹਿਤ ਅਕਾਡਮੀ ਐਵਾਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਸ਼੍ਰੋਮਣੀ ਢਾਡੀ ਐਵਾਰਡ ਤੇ ਪੰਜਾਬ ਸਰਕਾਰ ਵੱਲੋਂ ਸਨਮਾਨ ਪ੍ਰਾਪਤ ਹੋਇਆ, ਪਰ ਕੌਮ ਦਾ ਪ੍ਰਚਾਰਕ ਹੋਣ ਦੇ ਨਾਤੇ ਜੋ ਉਨ੍ਹਾਂ ਨੂੰ ਸਨਮਾਨ-ਸਤਿਕਾਰ ਇੱਕ ਫ਼ੌਜੀ ਗੁਰਸਿੱਖ ਜਵਾਨ ਨੇ ਉਨ੍ਹਾਂ ਦੀ ਬਿਮਾਰੀ ਸਮੇਂ ਭੇਟ ਕੀਤਾ, ਸੀਤਲ ਜੀ ਵਾਸਤੇ ਉਹ ਵਿਲੱਖਣ ਤੇ ਵਿਸ਼ੇਸ਼ ਸੀ। ਸਿੱਖ ਰਾਜ ਤੇ ਸ਼ੇਰੇ-ਪੰਜਾਬ ਇਨ੍ਹਾਂ ਦੀ ਪੁਸਤਕ ਦੇ ਹਵਾਲੇ ਨਾਲ ਉਸ ਨੇ ਇਨ੍ਹਾਂ ਨੂੰ ਪੱਤਰ ਲਿਖਿਆ: ਮੇਰੀ ਵੀ ਗੁਰੂ ਮਹਾਰਾਜ ਅੱਗੇ ਅਰਦਾਸ ਹੈ ਕਿ ਤੁਹਾਡੀ ਬਿਮਾਰੀ ਮੈਨੂੰ ਲੱਗ ਜਾਵੇ ਤੇ ਆਪ ਅਰੋਗ ਹੋ ਜਾਓ ਤਾਂ ਕਿ ਲੰਮੇ ਸਮੇਂ ਤੀਕ ਪੰਥ ਤੇ ਕੌਮ ਦੀ ਸੇਵਾ ਜਾਰੀ ਰੱਖ ਸਕੋ! ਪਰ ਸੀਤਲ ਜੀ 23 ਸਤੰਬਰ 1998 ਈ. ਨੂੰ ਲੁਧਿਆਣੇ 'ਚ ਸਾਨੂੰ ਸਾਰਿਆਂ ਨੂੰ ਸਦੀਵੀ ਵਿਛੋੜਾ ਦੇ ਗਏ।

ਇਕੱਲ ਤੇ ਵਿਹਲ ਵੀ ਮਨੁੱਖ ਵਾਸਤੇ ਸਜ਼ਾ ਹੈ। ਲਗਨ ਤੋਂ ਬਿਨਾ ਕੋਈ ਕਾਰਜ ਨਹੀਂ ਹੋ ਸਕਦਾ। ਸਿਰੜ, ਸਿਦਕ ਤੇ ਲਗਨ ਮਨੁੱਖ ਨੂੰ ਸਫ਼ਲਤਾ ਦੀਆਂ ਸਰ ਬੁਲੰਦੀਆਂ 'ਤੇ ਪਹੁੰਚਾ ਸਕਦੀ ਹੈ। ਗਿਆਨੀ ਸੀਤਲ ਜੀ ਨੇ ਸਿਰੜ ਤੇ ਲਗਨ ਸਦਕਾ ਪ੍ਰਚਾਰ ਖੇਤਰ ਵਿੱਚ ਹਰ ਸਫਲਤਾ ਪ੍ਰਾਪਤ ਕੀਤੀ। ਸਾਨੂੰ ਸਾਰਿਆਂ ਨੂੰ ਉਨ੍ਹਾਂ ਦੀ ਜੀਵਨ-ਜਾਂਚ ਤੋਂ ਪ੍ਰੇਰਨਾ, ਉਤਸ਼ਾਹ ਪ੍ਰਾਪਤ ਕਰ, ਇਸ ਨੂੰ ਜੀਵਨ 'ਚ ਢਾਲਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।

## ਬੋਲਦੇ ਪੰਨੇ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



**ਪੰਜਾਬੀ ਜਿੱਥੇ ਵੀ ਗਏ, ਉੱਥੇ ਹੀ ਸਾਂਝ ਸਥਾਪਤ ਕੀਤੀ ਹੈ। ਇਸੇ ਸਾਂਝ ਤਹਿਤ ਚਿਲੀ ਨੇ ਸਿੱਖ ਧਰਮ ਨੂੰ ਮਾਨਤਾ ਦੇ ਕੇ ਪੰਜਾਬੀਆਂ ਦਾ ਮਾਣ ਵਧਾਇਆ। ਚਿਲੀ ਵਿਖੇ ਭਾਰਤੀਆਂ ਦਾ ਆਗਮਨ ਉਂਜ ਤਾਂ ਸੰਨ 1904 ਦੇ ਆਸ-ਪਾਸ ਹੋਇਆ ਸੀ, ਪਰ ਸੰਨ 1980 ਤੋਂ ਬਾਅਦ ਆਏ ਭਾਰਤੀ ਤਾਂ ਕੇਵਲ ਵੱਡੇ ਆਰਥਿਕ ਲਾਭ ਕਮਾਉਣ ਹਿਤ ਇੱਥੇ ਪੁੱਜੇ ਸਨ। ਪੰਜਾਬੀਆਂ ਦੀ ਚਿਲੀ ਵਿਖੇ ਆਮਦ ਉੱਨੀਵੀਂ ਸਦੀ ਦੇ ਅਰੰਭ ਵਿੱਚ ਹੀ ਹੋ ਗਈ ਸੀ, ਜੋ ਚਿਲੀ ਨੂੰ ਬੋਲੀਵਿਆ ਨਾਲ ਜੋੜਨ ਵਾਲੀ ਰੇਲਵੇ ਲਾਈਨ ਸਬੰਧੀ ਕੰਮ ਕਰਨ ਹਿਤ ਪੁੱਜੇ ਸਨ। ਪੇਸ਼ ਹੈ, ਇਸ ਸਾਂਝ ਦਾ ਸੰਖੇਪ ਵੇਰਵਾ...**

# ਸਿੱਖ ਧਰਮ ਨੂੰ ਮਾਨਤਾ ਦੇ ਕੇ ਚਿਲੀ ਨੇ ਵਧਾਇਆ ਸੀ ਪੰਜਾਬੀਆਂ ਦਾ ਮਾਣ

ਉੱਤਰੀ ਅਮਰੀਕਾ ਦੇ ਪੱਛਮ ਵਿੱਚ ਸਥਿਤ ਚਿਲੀ ਨਾਮੀਂ ਦੇਸ਼ ਕਈ ਵਿਸ਼ੇਸ਼ਤਾਵਾਂ ਨਾਲ ਭਰਪੂਰ ਹੈ। ਇਹ ਸੰਸਾਰ ਦੇ ਦੱਖਣੀ ਹਿੱਸੇ ਵਿੱਚ ਸਥਿਤ ਲਗਪਗ ਆਖ਼ਰੀ ਮੁਲਕ ਹੈ ਅਤੇ ਇਹ ਅੰਟਾਰਟਿਕਾ ਦੇ ਬੇਹੱਦ ਨਜ਼ਦੀਕ ਹੈ। ਇਹ ਮੁਲਕ ਇੱਕ ਜ਼ਮੀਨ ਦੀ ਇੱਕ ਪਤਲੀ ਤੇ ਲੰਮੀ ਪੱਟੀ 'ਤੇ ਵੱਸਿਆ ਹੋਇਆ ਹੈ, ਜੋ ਕਿ ਪ੍ਰਸ਼ਾਂਤ ਮਹਾਂਸਾਗਰ ਅਤੇ ਐਂਡਸ ਪਰਬਤ ਦੇ ਦਰਮਿਆਨ ਸਥਿਤ ਹੈ। ਇਸ ਮੁਲਕ ਦਾ ਕੁੱਲ ਰਕਬਾ 7,56,102 ਵਰਗ ਕਿਲੋਮੀਟਰ ਹੈ ਅਤੇ ਸਾਲ 2023 ਵਿੱਚ ਇੱਥੋਂ ਦੀ ਆਬਾਦੀ ਅੰਦਾਜ਼ਨ 1 ਕਰੋੜ 96 ਲੱਖ ਦੇ ਕਰੀਬ ਸੀ। ਇੱਥੋਂ ਦੀ ਜਨਸੰਖਿਆ ਘਣਤਾ 24 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਦੇ ਕਰੀਬ ਬਣਦੀ ਹੈ। ਇਸ ਸੁੰਦਰ ਮੁਲਕ ਨੂੰ ਉੱਤਰ ਵਾਲੇ ਪਾਸਿਉਂ ਪੇਰੂ, ਉੱਤਰ-ਪੂਰਬ ਵੱਲੋਂ ਬੋਲੀਵਿਆ ਅਤੇ ਪੂਰਬ ਦਿਸ਼ਾ ਵੱਲੋਂ ਅਰਜਨਟੀਨਾ ਆਦਿ ਜਿਹੇ ਖ਼ੂਬਸੂਰਤ ਮੁਲਕਾਂ ਦੀਆਂ ਸਰਹੱਦਾਂ ਲੱਗਦੀਆਂ ਹਨ। ਇਹ ਮੁਲਕ ਅੰਟਾਰਟਿਕਾ ਦੇ 12,50,000 ਵਰਗ ਕਿਲੋਮੀਟਰ ਭਾਗ ਨੂੰ 'ਚਿਲੀਅਨ ਅੰਟਾਰਟਿਕਾ ਟੈਰੇਟਰੀ' ਭਾਵ 'ਅੰਟਾਰਟਿਕਾ ਦਾ ਚਿਲੀ ਦੇ ਕਬਜ਼ੇ ਹੇਠਲਾ ਭਾਗ' ਤਸਲੀਮ ਕਰਦਾ ਹੈ। ਇੱਥੋਂ ਦੀ ਭਾਸ਼ਾ ਸਪੈਨਿਸ਼ ਹੈ ਅਤੇ ਇਸ ਦੇਸ਼ ਦੀ ਰਾਜਧਾਨੀ ਦਾ ਨਾਂ 'ਸੇਂਟਿਆਗੋ' ਹੈ।

ਚਿਲੀ ਵਿਖੇ ਭਾਰਤੀਆਂ ਦਾ ਆਗਮਨ ਉਂਜ ਤਾਂ ਸੰਨ 1904 ਦੇ ਆਸ-ਪਾਸ ਹੋਇਆ ਸੀ, ਪਰ 1980 ਦੇ ਦਹਾਕੇ ਦੌਰਾਨ ਕੇਵਲ ਭਾਰਤ ਤੋਂ ਹੀ ਨਹੀਂ ਸਗੋਂ ਸਪੇਨ, ਹਾਂਗਕਾਂਗ, ਪਨਾਮਾ, ਫ਼ਿਲੀਪੀਨਜ਼, ਸਿੰਘਾਪੁਰ ਅਤੇ ਨਾਈਜੀਰੀਆ ਆਦਿ ਮੁਲਕਾਂ ਤੋਂ ਵੀ ਭਾਰਤੀ ਲੋਕ ਚੱਲ ਕੇ ਚਿਲੀ ਪਹੁੰਚੇ ਸਨ। ਸ਼ੁਰੂਆਤੀ ਦੌਰ ਵਿੱਚ ਇੱਥੇ ਪੁੱਜੇ ਭਾਰਤੀ ਲੋਕ ਅਸਲ ਵਿੱਚ ਖੇਤੀਬਾੜੀ, ਰੇਲਵੇ ਨਿਰਮਾਣ ਅਤੇ ਖਣਿਜਾਂ ਦੀਆ ਖਾਣਾਂ ਵਿੱਚ ਕੰਮ ਕਰਨ ਹਿਤ ਆਏ ਸਨ, ਪਰ ਸੰਨ 1980 ਤੋਂ ਬਾਅਦ ਆਏ ਭਾਰਤੀ ਤਾਂ ਕੇਵਲ ਵੱਡੇ ਆਰਥਿਕ ਲਾਭ ਕਮਾਉਣ ਹਿਤ ਇੱਥੇ ਪੁੱਜੇ ਸਨ। ਇੱਥੇ ਆਉਣ ਵਾਲੇ ਭਾਰਤੀਆਂ ਦਾ ਪਹਿਲਾ ਦਲ ਸਿੰਧੀ ਪਰਿਵਾਰਾਂ ਨਾਲ ਜੁੜਿਆ ਹੋਇਆ ਸੀ ਤੇ ਸੰਨ 1904 ਵਿੱਚ ਵਪਾਰਕ ਕਾਰਨਾਂ ਕਰਕੇ ਇੱਥੇ ਆਇਆ ਸੀ। ਇਸ ਸਿੰਧੀ ਦਲ ਦੇ ਮੈਂਬਰ ਹੌਲੀ-ਹੌਲੀ ਇੱਥੋਂ ਦੀ ਰਾਜਧਾਨੀ ਸੇਂਟਿਆਗੋ ਤੋਂ ਇਲਾਵਾ ਹੋਰਨਾਂ ਇਲਾਕਿਆਂ ਵਿੱਚ ਵੀ ਵੱਸਦੇ ਗਏ। ਸੰਨ 1980 ਤੋਂ ਬਾਅਦ ਇੱਥੇ ਆਏ ਭਾਰਤੀਆਂ ਨੇ ਹੀ ਇੱਥੇ 'ਇੰਡੀਅਨ ਐਸੋਸੀਏਸ਼ਨ ਆਫ਼ ਸੇਂਟਿਆਗੋ' ਨਾਮਕ ਸੰਗਠਨ ਦੀ ਸਥਾਪਨਾ ਕੀਤੀ ਸੀ। ਇਨ੍ਹਾਂ ਭਾਰਤੀਆਂ ਵਿੱਚੋਂ ਜ਼ਿਆਦਾਤਰ ਭਾਰਤੀ ਲੋਕ ਇੰਜੀਨੀਅਰ ਜਾਂ ਫਿਰ ਬਹੁਰਾਸ਼ਟਰੀ ਕੰਪਨੀਆਂ ਦੇ ਕਰਮਚਾਰੀ ਸਨ। ਇੱਥੇ ਪੰਦਰਾਂ ਸੌ ਦੇ ਕਰੀਬ ਭਾਰਤੀਆਂ ਦਾ ਨਿਵਾਸ ਮੰਨਿਆ ਜਾਂਦਾ ਹੈ।

ਪੰਜਾਬੀਆਂ ਦੀ ਚਿਲੀ ਵਿਖੇ ਆਮਦ ਉੱਨੀਵੀਂ ਸਦੀ ਦੇ ਅਰੰਭ ਵਿੱਚ ਹੀ ਹੋ ਗਈ ਸੀ। ਉਹ ਪੰਜਾਬੀ ਲੋਕ ਇੱਥੇ ਚਿਲੀ ਨੂੰ ਬੋਲੀਵਿਆ ਨਾਲ ਜੋੜਨ ਵਾਲੀ ਰੇਲਵੇ ਲਾਈਨ ਸਬੰਧੀ ਕੰਮ ਕਰਨ ਹਿਤ ਪੁੱਜੇ ਸਨ। ਇੱਥੇ ਮੌਜੂਦ ਪੰਜਾਬੀਆਂ ਦੀ ਗਿਣਤੀ ਸਿੰਧੀ ਸਮਾਜ ਦੇ ਮੰਨਣ ਵਾਲਿਆਂ ਦੀ ਬਨਿਸਪਤ ਕਾਫੀ ਘੱਟ ਸੀ, ਪਰ ਉੱਤਰੀ ਅਮਰੀਕਾ ਵਿਖੇ ਸਿੱਖ ਧਰਮ ਦਾ ਖ਼ੂਬ ਪ੍ਰਚਾਰ ਤੇ ਪ੍ਰਸਾਰ ਕਰਨ ਵਾਲੇ 'ਕੁੰਡਲਿਨੀ ਯੋਗ' ਦੇ ਸੰਚਾਲਕ ਸ. ਹਰਭਜਨ ਸਿੰਘ ਯੋਗੀ ਦੇ ਪ੍ਰਭਾਵ ਸਦਕਾ ਇੱਥੇ ਪੰਜਾਬੀ ਸਿੱਖਾਂ ਦੀ ਸੰਖਿਆ ਕੁਝ ਵਧੀ ਸੀ। ਚਿਲੀ ਵਿਖੇ ਦੋ ਸੁੰਦਰ ਗੁਰਦੁਆਰਾ ਸਾਹਿਬਾਨ ਵੀ ਸੁਸ਼ੋਭਿਤ ਹਨ, ਜਿਨ੍ਹਾਂ ਵਿੱਚੋਂ ਇੱਕ ਲਿਕੇਕ ਵਿਖੇ ਅਤੇ ਦੂਜਾ ਵਿਨਾ ਡੈਲਮਰ ਨਾਮੀਂ ਸਥਾਨ 'ਤੇ ਸਥਿਤ ਹੈ। ਲਿਕੇਕ ਵਿਖੇ ਸਥਿਤ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਬਿਲਕੁਲ ਨਾਲ ਇੱਕ ਹਿੰਦੂ ਮੰਦਿਰ ਵੀ ਸਥਿਤ ਹੈ, ਜਦੋਂ ਕਿ ਵਿਨਾ ਡੈਲਮਰ ਵਿਖੇ ਸਥਿਤ ਗੁਰਦੁਆਰਾ ਸਾਹਿਬ ਦਾ ਨਾਂ 'ਗੁਰਦੁਆਰਾ ਗੁਰੂ ਰਾਮਦਾਸ ਆਸ਼ਰਮ' ਹੈ ਤੇ ਇੱਥੇ 9 ਅਕਤੂਬਰ 2019 ਨੂੰ ਪਹਿਲੀ ਵਾਰ ਸਿੱਖੀ ਦੀ ਸ਼ਾਨ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਸ੍ਰੀ ਨਿਸ਼ਾਨ ਸਾਹਿਬ ਝੁਲਾਇਆ ਗਿਆ ਸੀ। ਸਮੂਹ ਪੰਜਾਬੀਆਂ ਲਈ ਬੜੇ ਹੀ ਫ਼ਖ਼ਰ ਦੀ ਗੱਲ ਹੈ ਕਿ ਇਸ ਮੁਲਕ ਵਿੱਚ ਵੀ 'ਸਿੱਖ ਧਰਮ ਚਿਲੀ' ਅਤੇ 'ਲੰਗਰ ਚਿਲੀ' ਨਾਂ ਪੰਜਾਬੀਆਂ ਨੇ ਸਥਾਪਿਤ ਕੀਤੇ ਹਨ ਅਤੇ ਸਿੱਖੀ ਦੀ ਵਡਮੁੱਲੀ ਲੰਗਰ ਪ੍ਰਥਾ ਤੇ ਸਰਬੱਤ ਦੇ ਭਲੇ ਦੇ ਸੰਕਲਪ ਨੂੰ ਇੱਥੇ ਵੀ ਬ਼ਾਖ਼ੂਬੀ ਚਲਾਇਆ ਤੇ ਫ਼ੈਲਾਇਆ ਹੈ। ਇੱਥੇ ਇਹ ਜ਼ਿਕਰਯੋਗ ਹੈ ਕਿ ਗੁਜ਼ਰੇ ਸਮਿਆਂ ਅੰਦਰ ਚੱਲੀਆਂ ਉੱਤਰੀ ਅਮਰੀਕਾ ਦੀਆਂ ਏਸ਼ੀਅਨ-ਵਿਰੋਧੀ ਇਮੀਗ੍ਰੇਸ਼ਨ ਨੀਤੀਆਂ ਸਦਕਾ ਬਹੁਤ ਸਾਰੇ ਸਿੱਖ ਪਰਿਵਾਰ ਚਿਲੀ ਵਿਖੇ ਆ ਕੇ ਵੱਸ ਗਏ ਸਨ ਤੇ ਬਾਅਦ ਵਿੱਚ ਉਨ੍ਹਾਂ 'ਚੋਂ ਕੁਝ ਪਰਿਵਾਰ ਅਰਜਨਟੀਨਾ ਵਿਖੇ ਚਲੇ ਗਏ ਸਨ। ਇੱਥੇ ਵੱਸਦੇ ਪੰਜਾਬੀਆਂ ਦੀ ਗਿਣਤੀ ਅੰਦਾਜ਼ਨ ਪੰਜ ਕੁ ਸੌ ਤੋਂ ਵੱਧ ਦੱਸੀ ਜਾਂਦੀ ਹੈ। ਇਹ ਪੰਜਾਬੀ ਲੋਕ ਲਿਕੇਕ, ਵਿਨਾ ਡੈਲਮਰ ਅਤੇ ਸੇਂਟਿਆਗੋ ਨਾਮੀਂ ਸ਼ਹਿਰਾਂ ਵਿੱਚ ਵੱਸੇ ਹੋਏ ਹਨ।



ਚਿਲੀ ਦੇ ਸਾਬਕਾ ਰਾਸ਼ਟਰਪਤੀ ਰਿਕਾਰਡੋ ਲਾਗੋਸ ਅਤੇ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ

ਸੰਨ 2010 ਵਿੱਚ ਚਿਲੀ ਦੇ ਇੱਕ ਫ਼ਿਲਮਕਾਰ ਨੇ ਇੱਥੇ ਵੱਸਦੇ ਸਿੱਖਾਂ 'ਤੇ ਆਧਾਰਿਤ ਇੱਕ ਦਸਤਾਵੇਜ਼ੀ ਫ਼ਿਲਮ ਵੀ ਤਿਆਰ ਕੀਤੀ ਸੀ, ਜਿਸਦਾ ਸਿਰਲੇਖ ਸੀ- 'ਸਿੱਖਜ਼ ਇਨ ਸੇਂਟਿਆਗੋ' ਭਾਵ 'ਸੇਂਟਿਆਗੋ ਵਿਖੇ ਵੱਸਦੇ ਸਿੱਖ।' ਇਸ ਫ਼ਿਲਮ ਰਾਹੀਂ ਚਿਲੀ ਵਿਖੇ ਵੱਸਦੇ ਪਗੜੀਧਾਰੀ ਸਿੱਖਾਂ ਨੂੰ ਇੱਥੇ ਆਪਣੇ ਧਾਰਮਿਕ ਚਿੰਨ੍ਹਾਂ ਦੇ ਕਾਰਨ ਦਰਪੇਸ਼ ਵੱਖ-ਵੱਖ ਸਮੱਸਿਆਵਾਂ ਅਤੇ ਪ੍ਰੇਸ਼ਾਨੀਆਂ ਦੇ ਰੂਬਰੂ ਹੁੰਦਿਆਂ ਵਿਖਾਇਆ ਗਿਆ ਸੀ। ਸੰਨ 2016 ਵਿੱਚ ਚਿਲੀ ਦੀ ਸਰਕਾਰ ਵੱਲੋਂ 'ਸਿੱਖ ਧਰਮ' ਨੂੰ ਕਾਨੂੰਨੀ ਮਾਨਤਾ ਪ੍ਰਦਾਨ ਕਰ ਦਿੱਤੀ ਗਈ ਸੀ, ਜਿਸਦੇ ਤਹਿਤ ਸਿੱਖਾਂ ਨੂੰ ਕਿਰਪਾਨ ਪਹਿਨਣ, ਆਪਣੇ ਧਾਰਮਿਕ ਕਰਮਕਾਂਡ ਕਰਨ ਅਤੇ ਦਾਨ ਆਦਿ ਹਾਸਿਲ ਕਰਨ ਦੀ ਪੂਰਨ ਆਗਿਆ ਹਾਸਿਲ ਹੋ ਗਈ ਸੀ। ਆਪਣੀ ਇਸ ਪ੍ਰਾਪਤੀ 'ਤੇ ਫ਼ਖ਼ਰ ਮਹਿਸੂਸ ਕਰਦਿਆਂ ਉਸ ਵੇਲੇ ਚਿਲੀ ਦੀ ਨਿਵਾਸੀ ਸਰਦਾਰਨੀ ਰੁਪਿੰਦਰ ਕੌਰ ਖ਼ਾਲਸਾ ਨੇ ਕਿਹਾ ਸੀ, "ਹੁਣ ਅਸੀਂ ਜ਼ਿਆਦਾ ਸੁਰੱਖਿਅਤ ਹਾਂ। ਹੁਣ ਸਾਨੂੰ ਨੌਕਰੀ ਪੱਖੋਂ, ਸਿਹਤ ਸੇਵਾਵਾਂ ਅਤੇ ਸਿਆਸੀ ਪੱਖੋਂ ਵਧੇਰੇ ਸੁਰੱਖਿਆ ਹਾਸਿਲ ਹੋ ਗਈ ਹੈ। ਇਹ ਸਾਡੀ ਕੌਮ ਲਈ ਚੰਗੀ ਖ਼ਬਰ ਹੈ। ਹੁਣ ਸਾਨੂੰ ਜਨਤਕ ਸਥਾਨਾਂ 'ਤੇ ਇਕੱਠ ਕਰਨ ਦਾ ਹੱਕ ਹਾਸਿਲ ਹੋ ਗਿਆ ਹੈ।"

ਇਹ ਵੀ ਵਿਸ਼ੇਸ਼ ਯਾਦ ਰੱਖਣਯੋਗ ਹੈ ਕਿ ਸਿੱਖ ਧਰਮ ਨੂੰ ਮਾਨਤਾ ਪ੍ਰਦਾਨ ਕਰਨ ਵਾਲਾ ਇਹ ਉੱਤਰੀ ਅਮਰੀਕਾ ਦਾ ਪਹਿਲਾ ਮੁਲਕ ਹੈ। ਸੰਨ 2005 ਦੀ 20 ਜਨਵਰੀ ਨੂੰ ਉਸ ਵੇਲੇ ਦੇ ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਚਿਲੀ ਦੇ ਸਾਬਕਾ ਰਾਸ਼ਟਰਪਤੀ ਰਿਕਾਰਡੋ ਲਾਗੋਸ ਨਾਲ ਮੁਲਾਕਾਤ ਕੀਤੀ ਸੀ ਤੇ ਚਿਲੀ ਦੇ ਕਿਸੇ ਵੱਡੇ ਸਿਆਸਤਦਾਨ ਨਾਲ ਮੁਲਾਕਾਤ ਕਰਨ ਵਾਲੇ ਉਹ ਭਾਰਤ ਦੇ ਪਹਿਲੇ ਤੇ ਇਕਲੌਤੇ ਸਿੱਖ ਪ੍ਰਧਾਨ ਮੰਤਰੀ ਸਨ।

## ਗੱਲਾਂ 'ਚੋਂ ਗੱਲ

ਨੁਜ਼ਹਤ ਅੱਬਾਸ



# ਪੰਜਾਬੀ ਬੋਲੀ ਬਚ ਸਕਦੀ ਏ

ਐਵੇਂ ਦਿਲ ਨੂੰ ਪਰਚਾਵਣ ਵਾਲੀ ਗੱਲ ਏ ਭਲਾ ਪੰਜਾਬੀ ਬੋਲੀ ਕਿੰਜ ਬਚ ਸਕਦੀ ਏ, ਜੇ ਇਹਨੂੰ ਕੋਈ ਬੋਲੇਗਾ ਈ ਨਹੀਂ? ਮੈਂ ਹਰ ਦਿਨ ਕਈ ਪੰਜਾਬੀ ਮਾਵਾਂ ਨੂੰ ਮਿਲਦੀ ਆਂ ਜਿਹੜੀਆਂ ਵੱਧ ਚੜ੍ਹ ਕੇ ਆਖਦੀਆਂ ਨੇਂ ਸਾਡੇ ਵੱਡੇ ਪੰਜਾਬੀ ਬੋਲਦੇ ਸਨ, ਪਰ ਅਸੀਂ ਆਪਸ ਵਿੱਚ ਉਰਦੂ ਬੋਲਦੇ ਆਂ ਤੇ ਸਾਡੇ ਬੱਚੇ ਮਾਸ਼ਾਅੱਲਾ ਅੰਗਰੇਜ਼ੀ। ਸੱਚ ਏ ਕਿ ਹੁਣ ਤੇ ਆਪਣੇ ਘਰਾਂ ਦੇ ਸਭੇ ਬਾਲ ਤੇ ਉਨ੍ਹਾਂ ਦੀਆਂ ਮਾਵਾਂ ਵੀ ਇੱਕ ਦੂਜੇ ਨਾ਼ਲ ਆਪਣੀ ਬੋਲੀ ਵਿੱਚ ਗੱਲ ਨਹੀਂ ਕਰਦੇ। ਉਤੋਂ ਮੇਰਾ ਪੰਜਾਬੀ ਬੋਲਣਾ ਵੀ ਸਭ ਨੂੰ ਕੁੱਝ ਚੰਗਾ ਨਹੀਂ ਲਗਦਾ ਕਿਉਂ ਜੇ ਇਹ ਬੋਲੀ ਮਾਵਾਂ ਘਰ ਵਿੱਚ ਕੰਮ ਕਰਨ ਵਾਲਿਆਂ ਨੌਕਰਾਂ ਨਾ਼ਲ ਬੋਲਦੀਆਂ ਨੇਂ। ਹੁਣ ਪੰਜਾਬੀ ਨੌਕਰਾਂ ਦੀ ਬੋਲੀ ਬਣ ਕੇ ਰਹਿ ਗਈ ਏ, ਮਾਵਾਂ ਦੀ ਨਹੀਂ। ਮਾਵਾਂ ਦੇ ਹੱਥੋਂ ਉਨ੍ਹਾਂ ਦਾ ਆਪਣੀ ਬੋਲੀ ਨਾ਼ਲ ਮਤਰੇਈਆਂ ਵਾਲਾ ਸਲੂਕ ਵੇਖ ਕੇ ਮੇਰਾ ਦਿਲ ਬੜਾ ਕੁੜ੍ਹਦਾ ਏ।

ਏਸ ਸਮਾਜੀ ਉੱਚ-ਨੀਚ ਤੇ ਸਿਆਸਤਾਂ ਨੇ ਸਭੇ ਪੰਜਾਬੀਆਂ ਨੂੰ ਇਹ ਈ ਸਬਕ ਪੜ੍ਹਾਇਆ ਕਿ ਪੜ੍ਹਿਆ-ਲਿਖਿਆ ਬੰਦਾ ਉਰਦੂ, ਅੰਗਰੇਜ਼ੀ ਬੋਲਦਾ ਏ, ਪੰਜਾਬੀ ਨਹੀਂ। ਇਹੋ ਤੇ ਵਜ੍ਹਾ ਏ ਕਿ ਜਦੋਂ ਦਾ ਪਾਕਿਸਤਾਨ ਬਣਿਆ ਏ, ਅਸੀਂ ਸਾਰੇ ਪੜ੍ਹੇ-ਲਿਖੇ ਬਣਨ ਦੀ ਕੋਸ਼ਿਸ਼ ਕਰ ਰਹੇ ਆਂ। ਸਕੂਲ ਕਾਲਜ, ਅਖ਼ਬਾਰ, ਰਸਾਲੇ, ਕਿਤਾਬਾਂ, ਟੀ ਵੀ, ਰੇਡੀਓ, ਬਾਜ਼ਾਰ, ਮਾਰਕਿਟਸ, ਆਂਢ-ਗਵਾਂਢ , ਰਿਸ਼ਤੇਦਾਰ ਤੇ ਪੱਕੇ ਦੋਸਤਾਂ ਦੇ ਨਾ਼ਲ ਨਾ਼ਲ ਘਰਾਂ ਵਿੱਚ ਵੀ ਓਪਰੀਆਂ ਬੋਲੀਆਂ ਬੋਲਦੇ ਆਂ। ਉਂਜ ਤੇ ਜੱਗ ਦੀਆਂ ਸੱਭੇ ਬੋਲੀਆਂ ਚੰਗੀਆਂ ਈ ਹੁੰਦੀਆਂ ਨੇਂ ਤੇ ਉਨ੍ਹਾਂ ਨੂੰ ਸਿੱਖਣਾ ਵੀ ਚਾਹੀਦਾ ਏ, ਪਰ ਆਪਣੀ ਮਾਂ ਦੀ ਬੋਲੀ ਨੂੰ ਭੁੱਲ ਕੇ ਕੋਈ ਵੀ ਹੋਰ ਬੋਲੀ ਕਿਵੇਂ ਸਿੱਖੀ ਜਾ ਸਕਦੀ ਏ? ਇਹ ਮੇਰੀ ਸਮਝ ਤੋਂ ਬਾਹਰ ਏ।

ਇਹ ਵੀ ਕੌੜਾ ਸੱਚ ਏ ਕਿ ਸਾਡੇ ਸਕੂਲਾਂ ਵਿੱਚ ਪੰਜਾਬੀ ਬੋਲਣ ਵਾਲੇ ਬਾਲਾਂ ਨੂੰ ਜੁਰਮਾਨਾ ਕੀਤਾ ਜਾਂਦਾ ਏ ਤੇ ਕੁੱਟ ਵੀ ਪੈਂਦੀ ਏ। ਜਿੱਥੇ ਤਾਲੀਮੀ ਇਦਾਰਿਆਂ ਵਿੱਚ ਬੋਲੀ ਨਾ਼ਲ ਇਹ ਸਲੂਕ ਹੋਵੇਗਾ, ਓਥੇ ਮਾਵਾਂ ਤੇ ਬੱਚੇ ਕੀ ਕਰਨਗੇ? ਇਹ ਵੱਖਰੀ ਗੱਲ ਏ ਕਿ ਸਾਡੇ ਉਸਤਾਦ ਤੇ ਲੀਡਰ ਇਹ ਜਾਣਨਾ ਈ ਨਹੀਂ ਚਾਹੁੰਦੇ ਕਿ ਦੁਨੀਆ ਭਰ ਵਿੱਚ ਖੋਜ ਰਾਹੀਂ ਇਹ ਗੱਲ ਸਾਮ੍ਹਣੇ ਆ ਚੁੱਕੀ ਏ ਕਿ ਬਾਲਾਂ ਦੇ ਚੰਗੇ ਭਲਕ ਲਈ ਮਾਂ ਦੀ ਬੋਲੀ ਸਭ ਤੋਂ ਕੀਮਤੀ ਤੇ ਜ਼ਰੂਰੀ ਏ। ਜੇ ਮਾਂ ਪਿਓ ਆਪਣੇ ਬਾਲਾਂ ਦਾ ਭਲਕ ਚਾਨਣ ਭਰਿਆ ਬਨਾਣਾ ਚਾਹੁੰਦੇ ਨੇਂ ਤੇ ਉਨ੍ਹਾਂ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਏ ਕਿ ਮਾਂ ਦੀ ਬੋਲੀ ਨਿੱਕੇ ਬਾਲ ਦੀ ਬੁਨਿਆਦ ਨੂੰ ਪੱਕਾ ਕਰਦੀ ਏ ਤੇ ਹਯਾਤੀ ਦੇ ਇਲਮ ਨਾ਼ਲ ਰਿਸ਼ਤਾ ਜੋੜਦੀ ਏ।

ਸਾਡੇ ਘਰ ਵਿੱਚ ਹੁਣ ਇੱਕ ਈ ਬਾਬਾ ਜੀ ਰਹਿ ਗਏ ਨੇਂ, ਜਿਹੜੇ ਹਮੇਸ਼ ਆਪਣੀ ਹੱਡਵਰਤੀ ਸਭ ਨੂੰ ਪੰਜਾਬੀ ਵਿੱਚ ਸੁਣਾਉਣ ਤੇ ਮਾਂ ਬੋਲੀ ਦੀ ਕਦਰ ਵਧਾਉਣ ਵਿੱਚ ਜੀ ਜਾਨ ਨਾ਼ਲ ਲੱਗੇ ਰਹਿੰਦੇ ਨੇਂ। ਪੂਰਾ ਟੱਬਰ ਉਨ੍ਹਾਂ ਦੀ ਏਸ ਆਦਤ ਨੂੰ ਪਸੰਦ ਕਰਦਾ ਏ, ਪਰ ਫ਼ਿਰ ਵੀ ਪੰਜਾਬੀ ਬੋਲਣ ਵਿੱਚ ਮਾਵਾਂ ਤੇ ਬਾਲ ਸ਼ਰਮਾਂਦੇ ਨੇਂ। ਮੈਨੂੰ ਤੇ ਇਹ ਪ੍ਰੇਸ਼ਾਨੀ ਏ ਕਿ ਇਹ ਬਜ਼ੁਰਗ ਵੀ ਅੱਜ ਕੱਲ੍ਹ ਬਿਮਾਰ ਨੇਂ, ਜੇ ਇਨ੍ਹਾਂ ਨੂੰ ਕੁੱਝ ਹੋ ਗਿਆ ਤੇ ਸਾਡੇ ਟੱਬਰ ਦਾ ਕੀ ਬਣੇਗਾ?

ਪਿੱਛੇ ਜਿਹੇ ਮੈਂ ਪ੍ਰਦੇਸੋਂ ਬਜ਼ੁਰਗਾਂ ਦੀ ਖ਼ਬਰ ਲੈਣ ਗਈ ਤੇ ਬਹੁਤਾ ਵੇ਼ਲਾ ਉਨ੍ਹਾਂ ਕੋ਼ਲ ਹਸਪਤਾਲ ਈ ਰਹੀ। ਓਥੇ ਮੈਨੂੰ ਬਹੁਤ ਕੁੱਝ ਨਵਾਂ ਜਾਨਣ ਦਾ ਤਜਰਬਾ ਹੋਇਆ। ਮੇਰੇ ਲਈ ਸਭ ਤੋਂ ਹੈਰਾਨੀ ਵਾਲੀ ਗੱਲ ਇਹ ਸੀ ਕਿ ਜਦੋਂ ਕੋਈ ਬਜ਼ੁਰਗਾਂ ਨੂੰ ਹਾਲ-ਚਾਲ ਪੁੱਛਦਾ ਤੇ ਬਜ਼ੁਰਗ ਕਹਿ ਦਿੰਦੇ ਭਈ ਮੇਰਾ ਹਾਲ ਪੁੱਛਣ ਆਏ ਓ ਕਿ ਕਿਸੇ ਅੰਗਰੇਜ਼ ਦਾ? ਇਹ ਸੁਣ ਕੇ ਸਭ ਹੱਸਦੇ ਤੇ ਪੰਜਾਬੀ ਵਿੱਚ ਉਤਰ ਆਉਂਦੇ। ਡਾਕਟਰ ਕੀ ਤੇ ਨਰਸਾਂ ਕੀ- ਸਭ ਦੇ ਸਭ ਨੂੰ ਪੰਜਾਬੀ ਬੋਲਣੀ ਪੈ ਰਹੀ ਸੀ, ਨਹੀਂ ਤੇ ਬਜ਼ੁਰਗ ਜਵਾਬ ਈ ਨਹੀਂ ਸੀ ਦਿੰਦੇ। ਮੇਰੇ ਲਈ ਇਹ ਹੋਰ ਵੀ ਖ਼ੁਸ਼ੀ ਦੀ ਗੱਲ ਸੀ ਕਿ ਘਰ ਦੇ ਸਭ ਨਿੱਕੇ-ਵੱਡੇ ਬਾਲ ਵੀ ਬਜ਼ੁਰਗਾਂ ਨਾ਼ਲ ਪੰਜਾਬੀ ਵਿੱਚ ਗੱਲ ਕਰਨ ਦੀ ਕੋਸ਼ਿਸ਼ ਕਰਦੇ ਸਨ। ਮੈਂ ਬਾਲਾਂ ਨੂੰ ਪਹਿਲੀ ਵਾਰੀ ਪੰਜਾਬੀ ਬੋਲਦਿਆਂ ਸੁਣਿਆ ਸੀ। ਉਨ੍ਹਾਂ ਦੇ ਮੁੱਖੋਂ ਪੰਜਾਬੀ ਬੋਲੀ ਬੜੀ ਸੋਹਣੀ ਤੇ ਮਿੱਠੀ ਲੱਗੀ ਅਤੇ ਮੈਂ ਖ਼ੁਸ਼ ਹੋ ਕੇ ਆਖਿਆ ਭਈ ਤੁਸੀਂ ਸਭ ਮੇਰੇ ਨਾ਼ਲ ਵੀ ਪੰਜਾਬੀ ਵਿੱਚ ਗੱਲ ਕਰਿਆ ਕਰੋ ਨਾ। ਇਹ ਸੁਣ ਕੇ ਸਭ ਹੱਸਣ ਲੱਗ ਪਏ ਜਿਵੇਂ ਮੈਂ ਕੋਈ ਲਤੀਫ਼ਾ ਸੁਣਾਇਆ ਹੋਏ। ਮੈਨੂੰ ਇਹ ਪੱਕ ਹੋ ਗਿਆ ਕਿ ਬਜ਼ੁਰਗਾਂ ਮਗਰੋਂ ਕਿਸੇ ਪੰਜਾਬੀ ਨਹੀਂ ਬੋਲਣੀ। ਮੈਂ ਆਪਣੇ ਬਾਬੇ ਦੇ ਕੰਨ ਵਿੱਚ ਹੌਲੀ ਜਈ ਆਖਿਆ, ਬਜ਼ੁਰਗੋ ਪੰਜਾਬੀ ਬਚਾਉਣ ਲਈ ਤੁਹਾਨੂੰ ਜਿਉਂਦੇ ਰਹਿਣਾ ਪਵੇਗਾ। ਉਨ੍ਹਾਂ ਹੰਝੂ ਪੂੰਝਦਿਆਂ ਆਖਿਆ, "ਮੈਂ ਸੁੱਕਾ ਰੁੱਖ ਹੁਣ ਬਹੁਤੀ ਦੇਰ ਛਾਂ ਨਹੀਂ ਦੇ ਸਕਨਾਂ, ਬੋਲੀ ਬਚਾਉਣ ਲਈ ਮੇਰਾ ਕੰਮ ਤੂੰ ਸੰਭਾਲ ਤੇ ਫ਼ਿਰ ਤੇਰਾ ਕੰਮ ਤੇਰੀ ਧੀ, ਇੰਜ ਈ ਬੋਲੀ ਬਚ ਸਕਦੀ ਏ।"

ਮੈਂ ਇਹ ਸੁਣ ਕੇ ਸੋਚੀਂ ਪੈ ਗਈ, ਮੈਨੂੰ ਉਹ ਸਭ ਸੰਗੀ ਸਾਥੀ ਯਾਦ ਆ ਗਏ, ਜਿਹੜੇ ਮੇਰੇ ਪੰਜਾਬੀ ਬੋਲਣ ਤੇ ਲਿਖਣ ਉਤੇ ਤਨਕੀਦ ਕਰਦੇ ਤੇ ਹੱਸਦੇ ਨੇਂ, ਕਈ ਸ਼ੁਬਹੇ ਦੀ ਨਜ਼ਰ ਨਾ਼ਲ ਵੇਖਦੇ ਨੇਂ, ਕਈ ਗ਼ੁੱਸੇ ਰਹਿੰਦੇ ਨੇਂ ਤੇ ਆਖਦੇ ਨੇਂ ਤੂੰ ਪੰਜਾਬੀ ਵਿੱਚ ਲਿਖ ਕੇ ਮਹਿਦੂਦ ਹੋ ਗਈ ਐਂ।

ਅਚੰਭੇ ਦੀ ਗੱਲ ਇਹ ਵੇ ਕਿ ਸਭ ਪੰਜਾਬੀ ਲੋਕ ਗੀਤ ਤੇ ਸੂਫ਼ੀਆਨਾ ਕਲਾਮ ਸੁਣ ਕੇ ਅੱਥਰੂ ਵਹਾਂਦੇ ਨੇਂ, ਪਰ ਬੋਲੀ ਨੂੰ ਬੋਲਣ ਵਿੱਚ ਸ਼ਰਮ ਮਹਿਸੂਸ ਕਰਦੇ ਨੇ। ਅਜੀਬ ਦੋਗਲੀ ਕੌਮ ਏ ਸਾਡੀ। ਜਦੋਂ ਵੇਖੋ ਹਰ ਬੰਦਾ ਇੱਕ ਦੂਜੇ ਨੂੰ ਅੰਗਰੇਜ਼ੀ-ਉਰਦੂ ਦੀ ਤੱਕੜੀ ਵਿੱਚ ਤੋਲਦਾ ਰਹਿੰਦਾ ਏ।

ਮੈਂ ਹਾਲੇ ਇਨ੍ਹਾਂ ਸੋਚਾਂ ਵਿੱਚ ਗਵਾਚੀ ਆਪਣੇ ਹੱਥਾਂ ਦੀਆਂ ਉਂਗਲੀਆਂ ਤਰੋੜ ਮਰੋੜ ਈ ਰਹੀ ਸੀ ਕਿ ਬਜ਼ੁਰਗਾਂ ਇਹ ਆਖ ਕੇ ਮੈਨੂੰ ਇੱਕ ਨਵੀਂ ਰਾਹ ਵਿਖਾਈ, "ਧੀਏ ਤੂੰ ਹੌਲੇ ਹੌਲੇ ਆਪਣੇ ਕੰਮੀਂ ਲੱਗੀ ਰਹਿ। ਖ਼ੌਰੇ ਨਵੀਂ ਪੀੜ੍ਹੀ ਨੂੰ ਈ ਸੂਰਤ ਆ ਜਾਏ। ਤੂੰ ਲੋਰੀਆਂ, ਟੱਪੇ ਤੇ ਬੋਲੀਆਂ ਲਿਖ ਤੇ ਲੋਕ ਕਹਾਣੀਆਂ ਅੱਜ ਦੇ ਰੰਗ ਵਿੱਚ। ਇੰਜ ਵੀ ਬੋਲੀ ਬਚ ਸਕਦੀ ਏ।"

ਇਹ ਸੁਣਦਿਆਂ ਈ ਜਿਵੇਂ ਸਿਰਾ ਮੇਰੇ ਹੱਥ ਆਇਆ ਤੇ ਮੈਂ ਵਲਾਇਤ ਵਿੱਚ ਪੰਜਾਬੀ ਬੋਲੀ ਨਾ਼ਲ ਹੋਣ ਵਾਲੇ ਏਸ ਸਲੂਕ ਨੂੰ ਯਾਦ ਦੀ ਲੜੀ ਵਿੱਚ ਕੁੱਝ ਇੰਜ ਪਰੋ ਦਿੱਤਾ।

ਇੱਕ ਚਿੜੀ ਆਪਣੇ ਬਾਲਾਂ ਨਾ਼ਲ ਆਪਣੇ ਆਲ੍ਹਣੇ ਵਿੱਚ ਰਹਿੰਦੀ ਸੀ। ਚੋਗਾ ਚੁਗਦੀ, ਬਾਲਾਂ ਨੂੰ ਖੁਵਾਂਦੀ ਤੇ ਭਲਕ ਲਈ ਉੱਡਣ ਦੇ ਵੱਲ ਸਿਖਾਂਦੀ। ਬਾਲ ਹੌਲੀ ਹੌਲੀ ਮਾਂ ਚਿੜੀ ਤੋਂ ਉਡਣਾ ਸਿੱਖ ਕੇ ਵੱਡੇ ਹੋ ਗਏ। ਛੇਤੀ ਹੀ ਉਹ ਇੱਕ ਰੁੱਖ ਤੋਂ ਦੂਜੇ ਰੁੱਖ ਉਤੇ, ਦੂਜੇ ਤੋਂ ਤੀਜੇ ਰੁੱਖ ਤੇ ਉਡਾਰੀ ਮਾਰ ਕੇ ਅੱਪੜ ਜਾਂਦੇ। ਇੱਕ ਦਿਨ ਲੌਢੇ ਵੇਲੇ ਖਿਚੜੀ ਖਾਂਦਿਆਂ ਬਾਲ ਆਪਣੀ ਮਾਂ ਚਿੜੀ ਨੂੰ ਆਪਣੇ ਉਡਣ ਦੇ ਨਿਵੇਕਲੇ ਤਜਰਬੇ ਦਸ ਰਏ ਸਨ। ਚਿੜੀ ਨੂੰ ਬਾਲਾਂ ਕੋਲੋਂ ਇਹ ਸੁਣ ਕੇ ਬੜੀ ਹੈਰਾਨੀ ਹੋਈ ਕਿ ਉਹਦੇ ਬਾਲਾਂ ਨੇਂ ਇੱਕ ਐਸਾ ਬਾਗ ਤੱਕਿਆ ਏ, ਜਿਥੇ ਚਿੜੀਆਂ ਚਿੜੇ ਆਪਣੀ ਬੋਲੀ ਨਹੀਂ ਬੋਲਦੇ। ਪਰ ਉਹ ਗੂੰਗੇ ਵੀ ਨਹੀਂ। ਓਥੇ ਉਨ੍ਹਾਂ ਨਵੀਆਂ ਨਿਵੇਕਲੀਆਂ ਬੋਲੀਆਂ ਸਿੱਖੀਆਂ ਨੇਂ। ਚਿੜੀ ਮਾਂ ਨੂੰ ਬੜੀ ਰੀਝ ਹੋਈ ਕਿ ਉਹ ਵੀ ਇਸ ਉਚੇਚੇ ਬਾਗ ਵਿੱਚ ਜਾਵੇ ਤੇ ਆਪਣੇ ਬਾਲਾਂ ਵਾਂਗੂੰ ਓਹ ਵੀ ਨਵੀਆਂ ਨਵੀਆਂ ਗੱਲਾਂ ਸਿੱਖੇ।

ਇੱਕ ਦਿਨ ਉਹ ਆਪਣੇ ਟੱਬਰ ਨਾ਼ਲ ਉਸ ਬਾਗੇ ਦੀ ਸੈਰ ਨੂੰ ਗਈ। ਬਾਗ ਵਿੱਚ ਹਰ ਸ਼ੈ ਨਿਵੇਕਲੀ ਸੀ। ਰੰਗ-ਬਰੰਗੇ ਫੁੱਲ, ਰੁਖ, ਪੱਖੂ ਤੇ ਰਸਤੇ ਜਗ ਮਗ ਕਰ ਰਹੇ ਸੀ। ਪਰ ਚਿੜੇ ਤੇ ਚਿੜੀਆਂ ਦਾ ਰੰਗ ਰੂਪ ਉਹੋ ਈ ਸੀ।

ਚਿੜੀ ਮਾਂ ਨੇ ਹੌਂਸਲਾ ਕਰ ਕੇ ਉਨ੍ਹਾਂ ਨਾ਼ਲ ਗੱਲ ਕਰਨ ਦਾ ਹੀਲਾ ਕੀਤਾ, ਪਰ ਉਹ ਸਭੇ ਮਾਂ ਚਿੜੀ ਨੂੰ ਇੰਜ ਵੇਖਣ ਲੱਗ ਪਏ ਜਿਵੇਂ ਇਹ ਉਨ੍ਹਾਂ ਲਈ ਕੋਈ ਅਜੂਬਾ ਹੋਵੇ। ਚਿੜੀ ਨੇਂ ਆਪਣੇ ਬਾਲਾਂ ਨੂੰ ਤੱਕਿਆ ਤੇ ਆਖਿਆ ਭਈ ਤੁਸੀ ਸੱਚ ਆਂਹਦੇ ਸੀ ਕਿ ਇਹ ਚਿੜੀਆਂ ਤੇ ਚਿੜੇ ਸਾਡੀ ਬੋਲੀ ਸਮਝਦੇ ਈ ਨਈਂ। ਖ਼ੌਰੇ ਇਨ੍ਹਾਂ ਦਾ ਚੰਬਾ ਕਿਹੜੇ ਦੇਸੋਂ ਆਇਆ ਏ?

ਚਿੜੀ ਨੂੰ ਇਸ ਬਾਗੇ ਅੰਦਰ ਆਪਣਾ ਆਪ ਬਹੁਤ 'ਕੱਲਾ ਤੇ ਨਿੱਕਾ ਮਹਿਸੂਸ ਹੋਇਆ, ਉਹ ਆਪਣੇ ਬਾਲਾਂ ਨਾ਼ਲ ਬਾਗ ਦੀ ਇੱਕ ਨੁਕਰੇ ਚੁੱਪ ਕਰ ਕੇ ਬਹਿ ਗਈ ਆਸੇ-ਪਾਸੇ ਦੀਆਂ ਸੱਭੇ 'ਵਾਜਾਂ ਨਿਵੇਕਲੀਆਂ ਸਨ। ਉਹਨੂੰ ਸਭ ਕੁੱਝ ਓਪਰਾ ਲੱਗ ਰਿਹਾ ਸੀ।

ਥੱਕ ਹਾਰ ਕੇ ਉਹਨੇ ਆਪਣੇ ਬਾਲਾਂ ਨਾ਼ਲ ਖੇਡਣਾ ਤੇ ਗਾਉਣਾ ਸ਼ੁਰੂ ਕਰ ਦਿੱਤਾ,

ਅੱਲੜ ਬੱਲੜ ਬਾਵੇ ਦਾ। ਬਾਵਾ ਕਣਕ ਲਿਆਵੇਗਾ। ਬਾਵੀ ਬਹਿ ਕੇ ਛੱਟੇਗੀ। ਸੌ ਰੁਪਈਆ ਵੱਟੇਗੀ।

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# 'ਸ਼ਹਿਰ ਮੇਰੇ 'ਚ ਹਵਾ 'ਤੇ ਚੜ੍ਹ ਕੇ ਇਹ ਕਿਹੜਾ ਦਿਓ ਆਇਆ ਹੈ?'

**ਸੁਸ਼ੀਲ ਦੁਸਾਂਝ**
**ਫੋਨ:+91-9888799870**

ਦੁਨੀਆ ਤਰੱਕੀ 'ਤੇ ਹੈ, ਨਾਲ ਹੀ ਅੰਧ-ਵਿਸ਼ਵਾਸ ਵੀ।

ਜੇ ਇਹ ਕਿਹਾ ਜਾਵੇ ਕਿ ਨਵੀਆਂ ਵਿਗਿਆਨਕ ਤਕਨੀਕਾਂ ਦੀ ਘਨੇੜੀ ਚੜ੍ਹ ਕੇ ਅੰਧ-ਵਿਸ਼ਵਾਸ ਕਈ ਮੀਲ ਲੰਮੀਆਂ ਛਾਲਾਂ ਮਾਰ ਰਿਹਾ ਹੈ ਤਾਂ ਸ਼ਾਇਦ ਤੁਰੰਤ ਯਕੀਨ ਨਾ ਆਵੇ, ਪਰ ਥੋੜ੍ਹਾ ਗਹੁ ਨਾਲ ਆਪਣੇ ਆਲੇ-ਦੁਆਲੇ ਤੱਕਿਆਂ ਹੀ ਇਹ ਮਹਿਸੂਸ ਹੋਣ ਲੱਗ ਪੈਂਦਾ ਹੈ।

ਇਹ ਕਿਵੇਂ ਹੋ ਸਕਦਾ ਹੈ?

ਵਿਗਿਆਨ ਦਾ ਯੁੱਗ ਤਾਂ ਅੰਧ-ਵਿਸ਼ਵਾਸਾਂ ਦੀ ਮੌਤ ਦਾ ਸਬੱਬ ਬਣਨਾ ਚਾਹੀਦਾ ਹੈ, ਪਰ ਇੱਥੇ ਸਭ ਕੁਝ ਹੀ ਉਲਟਾ ਹੋ ਰਿਹਾ ਹੈ। ਜਿੱਥੇ-ਜਿੱਥੇ ਵਿਗਿਆਨ ਨਵੀਆਂ ਸਿਖਰਾਂ ਛੂਹ ਰਿਹਾ ਹੈ, ਨਵੀਂ ਤੋਂ ਨਵੀਂ ਤਕਨੀਕ ਤਰੱਕੀ ਦੇ ਅਸੀਮ ਰਸਤੇ ਖੋਲ੍ਹ ਰਹੀ ਹੈ, ਮਨੁੱਖ ਚੰਨ ਦੇ ਨਾਲ-ਨਾਲ ਮੰਗਲ ਉਤੇ ਵੀ ਘਰ ਵਸਾਉਣ ਦੇ ਸੁਪਨੇ ਨੂੰ ਅਮਲੀ ਜਾਮਾ ਪਹਿਨਾਉਣ ਦੇ ਯਤਨ ਕਰ ਰਿਹਾ ਹੈ, ਉੱਥੇ-ਉੱਥੇ ਸਾਡੇ ਡਰਾਂ ਅੱਗੇ ਅੰਧ-ਵਿਸ਼ਵਾਸਾਂ ਦੀ ਦਸਤਕ ਵੀ ਤੇਜ਼ ਹੁੰਦੀ ਜਾ ਰਹੀ ਹੈ। ਬੜਾ ਅਜੀਬ ਅਤੇ ਹੈਰਾਨ ਕਰਨ ਵਾਲਾ ਵਰਤਾਰਾ ਹੈ ਇਹ। ਇਸ ਵਰਤਾਰੇ ਨੂੰ ਸਮਝਣ ਲਈ ਥੋੜ੍ਹਾ ਪਿੱਛੇ ਮੁੜ ਕੇ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਤਕਨੀਕ ਨੇ ਸਾਡੀ ਜ਼ਿੰਦਗੀ ਨੂੰ ਸੌਖਾ ਬਣਾਇਆ ਹੈ, ਪਰ ਉਸੇ ਤਕਨੀਕ ਨੂੰ ਵਰਤ ਕੇ ਅੰਧ-ਵਿਸ਼ਵਾਸਾਂ ਨੂੰ ਨਵਾਂ ਜੀਵਨ ਮਿਲ ਰਿਹਾ ਹੈ। ਪਹਿਲਾਂ ਜਿੱਥੇ ਲੋਕ ਪਿੰਡਾਂ ਵਿੱਚ ਬੈਠੇ ਬਾਬਿਆਂ ਕੋਲ ਜਾਂਦੇ ਸਨ, ਹੁਣ ਉਹੀ ਬਾਬੇ ਮੋਬਾਇਲ ਅੱਗੇ ਆ ਗਏ ਹਨ। ਇਹ ਬਦਲਾਅ ਸਿਰਫ਼ ਰੂਪ ਵਿੱਚ ਨਹੀਂ, ਗਤੀ ਵਿੱਚ ਵੀ ਹੈ- ਪਹਿਲਾਂ ਇੱਕ ਚਿੱਠੀ ਨੂੰ ਪਹੁੰਚਣ ਵਿੱਚ ਕਈ ਕਈ ਦਿਨ ਲੱਗਦੇ ਸਨ, ਹੁਣ ਇੱਕ ਕਲਿੱਕ ਨਾਲ ਲੱਖਾਂ ਲੋਕਾਂ ਤੱਕ ਪਹੁੰਚ ਜਾਂਦੀ ਹੈ।

ਦਰਅਸਲ, ਇਹ ਗੱਲਾਂ ਕਰਨ ਦਾ ਸਬੱਬ ਬਣਿਆ ਹੈ ਮੇਰੇ ਮੋਬਾਇਲ ਫ਼ੋਨ ਅੱਗੇ ਆਇਆ ਇੱਕ ਵ੍ਹੱਟਸਐਪ ਮੈਸੇਜ। ਇਹ ਮੈਸੇਜ ਤੁਸੀਂ ਵੀ ਪੜ੍ਹੋ-

'ਜੈ ਭੋਲੇ ਨਾਥ। ਭੋਲੇ ਨਾਥ- ਸਭ ਕੇ ਸਾਥ। ਇਹ ਮੈਸੇਜ ਹੁਣੇ ਆਪਣੇ 20 ਦੋਸਤਾਂ ਨੂੰ ਕਰੋ ਤਾਂ ਸਿਰਫ਼ 7 ਘੰਟਿਆਂ ਵਿੱਚ ਤੁਹਾਨੂੰ ਅਪਾਰ ਖ਼ੁਸ਼ੀਆਂ ਦਾ ਭੰਡਾਰ ਮਿਲੇਗਾ। ਤੁਹਾਡੀ ਹਰ ਇੱਛਾ ਪੂਰੀ ਹੋਵੇਗੀ, ਪਰ ਜੇ ਤੁਸੀਂ ਇਹ ਮੈਸੇਜ ਨਹੀਂ ਭੇਜੋਗੇ ਤਾਂ ਅਗਲੇ 7 ਸਾਲ ਤੁਹਾਡੇ ਬੁਰੇ ਲੰਘਣਗੇ। -ਜੈ ਭੋਲੇ ਨਾਥ।'

ਇਹ ਮੈਸੇਜ ਪੜ੍ਹ ਕੇ ਬਹੁਤ ਸਾਰੇ ਪਾਠਕਾਂ ਨੂੰ ਯਾਦ ਆਏ ਹੋਣਗੇ ਉਹ ਪੋਸਟ ਕਾਰਡ ਜਿਹੜੇ ਅਕਸਰ ਹੀ ਡਾਕੀਆ ਘਰਾਂ ਵਿੱਚ ਦੇ ਜਾਂਦਾ ਸੀ। ਲਗਭਗ ਇਸੇ ਇਬਾਰਤ ਵਾਲੇ ਕਾਰਡਾਂ ਵਿੱਚ 'ਜੈ ਭੋਲੇ ਨਾਥ', 'ਜੈ ਸੰਤੋਸ਼ੀ ਮਾਤਾ' ਅਤੇ 'ਜੈ ਹਨੂਮਾਨ' ਤੋਂ ਗੱਲ ਸ਼ੁਰੂ ਕਰ ਕੇ ਇਸੇ ਤਰ੍ਹਾਂ ਅੱਗੇ ਆਪਣੇ ਰਿਸ਼ਤੇਦਾਰਾਂ ਅਤੇ ਸਬੰਧੀਆਂ ਨੂੰ ਚਿੱਠੀਆਂ ਲਿਖਣ ਦੀ ਸਖ਼ਤ ਹਦਾਇਤ ਕੀਤੀ ਹੁੰਦੀ ਸੀ। ਉਸ ਸਮੇਂ ਲੋਕ ਡਰ ਕੇ ਉਹ ਕਾਰਡ ਅੱਗੇ ਭੇਜਦੇ ਸਨ, ਪਰ ਹੁਣ ਮੋਬਾਇਲ ਨੇ ਇਸ ਨੂੰ ਤੇਜ਼ ਕਰ ਦਿੱਤਾ ਹੈ- ਇੱਕ ਸੈਕਿੰਡ ਵਿੱਚ ਲੱਖਾਂ ਲੋਕਾਂ ਤੱਕ ਪਹੁੰਚ ਅਤੇ ਡਰ ਵੀ ਵਧ ਗਿਆ ਹੈ, ਕਿਉਂਕਿ ਹਰ ਕੋਈ ਆਪਣੇ ਫ਼ੋਨ ਵਿੱਚ ਵੇਖ ਰਿਹਾ ਹੈ। ਇਹੀ ਹੈ ਅੰਧ-ਵਿਸ਼ਵਾਸ ਦਾ ਤਕਨੀਕ ਦੀ ਘਨੇੜੀ ਚੜ੍ਹਨਾ। ਇਹੀ ਹੈ ਸ਼ਰਧਾ ਦਾ ਸੋਸ਼ਣ; ਪਰ ਦੇਖਣ ਵਾਲੀ ਗੱਲ ਇਹ ਹੈ ਕਿ ਸ਼ਰਧਾ ਦਾ ਸੋਸ਼ਣ ਕਰ ਕੌਣ ਰਿਹਾ ਹੈ?

ਦਰਅਸਲ ਮੋਬਾਇਲ ਕੰਪਨੀਆਂ ਸਾਡੀ ਹਰ ਉਸ ਕਮਜ਼ੋਰੀ ਦੀ ਪਛਾਣ ਕਰਨ ਦੇ ਉਚੇਚੇ ਯਤਨ ਕਰਦੀਆਂ ਹਨ, ਜੋ ਉਨ੍ਹਾਂ ਦੀਆਂ ਤਿਜੌਰੀਆਂ ਭਰਨ ਵਿੱਚ ਸਹਾਈ ਸਿੱਧ ਹੁੰਦੀ ਹੈ। ਉਹ ਡਾਟਾ ਵਿਸ਼ਲੇਸ਼ਣ ਕਰਦੀਆਂ ਹਨ, ਵੇਖਦੀਆਂ ਹਨ ਕਿ ਕਿਹੜੇ ਸਮੇਂ ਲੋਕ ਕਿਹੜੇ ਮੈਸੇਜ ਅੱਗੇ ਭੇਜਦੇ ਹਨ ਅਤੇ ਉਸੇ ਅਨੁਸਾਰ ਨਵੇਂ ਮੈਸੇਜ ਬਣਾਉਂਦੀਆਂ ਹਨ। ਸ਼ਰਧਾ ਭਾਰਤੀ ਸਮਾਜ ਦੇ ਮੂਲ ਵਿੱਚ ਬੈਠੀ ਹੈ। ਭਾਰਤ ਵਿੱਚ ਆ ਰਹੇ ਹਰ ਬਹੁ ਕੌਮੀ ਲੁਟੇਰੇ ਅਤੇ ਘਰੇਲੂ ਵਪਾਰੀ ਵੀ ਚੰਗੀ ਤਰ੍ਹਾਂ ਇਹ ਗੱਲ ਜਾਣਦੇ ਹਨ ਕਿ ਭਾਰਤੀਆਂ ਦੇ ਬੋਝੇ ਖਾਲੀ ਕਰਵਾਉਣ ਦਾ ਸਭ ਤੋਂ ਆਸਾਨ ਤਰੀਕਾ ਇਨ੍ਹਾਂ ਦੇ ਵੱਖ-ਵੱਖ 'ਈਸ਼ਵਰਾਂ' ਰਾਹੀਂ ਇਨ੍ਹਾਂ ਨੂੰ ਸੰਬੋਧਨ ਹੋਣਾ ਹੈ। ਐੱਸ.ਐੱਮ.ਐੱਸ. ਜਾਂ ਵ੍ਹੱਟਸਐਪ ਮੈਸੇਜ ਤਾਂ ਇੱਕ ਛੋਟੀ ਜਿਹੀ ਮਿਸਾਲ ਹੈ। ਬੜਾ ਵਿਸ਼ਾਲ ਨੈਟਵਰਕ ਹੈ ਅੰਧ-ਵਿਸ਼ਵਾਸ ਦੇ ਕਾਰੋਬਾਰ ਦਾ। ਹਰ ਨਵੀਂ ਤਕਨੀਕ ਨੂੰ ਅੰਧ-ਵਿਸ਼ਵਾਸਾਂ ਦਾ ਹਨੇਰਾ ਵਧਾਉਣ ਵਿੱਚ ਵਰਤਿਆ ਜਾਣ ਲੱਗਾ ਹੈ। ਅੱਜ ਕੱਲ ਜੋਤਿਸ਼ ਕੇਵਲ ਹੱਥਾਂ ਦੀਆਂ ਰੇਖਾਵਾਂ ਤੱਕ ਹੀ ਸੀਮਤ ਨਹੀਂ ਰਹਿ ਗਿਆ, ਜੋਤਿਸ਼ ਦਾ ਕਾਰੋਬਾਰ ਕੰਪਿਊਟਰ ਦੇ ਆਸਰੇ 'ਨਵੀਆਂ ਮੰਜ਼ਲਾਂ' ਛੂਹ ਰਿਹਾ ਹੈ। ਜਨਮ-ਕੁੰਡਲੀਆਂ ਹੁਣ ਕੰਪਿਊਟਰ ਤਿਆਰ ਕਰਦਾ ਹੈ ਅਤੇ ਐਪਸ ਰਾਹੀਂ ਸੈਕਿੰਡਾਂ ਵਿੱਚ ਭਵਿੱਖ ਦੱਸਿਆ ਜਾਂਦਾ ਹੈ। ਮੋਬਾਇਲ ਫ਼ੋਨ ਸਿਰਫ਼ ਸੁਖ-ਸੁਨੇਹੇ ਲਈ ਹੀ ਨਹੀਂ ਹਨ, ਤੁਸੀਂ ਮੋਬਾਇਲ ਰਾਹੀਂ ਆਪਣਾ 'ਭਵਿੱਖ' ਜਾਣ ਸਕਦੇ ਹੋ- ਹਾਰੋਸਕੋਪ ਐਪਸ, ਰਾਸ਼ੀਫਲ ਵਾਲੇ ਮੈਸੇਜ- ਸਭ ਕੁਝ ਪੈਸੇ ਕਮਾਉਣ ਲਈ। ਵੱਖ-ਵੱਖ ਟੀ.ਵੀ. ਚੈਨਲਾਂ ਅੱਗੇ ਚਲਦੇ ਘੋਰ ਅੰਧ-ਵਿਸ਼ਵਾਸੀ ਸੀਰੀਅਲਾਂ ਨੇ ਤਕਨੀਕ ਦੀ ਵਰਤੋਂ/ਦੁਰਵਰਤੋਂ ਅੱਗੇ ਸਵਾਲ ਖੜੇ ਕਰ ਦਿੱਤੇ ਹਨ।

ਇੱਕ ਰਿਪੋਰਟ ਮੁਤਾਬਕ ਕੰਪਿਊਟਰ ਨਾਲ ਸਿਰਫ਼ ਜਨਮ-ਕੁੰਡਲੀ ਬਣਾਉਣ ਦਾ ਕਾਰੋਬਾਰ ਹੀ 5000 ਕਰੋੜ ਰੁਪਏ ਤੋਂ ਵੱਧ ਗਿਆ ਹੈ। ਇਸ ਰਿਪੋਰਟ ਮੁਤਾਬਕ ਹੀ ਇਸ ਵੇਲੇ ਸਾਡੇ ਮੁਲਕ ਵਿੱਚ ਲੱਗਭਗ 10 ਲੱਖ ਜੋਤਿਸ਼ੀ ਹਨ, ਜਿਨ੍ਹਾਂ ਦੀ ਆਮਦਨੀ 50 ਹਜ਼ਾਰ ਰੁਪਏ ਤੋਂ ਲੈ ਕੇ 10 ਲੱਖ ਰੁਪਏ ਪ੍ਰਤੀ ਮਹੀਨਾ ਤੱਕ ਹੈ। ਇਨ੍ਹਾਂ ਤੋਂ ਇਲਾਵਾ ਲੱਖਾਂ ਹੋਰ ਛੋਟੇ-ਮੋਟੇ ਜੋਤਿਸ਼ੀ ਹਨ, ਜੋ ਪਿੰਡਾਂ/ਕਸਬਿਆਂ ਵਿੱਚ ਤੁਰੇ ਫਿਰਦੇ ਹਨ, ਜਿਨ੍ਹਾਂ ਦਾ ਕੋਈ ਰਿਕਾਰਡ ਨਹੀਂ। ਇਹ ਅੰਕੜੇ ਸਿਰਫ਼ ਅਧਿਕਾਰਤ ਹਨ, ਅਸਲ ਵਿੱਚ ਇਹ ਕਾਰੋਬਾਰ ਕਿਤੇ ਵੱਡਾ ਹੈ।

ਵੱਡੀ ਹੈਰਾਨੀ ਅਤੇ ਚਿੰਤਾ ਵਾਲੀ ਗੱਲ ਇਹ ਵੀ ਹੈ ਕਿ ਜੇਕਰ ਅੰਧ-ਵਿਸ਼ਵਾਸ ਦਾ ਕਾਰੋਬਾਰ ਨਵੀਆਂ ਤਕਨੀਕਾਂ ਰਾਹੀਂ ਚੱਲ ਰਿਹਾ ਹੈ, ਤਾਂ ਇਸਨੂੰ ਚਲਾਉਣ ਵਾਲੇ ਲਾਜ਼ਮੀ ਤੌਰ 'ਤੇ ਪੜ੍ਹੇ-ਲਿਖੇ ਲੋਕ ਹੀ ਹੋਣਗੇ। ਉਹ ਸਾਫਟਵੇਅਰ ਬਣਾਉਂਦੇ ਹਨ, ਐਪਸ ਡਿਜ਼ਾਈਨ ਕਰਦੇ ਹਨ, ਮਾਰਕੀਟਿੰਗ ਕਰਦੇ ਹਨ। ਦਰਅਸਲ ਇੱਥੇ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਪੜ੍ਹੇ-ਲਿਖੇ ਹੋਣਾ ਅਤੇ ਚੇਤੰਨ ਹੋ ਕੇ ਆਪਣੇ ਆਲੇ-ਦੁਆਲੇ ਨੂੰ ਅੰਧ-ਵਿਸ਼ਵਾਸਾਂ ਤੋਂ ਮੁਕਤ ਕਰਵਾਉਣ ਦੀ ਕੋਸ਼ਿਸ਼ ਵਿੱਚ ਜੁਟਣਾ, ਦੋ ਵੱਖੋ-ਵੱਖਰੀਆਂ ਗੱਲਾਂ ਹਨ। ਬਹੁਤ ਸਾਰੇ ਇੰਜੀਨੀਅਰ, ਡਾਕਟਰ, ਪ੍ਰੋਫੈਸਰ ਵੀ ਆਪਣੀ ਜ਼ਿੰਦਗੀ ਵਿੱਚ ਅੰਧ-ਵਿਸ਼ਵਾਸਾਂ ਵਿੱਚ ਫਸੇ ਹੋਏ ਹਨ- ਉਹ ਜੋਤਿਸ਼ੀ ਕੋਲ ਜਾਂਦੇ ਹਨ, ਰਤਨ/ਨਗ ਪਹਿਨਦੇ ਹਨ। ਇਸ ਤਰ੍ਹਾਂ ਇਹ ਪੜ੍ਹੇ-ਲਿਖੇ ਲੋਕ ਵੀ ਤਕਨੀਕ ਨਾਲ ਅੰਧ-ਵਿਸ਼ਵਾਸ ਫੈਲਾਉਣ ਵਿੱਚ ਮਦਦ ਕਰ ਰਹੇ ਹਨ।



***ਜਿਹੜੇ ਐੱਸ.ਐੱਮ.ਐੱਸ. ਜਾਂ ਵ੍ਹੱਟਸਐਪ ਮੈਸੇਜ ਤੁਹਾਨੂੰ ਆਉਂਦੇ ਹਨ, ਕਿਤੇ ਇਹ ਨਾ ਸਮਝ ਲੈਣਾ ਕਿ ਖ਼ਬਰੇ ਇਹ ਤੁਹਾਡੇ ਕਿਸੇ ਮਿੱਤਰ/ਬੇਲੀ ਦੇ ਦਿਮਾਗ ਦੀ ਉਪਜ ਹਨ; ਇਹਦੇ ਪਿੱਛੇ ਹਿਲਦੀ ਤਾਰ ਨੂੰ ਪਛਾਣਨ ਦੀ ਲੋੜ ਹੈ। ਇਹ ਤਾਰ ਕੰਪਨੀਆਂ ਦੀਆਂ ਮਾਰਕੀਟਿੰਗ ਟੀਮਾਂ ਤੱਕ ਜਾਂਦੀ ਹੈ, ਜੋ ਡਾਟਾ ਵੇਖ ਕੇ ਅਜਿਹੇ ਮੈਸੇਜ ਬਣਾਉਂਦੀਆਂ ਹਨ। ...ਗਾਹਕ ਸੁਆਦ-ਸੁਆਦ ਵਿੱਚ ਹੀ ਠੱਗਿਆ ਜਾਂਦਾ ਹੈ***

**■ ਜ਼ਰਾ ਬਚ ਕੇ...: ਜਿਸ ਤਰ੍ਹਾਂ ਤਸਵੀਰ ਵਿੱਚ ਇੱਕ ਕੀਟ ਪੱਤੇ ਨੂੰ ਖਾ ਗਿਆ, ਉਸੇ ਤਰ੍ਹਾਂ ਅੰਧ-ਵਿਸ਼ਵਾਸ ਤੁਹਾਡੀ ਤਰਕਸ਼ੀਲ ਸੋਚ ਨੂੰ ਨਿਗਲ ਜਾਵੇਗਾ...।**

ਆਪਣੇ ਪੰਜਾਬ ਦੀ ਗੱਲ ਕਰਨੀ ਹੋਵੇ ਤਾਂ ਇਥੇ ਵੀ ਅੰਧ-ਵਿਸ਼ਵਾਸਾਂ ਦੇ ਖ਼ੂਬ ਝੱਖੜ ਝੁੱਲ ਰਹੇ ਹਨ। ਪਿਛੇ ਜਿਹੇ ਪੰਜਾਬ ਵਿੱਚ ਉੱਠੀ ਤਰਕਸ਼ੀਲ ਲਹਿਰ ਨੇ ਅੰਧ-ਵਿਸ਼ਵਾਸਾਂ ਦੀ ਇਸ ਹਨੇਰੀ ਨੂੰ ਠੱਲ੍ਹਣ ਲਈ ਇੱਕ ਬੱਝਵੀਂ ਕੋਸ਼ਿਸ਼ ਕੀਤੀ ਸੀ, ਪਰ ਇਸਦੀ ਲਗਾਤਾਰਤਾ ਕਾਇਮ ਨਹੀਂ ਰਹਿ ਸਕੀ। ਉਸ ਲਹਿਰ ਨੇ ਲੋਕਾਂ ਨੂੰ ਜਾਗਰੂਕ ਕੀਤਾ, ਪਰ ਅੱਜ ਫਿਰ ਉਹੀ ਬਾਬੇ, ਉਹੀ ਝਾੜ-ਫੂਕ, ਉਹੀ ਤੰਤਰ-ਮੰਤਰ। ਪੰਜਾਬ ਦੇ ਨਾਲ-ਨਾਲ ਸਾਡੇ ਸਾਰੇ ਮੁਲਕ ਨੂੰ ਇਸ ਵਕਤ ਇੱਕ ਮਜ਼ਬੂਤ ਤਰਕਸ਼ੀਲ ਲਹਿਰ ਦੀ ਲੋੜ ਹੈ। ਸਾਡੇ ਲੋਕਾਂ ਦੀ ਆਸਥਾ ਨੂੰ ਮੁਨਾਫ਼ਾਖੋਰ ਕੰਪਨੀਆਂ ਨੇ ਨਿਸ਼ਾਨਾ ਬਣਾ ਲਿਆ ਹੈ। ਇਨ੍ਹਾਂ ਕੰਪਨੀਆਂ ਨੇ ਸ਼ਰਧਾ ਨੂੰ ਮੁਨਾਫ਼ੇ ਵਿੱਚ ਤਬਦੀਲ ਕਰਨ ਦੀਆਂ ਜੁਗਤਾਂ ਲੱਭਣ ਲਈ ਹੀ ਵਿਸ਼ੇਸ਼ ਭਰਤੀਆਂ ਕੀਤੀਆਂ ਹੋਈਆਂ ਹਨ। ਇਨ੍ਹਾਂ ਦੇ ਇਹ 'ਵਿਸ਼ੇਸ਼ ਕਰਮਚਾਰੀ' ਸਿਰਫ਼ ਇਹ ਹੀ ਸੋਚਦੇ ਰਹਿੰਦੇ ਹਨ ਕਿ ਭਾਰਤੀ ਜਨ-ਮਾਨਸ ਵਿੱਚ ਵਸੇ 'ਰੱਬ' ਨੂੰ ਕੰਪਨੀ ਦੇ ਮੁਨਾਫ਼ੇ ਲਈ ਕਿਵੇਂ ਵਰਤਣਾ ਹੈ। ਮੋਬਾਇਲ ਕੰਪਨੀਆਂ ਨੇ ਬਾਕਾਇਦਾ ਲਤੀਫ਼ੇਬਾਜ਼ਾਂ ਦੀ ਭਰਤੀ ਕੀਤੀ ਹੋਈ ਹੈ। ਉਹ ਹਰ ਪਲ ਬੈਠੇ ਨਵੇਂ-ਨਵੇਂ ਅਤੇ ਕਈ ਵੇਰ ਬਹੁਤ ਹੀ ਘਟੀਆ ਲਤੀਫ਼ੇ ਘੜਦੇ ਰਹਿੰਦੇ ਹਨ ਤੇ ਆਪਣੇ ਗਾਹਕਾਂ ਨੂੰ ਭੇਜਦੇ ਰਹਿੰਦੇ ਹਨ। ਅਜਿਹੇ 'ਮੋਬਾਇਲ ਨਸ਼ਈ' ਇਨ੍ਹਾਂ ਲਤੀਫ਼ਿਆਂ ਨੂੰ ਆਪਣੇ ਜਾਣ-ਪਛਾਣ ਵਾਲਿਆਂ ਨੂੰ ਭੇਜਦੇ ਹਨ। ਇਸ ਤਰ੍ਹਾਂ ਇੱਕ ਪੂਰਾ ਸਾਈਕਲ ਚੱਲਦਾ ਹੈ ਤੇ ਗਾਹਕਾਂ ਦੇ ਮੋਬਾਇਲ ਬਿਲਾਂ ਵਿੱਚ ਲਗਾਤਾਰ ਵਾਧਾ ਹੁੰਦਾ ਜਾਂਦਾ ਹੈ। ਗਾਹਕ ਸੁਆਦ-ਸੁਆਦ ਵਿੱਚ ਹੀ ਠੱਗਿਆ ਜਾਂਦਾ ਹੈ। ਬਿਲਕੁਲ ਇਸੇ ਤਰ੍ਹਾਂ ਸ਼ਰਧਾਵਾਨ ਵਿਅਕਤੀਆਂ ਦਾ ਸੋਸ਼ਣ ਹੁੰਦਾ ਹੈ। ਜਿਹੜੇ ਐੱਸ.ਐੱਮ.ਐੱਸ. ਜਾਂ ਵ੍ਹੱਟਸਐਪ ਮੈਸੇਜ ਤੁਹਾਨੂੰ ਆਉਂਦੇ ਹਨ, ਕਿਤੇ ਇਹ ਨਾ ਸਮਝ ਲੈਣਾ ਕਿ ਖ਼ਬਰੇ ਇਹ ਤੁਹਾਡੇ ਕਿਸੇ ਮਿੱਤਰ/ਬੇਲੀ ਦੇ ਦਿਮਾਗ ਦੀ ਉਪਜ ਹਨ; ਇਹਦੇ ਪਿੱਛੇ ਹਿਲਦੀ ਤਾਰ ਨੂੰ ਪਛਾਣਨ ਦੀ ਲੋੜ ਹੈ। ਇਹ ਤਾਰ ਕੰਪਨੀਆਂ ਦੀਆਂ ਮਾਰਕੀਟਿੰਗ ਟੀਮਾਂ ਤੱਕ ਜਾਂਦੀ ਹੈ, ਜੋ ਡਾਟਾ ਵੇਖ ਕੇ ਅਜਿਹੇ ਮੈਸੇਜ ਬਣਾਉਂਦੀਆਂ ਹਨ। ਮੈਨੂੰ 'ਜੈ ਭੋਲੇ ਨਾਥ' ਮੈਸੇਜ ਕਰਨ ਵਾਲੇ ਨੇ ਹੁਕਮ ਲਾਇਆ ਸੀ ਕਿ ਇਹ ਅਗਾਂਹ 20 ਜਣਿਆਂ ਨੂੰ ਕਰੋ, ਪਰ ਮੈਂ ਤੁਹਾਨੂੰ ਬਿਲਕੁਲ ਨਹੀਂ ਕਹਿਣਾ ਕਿ ਇਹ ਲੇਖ ਆਪਣੇ ਦੋਸਤਾਂ-ਮਿਤਰਾਂ ਨੂੰ ਪੜ੍ਹਾਓ। ਬਲਕਿ ਇਸ ਨੂੰ ਪੜ੍ਹ ਕੇ ਸੋਚੋ ਅਤੇ ਅਗਲੀ ਵਾਰ ਅਜਿਹਾ ਮੈਸੇਜ ਆਵੇ ਤਾਂ ਡਿਲੀਟ ਕਰੋ।

ਉਸਤਾਦ ਗ਼ਜ਼ਲਗੋ ਸੁਲੱਖਣ ਸਰਹੱਦੀ ਦਾ ਇੱਕ ਸ਼ਿਅਰ ਮੁਲਾਹਜ਼ਾ ਫਰਮਾਓ,

'ਸ਼ਹਿਰ ਮੇਰੇ 'ਚ ਹਵਾ 'ਤੇ ਚੜ੍ਹ ਕੇ ਇਹ ਕਿਹੜਾ ਦਿਓ ਆਇਆ ਹੈ?

ਨਵੀਂ ਸਵੇਰ ਦੇ ਮੱਥੇ ਅੱਗੇ ਜੋ ਕਾਲਖ ਲਾਉਣਾ ਚਾਹੁੰਦਾ ਹੈ।'

# ਪੰਜਾਬੀ ਬੋਲੀ ਬਚ ਸਕਦੀ ਏ

ਇਸ ਬਾਗੇ ਦੀਆਂ ਸਭੇ ਚਿੜੀਆਂ-ਚਿੜੇ ਉਹਦੇ ਕੋਲ਼ ਆ ਬੈਠੇ ਤੇ ਗਾਉਣ ਸੁਣ ਕੇ ਹੱਸਣ ਲੱਗ ਪਏ, ਪਰ ਕੁੱਝ ਬੋਲੇ ਨਾ। ਚਿੜੀ ਤੇ ਉਹਦੇ ਬਾਲ ਹੋਰ ਵੀ ਹੈਰਾਨ ਹੋਏ ਕਿ ਇਹ ਕਿਹੋ ਜਿਹਾ ਬਾਗ ਏ ਤੇ ਕਿਹੋ ਜਿਹੇ ਚਿੜੀਆਂ-ਚਿੜੇ ਨੇਂ ਜਿੱਥੇ ਗਾਉਣ ਸਮਝ ਆਉਂਦਾ ਏ ਪਰ ਆਪਣੀ ਬੋਲੀ ਨਈਂ।

ਕੋਲ਼ ਈ ਰੁਖ ਉਤੇ ਇੱਕ ਕਾਂ ਬੈਠਾ ਸਭ ਨਜ਼ਾਰਾ ਤੱਕ ਰਿਹਾ ਸੀ।

ਹੱਸ ਕੇ ਆਖਣ ਲੱਗਾ, "ਨਵੇਂ ਲਗਦੇ ਓ। ਕਿੱਥੋਂ ਆਏ ਓ? ਏਸ ਉਚੇਚੇ ਬਾਗੇ ਦੀਆਂ ਚਿੜੀਆਂ-ਚਿੜੇ ਬਹੁਤ ਅੱਗੇ ਨਿਕਲ ਚੁੱਕੇ ਨੇਂ, ਇਨ੍ਹਾਂ ਨਵੀਆਂ ਨਿਵੇਕਲੀਆਂ ਬੋਲੀਆਂ ਸਿੱਖ ਲਈਆਂ ਨੇਂ, ਇਨ੍ਹਾਂ ਦੀ ਬੋਲੀ ਇਨ੍ਹਾਂ ਨੂੰ ਰੋਟੀ ਨਹੀਂ ਦਿੰਦੀ, ਏਸ ਲਈ ਇਨ੍ਹਾਂ ਨੂੰ ਆਪਣੀ ਬੋਲੀ ਦੀ ਕੋਈ ਲੋੜ ਨਈਂ, ਤੁਸੀਂ ਖ਼ੁਦ ਵੇਖ ਸਕਦੇ ਓ ਕਿ ਏਸ ਰੰਗੀਨ ਬਾਗੇ ਅੰਦਰ ਹਰ ਸ਼ੈ ਨਵੀਂ ਨਕੋਰ, ਲਿਸ਼ਕਦੀ ਤੇ ਅਨੋਖੀ ਏ। ਹੋਰ ਤੇ ਹੋਰ ਇੱਥੇ ਆਲ੍ਹਣੇ ਵੀ ਸ਼ੀਸ਼ੇ ਦੇ ਬਣਾਏ ਜਾਂਦੇ ਨੇਂ, ਜਿਨ੍ਹਾਂ ਵਿੱਚੋਂ ਅੰਦਰ ਬਾਹਰ ਵੇਖਿਆ ਤੇ ਜਾ ਸਕਦਾ ਏ ਪਰ ਸੁਣਿਆ ਨਹੀਂ। ਇੱਕ ਹੋਰ ਅਨੋਖੀ ਗੱਲ ਇਹ ਵੇ ਕਿ ਹੁਣ ਚਿੜੇ-ਚਿੜੀਆਂ ਨੂੰ ਉਡਣ ਦੀ ਆਦਤ ਵੀ ਨਈਂ ਰਹੀ। ਉਡਣ ਦੀ ਲੋੜ ਵੀ ਕੀ ਏ ਜਦੋਂ ਉਡਣ ਦੀ ਮਸ਼ਕ ਲਈ ਮਸ਼ੀਨਾਂ ਲੱਗੀਆਂ ਨੇਂ। ਇਹ ਔਖਰੇ ਚਿੜੀਆਂ-ਚਿੜੇ ਤੇ ਹੁਣ ਖਿਚੜੀ ਵੀ ਨਈਂ ਪਕਾਉਂਦੇ ਕਿਉਂ ਜੇ ਖਾਣ ਦੀ ਹਰ ਸ਼ੈ ਆਨ ਲਾਈਨ ਈ ਮੰਗਵਾਈ ਜਾ ਸਕਦੀ ਏ। ਇੱਥੇ ਸੱਭੇ ਚਿੜੀਆਂ-ਚਿੜੇ ਅੱਗੇ ਵਧਣ ਲਈ ਦਿਨ ਰਾਤ ਓਵਰਟਾਇਮ ਕਰਦੇ ਨੇ। ਏਸ ਬਾਗੇ ਦੇ ਸਿਸਟਮ ਵਿੱਚ ਇਨ੍ਹਾਂ ਪੰਖੂਆਂ ਨੂੰ ਇਹ ਯਕੀਨ ਕਰਾ ਦਿੱਤਾ ਗਿਆ ਏ ਕਿ ਜੇ ਉਹ ਮਸ਼ੀਨ ਦੀ ਤਰ੍ਹਾਂ ਗੋਲ ਗੋਲ ਘੁੰਮਦੇ ਆਪਣੇ ਕੰਮੀਂ ਲੱਗੇ ਰਹਿਣਗੇ ਤੇ ਉਹ ਦਿਨ ਦੂਰ ਨਹੀਂ ਜਦੋਂ ਇਨ੍ਹਾਂ ਦੇ ਵਿਹੜੇ ਇੱਕ ਦਿਨ ਇਹੋ ਜਿਹਾ ਬੂਟਾ ਉਗ ਆਏਗਾ, ਜੀਹਦੇ ਉਤੇ ਫਲਾਂ ਦੀ ਥਾਂ ਨੋਟ ਉਗਿਆ ਕਰਨਗੇ। ਆਪਣੀ ਬੋਲੀ ਵਿਰਸਾ ਕਿਸ ਨੂੰ ਯਾਦ ਆਏਗਾ? ਇਨ੍ਹਾਂ ਪੰਖੂਆਂ ਨੂੰ ਤੇ ਸੋਚਣ ਲਈ ਸਿਰ ਖੁਰਕਣ ਦੀ ਵਿਹਲ ਵੀ ਨਹੀਂ।"

ਕਾਂ ਨੇ ਚਿੜੀ ਨੂੰ ਟਿਚਕਰਾਂ ਕਰਦਿਆਂ ਆਖਿਆ, "ਵੈਸੇ ਚਾਹੋ ਤੇ ਤੁਸੀਂ ਵੀ ਏਥੇ ਈ ਟਿਕ ਜਾਓ। ਤੁਹਾਡਾ ਵੀ ਸ਼ੀਸ਼ੇ ਦਾ ਆਲ੍ਹਣਾ ਪਾ ਦੇਵਾਂਗੇ। ਬੱਸ ਕੁੱਝ ਅਰਜ਼ੀਆਂ ਲਿਖਣੀਆਂ ਪੈਣਗੀਆਂ ਤੇ ਕਰਜਾ ਮੈਂ ਆਪੇ ਮਨਜ਼ੂਰ ਕਰਵਾ ਦਿਆਂਗਾ, ਮੇਰੇ ਤੇ ਉੱਤੇ ਤਕ ਤਾਲੁਕਾਤ ਨੇਂ।"

ਚਿੜੀ ਨੇ ਸਿਰ ਹਿਲਾ ਹਿਲਾ "ਆਹੋ ਭਾ ਜੀ, ਅੱਛਾ ਭਾ ਜੀ" ਕਹਿ ਕੇ ਕਾਂ ਤੋਂ ਬੜੀ ਮੁਸ਼ਕਿਲ ਨਾਲ਼ ਜਾਨ ਛੁਡਾਈ, ਪਰ ਸਮਝ ਗਈ ਕਿ ਇਹ ਬਾਗ ਰੰਗੀਨ ਨਜ਼ਰੀ ਆਉਂਦਾ ਏ, ਪਰ ਏਥੇ ਵੀ ਕਾਵਾਂ ਦਾ ਈ ਕਾਲਾ ਰਾਜ ਏ। ਇੱਥੇ ਉਹਦੀ ਕੋਈ ਵਾਹ ਨਈਂ ਚੱਲਣੀ। ਇਹ ਸੋਚ ਕੇ ਉਡੀ ਤੇ ਬਾਲਾਂ ਨੂੰ ਆਪਣੇ ਆਲ੍ਹਣੇ ਵਿੱਚ ਲੈ ਗਈ, ਜਿਥੇ ਕੋਈ ਵੀ ਸ਼ੈ ਲਿਸ਼ਕਦੀ ਤੇ ਸੁਨੱਖੀ ਨਈਂ ਸੀ, ਪਰ ਉਹਦੀ ਆਪਣੀ ਸੀ। ਉਹਨੂੰ ਆਪਣੇ ਆਸੇ ਪਾਸੇ ਆਪਣਿਆਂ ਦੀ ਨਿੱਘ ਮਹਿਸੂਸ ਹੋਈ, ਜਿਥੇ ਹਰ ਕੋਈ ਇੱਕ ਦੂਜੇ ਦੀ ਬੋਲੀ ਬੋਲਦਾ ਤੇ ਸਮਝਦਾ ਸੀ।

**ਨੁਜ਼ਹਤ ਅੱਬਾਸ ਫ਼ੈਸਲਾਬਾਦ, ਪੰਜਾਬ (ਪਾਕਿਸਤਾਨ) ਤੋਂ ਹਨ ਤੇ ਅੱਜ-ਕੱਲ੍ਹ ਟੋਰਾਂਟੋ (ਕੈਨੇਡਾ) ਵਿੱਚ ਰਹਿੰਦੇ ਹਨ।*

# ਦੋ ਥੰਮ: ਧਰਮ ਅਤੇ ਰਾਜਨੀਤੀ

**ਅਮਰੀਕ ਸਿੰਘ ਮੁਕਤਸਰ**

ਮੈਂ ਆਪਣੀ ਸਾਰੀ ਜ਼ਿੰਦਗੀ ਰਾਜਨੀਤੀ ਵਿੱਚ ਗੁਜ਼ਾਰ ਦਿੱਤੀ, ਪਰ ਪਤਾ ਨਹੀਂ ਮੈਨੂੰ ਕਿਉਂ ਜਾਪਦਾ ਹੈ ਕਿ ਰਾਜਨੀਤੀ ਮੇਰੇ ਵੱਸ ਦਾ ਰੋਗ ਨਹੀਂ ਹੈ। ਸ਼ਾਇਦ ਇਸ ਦਾ ਕਾਰਨ ਇਹ ਵੀ ਹੋ ਸਕਦਾ ਕਿ ਮੈਂ ਬਚਪਨ ਤੋਂ ਹੀ ਆਦਰਸ਼ਵਾਦੀ ਰਿਹਾ ਹਾਂ, ਪਰ ਵੋਟ ਰਾਜਨੀਤੀ ਦਾ ਸਬੰਧ ਹਮੇਸ਼ਾ ਹਕੀਕੀ ਪ੍ਰਸਥਿਤੀਆਂ ਵਿੱਚ ਮੁਕਾਬਲਤਨ ਚੰਗੇ ਦੀ ਚੋਣ ਕਰਨਾ ਹੀ ਹੁੰਦਾ ਹੈ। ਇਹ ਵੱਖਰੀ ਗੱਲ ਹੈ ਕਿ ਚੋਣ ਕਰਨ ਵਾਲਿਆਂ ਕੋਲ ਚੰਗੇ, ਬੁਰੇ ਜਾਂ ਫਿਰ ਘੱਟ ਬੁਰੇ ਦੀ ਪਛਾਣ ਕਰਨ ਦੀ ਸਮਰੱਥਾ ਕਿੰਨੀ ਕੁ ਹੈ। ਸਿੱਖ ਰਾਜਨੀਤੀ ਨਾਲ ਮੇਰਾ ਵਾਸਤਾ ਬਚਪਨ ਤੋਂ ਜੁੜ ਗਿਆ ਸੀ। ਰਾਜਨੀਤੀ ਵਿੱਚ ਮੇਰਾ ਤਜਰਬਾ ਇਹ ਕਹਿੰਦਾ ਹੈ ਕਿ ਜੇ ਹਰੇਕ ਨਹੀਂ ਤਾਂ ਇਸ ਖੇਤਰ ਵਿੱਚ ਸਰਗਰਮੀ ਨਾਲ ਵਿਚਰ ਰਹੇ ਬਹੁਤਾਤ ਲੋਕਾਂ ਵਿੱਚ ਆਗੂ ਬਣਨ ਦੀ ਲਾਲਸਾ ਬੁਰੇ ਦੀ ਹੱਦ ਤੱਕ ਝਲਕਾਰੇ ਮਾਰਦੀ ਅਕਸਰ ਦੇਖੀ ਜਾ ਸਕਦੀ ਹੈ। ਭਾਵੇਂ ਕਿ ਸਵੈ-ਪਛਾਣ ਦੀ ਇੱਛਾ ਮਨੁੱਖੀ ਬਿਰਤੀ ਵਿੱਚ ਮੁੱਢੋਂ-ਕਦੀਮ ਤੋਂ ਭਾਰੂ ਰਹੀ ਹੈ; ਪਰ ਸੋਸ਼ਲ ਮੀਡੀਏ ਦੇ ਇਸ ਯੁੱਗ ਨੇ ਮਨੁੱਖੀ ਬਿਰਤੀ ਵਿਚਲੀ ਇਸ ਸਵੈ-ਪਛਾਣ ਦੀ ਭੁੱਖ ਨੂੰ ਬਹੁਤ ਨਕਾਰਾਤਮਕ ਹੱਦ ਤੱਕ ਵਧਾ ਦਿੱਤਾ ਹੈ। ਪਿਛਲੇ ਕੁੱਝ ਦਹਾਕਿਆਂ ਤੋਂ ਰਾਜਨੀਤੀ, ਧਰਮ, ਸਮਾਜਿਕ ਅਤੇ ਸੱਭਿਆਚਾਰਕ ਖੇਤਰ ਵਿੱਚ ਯੋਗ ਅਤੇ ਸੁਹਿਰਦ ਮਨੁੱਖਾਂ ਨੂੰ ਚੁਣ-ਚੁਣ ਕੇ ਲਾਂਭੇ ਕੀਤਾ ਗਿਆ ਹੈ। ਇੱਥੋਂ ਤੱਕ ਕਿ ਸਾਡੇ ਅਕਾਦਮਿਕ ਅਦਾਰਿਆਂ ਵਿੱਚ ਵੀ ਉਂਗਲਾਂ ਉੱਪਰ ਗਿਣੇ ਜਾਣ ਵਾਲੇ ਯੋਗ ਲੋਕ ਵੀ ਨਹੀਂ ਬਚੇ ਹਨ।

ਧਰਮ ਅਤੇ ਰਾਜਨੀਤੀ ਜ਼ਿੰਦਗੀ ਦੇ ਦੋ ਮਜ਼ਬੂਤ ਥੰਮ ਹਨ- ਧਰਮ ਨੇ ਮਨੁੱਖ ਵਿੱਚ ਨੈਤਿਕਤਾ ਪੈਦਾ ਕਰਨੀ ਹੁੰਦੀ ਹੈ ਅਤੇ ਰਾਜਨੀਤੀ ਜ਼ਿੰਦਗੀ ਦੀ ਸਮੁੱਚਤਾ ਨੂੰ ਯੋਗ ਪ੍ਰਬੰਧਨ ਵਿੱਚ ਲਿਆ ਕੇ ਦਿਸ਼ਾ ਦੇਣ ਦਾ ਕਾਰਜ ਕਰਦੀ ਹੈ; ਪਰ ਜਦੋਂ ਇਹ ਦੋਹੇ ਖੇਤਰ ਕੁਰੱਪਸ਼ਨ ਅਤੇ ਧਨ ਕਮਾਉਣ ਦੇ ਵਸੀਲੇ ਬਣ ਜਾਣ ਤਾਂ ਕਿਸੇ ਚੰਗੇ ਭਵਿੱਖ ਦੀ ਆਸ ਕਰਨੀ ਬੰਜਰ ਜ਼ਮੀਨ ਵਿੱਚੋਂ ਚੰਗੀ ਫਸਲ ਦੀ ਤਵੱਕੋ ਰੱਖਣ ਦੀ ਨਿਆਈ ਹੈ। ਪਿਛਲੇ ਲੰਬੇ ਸਮੇਂ ਤੋਂ ਇਨ੍ਹਾਂ ਦੋਹਾਂ ਖੇਤਰਾਂ ਵਿੱਚ ਸਮਰਪਿਤ ਅਤੇ ਕਾਬਲ ਲੋਕਾਂ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ। ਰਾਜਨੀਤੀ ਉੱਪਰ ਜਿੰਸਪ੍ਰਸਤ ਅਤੇ ਲੋਭੀ ਬਿਰਤੀ ਦੇ ਧਨਾਢ ਲੋਕਾਂ ਦੇ ਕਬਜ਼ੇ ਨੇ ਉਸ ਹਰ ਸੰਸਥਾ ਅਤੇ ਅਦਾਰੇ ਨੂੰ ਆਪਣੇ ਖੁਸ਼ਾਮਦੀ ਅਤੇ ਚਾਪਲੂਸਾਂ ਨਾਲ ਭਰ ਦਿੱਤਾ ਹੈ, ਜਿੱਥੋਂ ਵੀ ਸਮਾਜ ਵਿੱਚ ਆਈ ਇਸ ਨੈਤਿਕ ਗਿਰਾਵਟ ਖਿਲਾਫ ਆਵਾਜ਼ ਉੱਠ ਸਕਣ ਦੇ ਆਸਾਰ ਸਨ। ਅਜਿਹੇ ਹਾਲਾਤਾਂ ਵਿੱਚ ਲੋਕਾਂ ਨੇ ਆਗੂ ਤੇ ਪਾਰਟੀਆਂ ਬਦਲਣ ਦੇ ਤਜਰਬੇ ਕਰਕੇ ਵੀ ਦੇਖ ਲਏ, ਪਰ ਇਨ੍ਹਾਂ ਯਤਨਾਂ ਨੇ ਵੀ ਹੋ ਰਹੀ ਬਰਬਾਦੀ ਨੂੰ ਠੱਲ੍ਹ ਨਹੀਂ ਪਾਈ, ਕਿਉਂਕਿ ਸਾਰੀਆਂ ਰਾਜਸੀ ਪਾਰਟੀਆਂ ਦੇ ਆਗੂਆਂ ਦਾ ਇੱਕ ਨੁਕਾਤੀ ਟੀਚਾ ਤਾਂ ਸੱਤਾ ਹਾਸਲ ਕਰਕੇ ਧਨ-ਦੌਲਤ ਅਤੇ ਜਾਇਦਾਦਾਂ ਦੇ ਅੰਬਾਰ ਖੜੇ ਕਰਨ ਤਕ ਸੀਮਿਤ ਹੈ।

ਅਜੋਕੀ ਸਥਿਤੀ ਵਿੱਚ ਕੋਈ ਇਮਾਨਦਾਰ ਅਤੇ ਸਮਰਪਿਤ ਆਗੂ ਵੀ ਕੇਵਲ ਸੱਤਾ ਵਿੱਚ ਤਬਦੀਲੀ ਰਾਹੀਂ ਇਸ ਸਥਿਤੀ ਨੂੰ ਮੋੜਾ ਨਹੀਂ ਦੇ ਸਕੇਗਾ। ਅਜਿਹੇ ਹਾਲਾਤ ਨਾਲ ਨਜਿੱਠਣ ਲਈ ਇੱਕ ਬਹੁਤ ਹੀ ਕਾਬਲ, ਇਮਾਨਦਾਰ ਅਤੇ ਸਮਰਪਿਤ ਲੋਕਾਂ ਦੀ ਯੋਗ ਟੀਮ ਤੋਂ ਇਲਾਵਾ ਵਰਕਰਾਂ ਦੀ ਭਾਰੀ ਫੌਜ ਦੀ ਜ਼ਰੂਰਤ ਪਵੇਗੀ; ਪਰ ਰਾਜਨੀਤੀ ਵਿੱਚ ਸਰਗਰਮ ਲੋਕਾਂ ਨੂੰ ਵੱਡੇ-ਵੱਡੇ ਸੁਪਨੇ ਦੇਖਣ ਤੇ ਦਿਖਾਉਣ ਦੀ ਆਦਤ ਪੈ ਚੁੱਕੀ ਹੈ ਅਤੇ ਲੋਕ ਵੀ ਸਾਰੇ ਮਸਲਿਆਂ ਦਾ ਹੱਲ ਰਾਤੋ-ਰਾਤ ਭਾਲਦੇ ਹਨ। ਸੱਚ ਕਹਿਣ ਅਤੇ ਸੁਣਨ ਦੀ ਆਦਤ ਧਾਰਨ ਕੀਤੇ ਬਗੈਰ ਗੱਲ ਅੱਗੇ ਨਹੀਂ ਵੱਧ ਸਕਦੀ।

# ਪੰਜਾਬ ਦੀ ਬੌਧਿਕ ਪਰੰਪਰਾ ਅਤੇ ਪੰਜਾਬੀ ਭਾਸ਼ਾ

ਮਾਤ ਭਾਸ਼ਾ ਦਿਵਸ 'ਤੇ

ਪਰਮਜੀਤ ਸਿੰਘ ਢੀਂਗਰਾ
ਫੋਨ:+91-9417358120



■ ਪੰਜਾਬ ਦੀ ਭਾਸ਼ਾ ਤੇ ਸੱਭਿਅਤਾ ਅਮੀਰ ਵਿਰਸੇ ਦੀ ਮਾਲਕ ਹੈ

■ ਗੁਰੂ ਗ੍ਰੰਥ ਸਾਹਿਬ ਪੰਜਾਬ ਦੀ ਬੌਧਿਕ ਪਰੰਪਰਾ ਦੀ ਸਿਖਰ

***ਗੁਰੂ ਪਰੰਪਰਾ ਨੇ ਗੁਰੂ ਨਾਨਕ ਸਾਹਿਬ ਦੇ ਆਦਰਸ਼ਾਂ ਤੇ ਫਲਸਫੇ ਦਾ ਲਗਾਤਾਰ ਵਿਕਾਸ ਕੀਤਾ, ਪਰ ਪ੍ਰਮਾਣਿਕ ਕਸੌਟੀ ਉਹੀ ਰੱਖੀ। ਗੁਰੂ ਅਰਜਨ ਸਾਹਿਬ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੁਨੀਆ ਦੇ ਇਤਿਹਾਸ ਵਿੱਚ ਅਨੋਖੀ ਹੈ। ਇਹੋ ਜਿਹਾ ਕੋਈ ਸਰਬ ਸਾਂਝਾ ਗ੍ਰੰਥ ਹੋਰ ਕਿਤੇ ਨਹੀਂ ਮਿਲਦਾ, ਜਿਸ ਵਿੱਚ ਸਮਕਾਲੀ ਧਰਮਾਂ ਦੇ ਪ੍ਰਮਾਣਿਕ ਭਗਤਾਂ, ਸੂਫੀਆਂ, ਸੰਤਾਂ, ਭੱਟਾਂ ਨੂੰ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਸਥਾਨ ਮਿਲਿਆ ਹੋਵੇ। ਇਸ ਗ੍ਰੰਥ ਵਿੱਚ ਸਮੁੱਚੀ ਮਾਨਵਤਾ ਦੇ ਭਲੇ ਲਈ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਦਾ ਸੰਦੇਸ਼ ਹੈ। ਇਸ ਨੇ ਸਮਾਜਿਕ ਦਰਜੇਬੰਦੀਆਂ ਤੇ ਉੂਚ-ਨੀਚ ਦੇ ਭਾਵਾਂ ਨੂੰ ਖਤਮ ਕਰਕੇ ਬੋਲੀਆਂ ਦੇ ਵਿਤਕਰੇ ਨੂੰ ਵੀ ਤੋੜ ਦਿੱਤਾ। ਇਸ ਲਈ ਗੁਰੂ ਗ੍ਰੰਥ ਸਾਹਿਬ ਨੂੰ ਪੰਜਾਬ ਦੀ ਬੌਧਿਕ ਪਰੰਪਰਾ ਦੀ ਸਿਖਰ ਕਿਹਾ ਜਾ ਸਕਦਾ ਹੈ। ਇਸ ਵਿਚਲੇ ਵਿਸ਼ਵ ਦਰਸ਼ਨ ਨੂੰ ਪਛਾਣਨ ਦੀ ਲੋੜ ਹੈ। ਇਸਨੇ ਸਾਡੀ ਭਾਸ਼ਾ ਨੂੰ ਵਿਸ਼ਵ ਦਰਜਾ ਬਖਸ਼ਿਆ ਹੈ।***




ਭੂਗੋਲਿਕ ਤੌਰ ਉਤੇ ਪੰਜਾਬ ਦੀਆਂ ਹੱਦਾਂ ਲਗਾਤਾਰ ਬਦਲਦੀਆਂ ਰਹੀਆਂ ਹਨ, ਪਰ ਹੱਦਾਂ ਦੇ ਬਦਲਣ ਨਾਲ ਭਾਸ਼ਾ ਤੇ ਬੌਧਿਕ ਪਰੰਪਰਾਵਾਂ ਨਹੀਂ ਬਦਲਦੀਆਂ, ਜਿੰਨੀ ਦੇਰ ਤੱਕ ਉਨ੍ਹਾਂ ਪ੍ਰਤੀ ਹੀਣਤਾ ਵਾਲੀ ਦ੍ਰਿਸ਼ਟੀ ਨਾ ਅਪਨਾਈ ਜਾਵੇ। ਪੰਜਾਬ ਦੀ ਪ੍ਰਾਚੀਨ ਹੜੱਪਾ ਸੱਭਿਅਤਾ ਸਾਡੀ ਮੁੱਢਲੀ ਗਿਆਨ ਪਰੰਪਰਾ ਹੈ। ਇਹਨੂੰ ਦ੍ਰਾਵੜਾਂ ਨਾਲ ਜੋੜ ਕੇ ਦੇਖਿਆ ਜਾਂਦਾ ਹੈ, ਜੋ ਇੱਥੋਂ ਦੇ ਮੂਲ ਨਿਵਾਸੀ ਸਨ। ਬਲੋਚਿਸਤਾਨ ਵਿੱਚ ਬਰਾਹੁਈ ਲੋਕਾਂ ਦੀ ਬੋਲੀ ਵਿੱਚ ਅੱਜ ਵੀ ਦ੍ਰਾਵੜੀ ਪ੍ਰਭਾਵ ਮਿਲਦਾ ਹੈ। ਪੰਜਾਬੀ ਵਿੱਚ ਕਣਕ ਸ਼ਬਦ ਉਸ ਜਾਤੀ ਦੀ ਬੋਲੀ ਵਿੱਚੋਂ ਆਇਆ ਹੈ। ਇਸੇ ਤਰ੍ਹਾਂ ਘੋੜਾ, ਮੋਰ, ਨੀਰ, ਤੁੰਬਾ ਵਰਗੇ ਸ਼ਬਦ ਦ੍ਰਾਵੜੀ ਭਾਸ਼ਾ ਦੀ ਦੇਣ ਹਨ।

ਡਾ. ਜਸਪਾਲ ਸਿੰਘ ਨੇ ਹੜੱਪਾ ਬਾਰੇ ਖੋਜ ਕਰਕੇ ਸਪਸ਼ਟ ਕੀਤਾ ਹੈ ਕਿ ਇਹ ਪੰਜਾਬ ਦੀ ਪ੍ਰਾਚੀਨ ਸਭਿਅਤਾ ਹੈ ਤੇ ਇਹਦੀ ਬੋਲੀ ਉਸ ਵੇਲੇ ਦੀ ਪੰਜਾਬੀ ਸੀ। ਇਸ ਲਈ ਪੰਜਾਬੀ 5500 ਵਰ੍ਹੇ ਪੁਰਾਣੀ ਬੋਲੀ ਹੈ ਤੇ ਇਹਦੀਆਂ ਗਿਆਨ ਪਰੰਪਰਾਵਾਂ ਇਸ ਸੱਭਿਅਤਾ ਤੋਂ ਅਰੰਭ ਹੁੰਦੀਆਂ ਹਨ। ਉਨ੍ਹਾਂ ਦੇ ਕੱਢੇ ਗਏ ਸਿੱਟੇ ਦਿਲਚਸਪ ਹਨ- ਹੜੱਪਾ ਦੇ ਲੋਕ ਸ਼ਾਂਤੀ ਪਸੰਦ ਸਨ ਤੇ ਉਨ੍ਹਾਂ ਕੋਲ ਕਿਸੇ ਪ੍ਰਕਾਰ ਦੀ ਫੌਜੀ ਤਾਕਤ ਨਹੀਂ ਸੀ। ਨਾ ਤਾਂ ਉਨ੍ਹਾਂ ਦਾ ਕੋਈ ਰਾਜਾ ਸੀ ਤੇ ਨਾ ਹੀ ਵੱਡੀਆਂ ਵੱਡੀਆਂ ਇਮਾਰਤਾਂ ਸਨ। ਉਥੋਂ ਮਿਲੇ ਪਿੰਜਰ ਅੱਜ ਦੇ ਪੰਜਾਬ ਦੇ ਲੋਕਾਂ ਦੇ ਜੁਸਿਆਂ ਨਾਲ ਮੇਲ ਖਾਂਦੇ ਹਨ। ਉਹ ਲੋਕ ਜ਼ਰੂਰ ਕੋਈ ਭਾਸ਼ਾ ਬੋਲਦੇ ਸਨ, ਜੋ ਪੰਜਾਬੀ ਦੇ ਨੇੜਲੀ ਸੀ। ਹੜੱਪਾ ਵਾਸੀਆਂ ਕੋਲ ਲਿਖਣ ਕਲਾ ਸੀ। ਉਨ੍ਹਾਂ ਦੇ ਇਹ ਦਸਤਾਵੇਜ਼ ਦੁਨੀਆ ਵਿੱਚ ਸਭ ਤੋਂ ਪ੍ਰਾਚੀਨ ਹਨ। ਇਹ ਮਿਸਰ ਤੇ ਮੈਸੋਪੋਟੇਮੀਆ ਤੋਂ ਵੀ ਪੁਰਾਣੇ ਹਨ। ਇੱਥੋਂ ਦੇ ਨਿਵਾਸੀ ਬਿਨਾ ਕਿਸੇ ਬਾਹਰੀ ਦਬਾਅ ਦੇ ਵਸਦੇ ਸਨ। ਇਹ ਲੋਕ ਖੇਤੀਬਾੜੀ, ਕੰਮ ਧੰਦਿਆਂ, ਸ਼ਿਲਪ ਤੇ ਉਤਪਾਦਨ ਵਿੱਚ ਮਾਹਿਰ ਸਨ। ਇਸ ਤਰ੍ਹਾਂ ਸਪਸ਼ਟ ਹੈ ਕਿ ਪੰਜਾਬ ਦੀ ਭਾਸ਼ਾ ਤੇ ਸੱਭਿਅਤਾ ਅਮੀਰ ਵਿਰਸੇ ਦੀ ਮਾਲਕ ਹੈ। ਇਸ ਸੱਭਿਅਤਾ ਦੇ ਨਸ਼ਟ ਹੋਣ ਦਾ ਕਾਰਨ ਦਰਿਆ ਰਾਵੀ ਦਾ ਮੁਹਾਣਾ ਬਦਲਣ ਜਾਂ ਫਿਰ ਬਿਮਾਰੀਆਂ ਤੇ ਕੁਦਰਤੀ ਆਫਤਾਂ ਹੋ ਸਕਦੀਆਂ ਹਨ।

ਮਹਾਂਭਾਰਤ ਵਿੱਚ ਮਦਰ ਦੇਸ਼ ਦਾ ਜ਼ਿਕਰ ਮਿਲਦਾ ਹੈ ਤੇ ਇੱਥੋਂ ਦੇ ਲੋਕਾਂ ਨੂੰ ਵਾਹੀਕ ਕਿਹਾ ਜਾਂਦਾ ਸੀ, ਜਿਸਦਾ ਸੰਬੰਧ ਬਲਖ ਦੇ ਪੁਰਾਣੇ ਨਾਂ ਬਾਹਲੀਕ ਨਾਲ ਹੈ। ਇਹ ਬਾਹਲੀਕ ਕਿਸੇ ਸਮੇਂ ਪੰਜਾਬ ਦੇ ਵਾਸੀ ਸਨ। ਮਦਰ ਪੁਰਾਤਨ ਪੰਜਾਬ ਦਾ ਇੱਕ ਨਾਂ ਹੈ। ਹੜੱਪਾ ਵਿੱਚੋਂ 3000 ਸਿੱਕੇ ਤੇ ਮੋਹਰਾਂ ਮਿਲੀਆਂ ਹਨ। ਇਨ੍ਹਾਂ ਉਪਰ ਲਿਖੀ ਲਿਪੀ ਭਾਵੇਂ ਅਜੇ ਤੱਕ ਪੜ੍ਹੀ ਨਹੀਂ ਗਈ, ਪਰ ਇਹਦਾ ਅਰਥ ਹੈ ਕਿ ਪੰਜਾਬ ਦੇ ਹੜੱਪਾ ਵਾਸੀਆਂ ਕੋਲ ਲਿਖਣ ਕਲਾ ਸੀ। ਹੋ ਸਕਦੈ ਉਨ੍ਹਾਂ ਕੋਲੋਂ ਲਿਪੀ ਮਿਸਰੀਆਂ ਕੋਲ ਗਈ ਹੋਵੇ। ਇਸ ਸੱਭਿਅਤਾ ਕੋਲ ਕਲਾ, ਲਿਪੀ, ਜੜ੍ਹੀਆਂ ਬੂਟੀਆਂ, ਭਵਨ ਨਿਰਮਾਣ, ਨਾਲੀਆਂ, ਸੜਕਾਂ, ਗਲੀਆਂ, ਗੁਸਲਖਾਨੇ, ਬੈਲ ਗੱਡੀਆਂ, ਕਾਂਸੀ ਵਰਗੀਆਂ ਧਾਤਾਂ ਤੇ ਮਿੱਟੀ ਦੀ ਹਸਤਕਲਾ ਦੇ ਲੋਕ ਗਿਆਨ ਦਾ ਖਜ਼ਾਨਾ ਸੀ।

ਪੰਜਾਬ ਦੀ ਅਗਲੀ ਬੌਧਿਕ ਪਰੰਪਰਾ ਰਿਗਵੇਦ ਤੋਂ ਮੰਨੀ ਜਾਂਦੀ ਹੈ। ਇਸਦੀ ਰਚਨਾ ਇੱਕ ਕਾਲ ਵਿੱਚ ਨਹੀਂ ਸਗੋਂ ਲੰਮੇ ਅੰਤਰਾਲ ਵਿੱਚ ਹੋਈ ਹੈ। ਇਹ ਉਹ ਸਮੇਂ ਸਨ, ਜਦੋਂ ਇੱਕ ਤਾਂ ਬੌਧਿਕ ਤੌਰ 'ਤੇ ਮਨੁੱਖ ਏਨਾ ਵਿਕਸਤ ਨਹੀਂ ਸੀ ਹੋਇਆ ਕਿ ਉਹ ਤਰਕ ਨਾਲ ਕਿਸੇ ਸਥਿਤੀ, ਵਰਤਾਰੇ ਜਾਂ ਸਮਕਾਲ ਦਾ ਲੇਖਾ-ਜੋਖਾ ਕਰ ਸਕੇ। ਇਸ ਲਈ ਇਸ ਵਿਚਲੇ ਵਰਤਾਰੇ ਕਿਸੇ ਇਤਿਹਾਸਕ ਸਥਿਤੀ ਜਾਂ ਪਿਛੋਕੜ ਨਾਲ ਜੁੜਨ ਦੀ ਬਜਾਏ ਮਿੱਥਾਂ ਤੇ ਕੁਦਰਤੀ ਵਰਤਾਰਿਆਂ ਨੂੰ ਕਾਲਪਨਿਕ ਸੰਸਾਰ ਵਿੱਚ ਚਿੱਤਰ ਕੇ ਮਨੁੱਖ ਨੂੰ ਅਦਭੁੱਦਤਾ ਦੇ ਸੰਸਾਰ ਵਿੱਚ ਲੈ ਜਾਂਦੇ ਹਨ, ਜਿੱਥੇ ਤਰਕ/ਵਿਤਰਕ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ।

ਦੂਜਾ, ਉਦੋਂ ਅਜੇ ਲਿਖਣ ਕਲਾ ਹੋਂਦ ਵਿੱਚ ਨਹੀਂ ਸੀ ਆਈ। ਇਹ ਸਾਰੇ ਬਿਰਤਾਂਤ ਮੌਖਿਕ ਪਰੰਪਰਾ ਵਿੱਚ ਅੱਗੇ ਤੁਰਦੇ ਹਨ। ਮੌਖਿਕਤਾ ਕਦੇ ਵੀ ਸੌ ਫੀਸਦੀ ਭਰੋਸੇਯੋਗ ਨਹੀਂ ਹੁੰਦੀ। ਇਹ ਲਗਪਗ 8ਵੀਂ-9ਵੀਂ ਸਦੀ ਵਿੱਚ ਆ ਕੇ ਸਾਡੇ ਕੋਲ ਪ੍ਰਮਾਣਿਕ ਹੁੰਦੇ ਹਨ ਤੇ ਚੌਧਵੀਂ ਸਦੀ ਵਿੱਚ ਆ ਕੇ ਲਿਖਤੀ ਰੂਪ ਵਿੱਚ ਪ੍ਰਗਟ ਹੁੰਦੇ ਹਨ। ਇਨ੍ਹਾਂ ਦਾ ਦਸਤਾਵੇਜ਼ੀਕਰਨ ਸੰਸਕ੍ਰਿਤ ਵਿੱਚ ਮਿਲਦਾ ਹੈ, ਜਦ ਕਿ ਵੇਦਾਂ ਦੀ ਅਸਲ ਭਾਸ਼ਾ ਵੇਦਿਕ ਹੈ, ਜੋ ਸੰਸਕ੍ਰਿਤ ਨਾਲੋਂ ਕਾਫੀ ਭਿੰਨ ਹੈ।

ਇਹ ਕਿਹਾ ਜਾਂਦਾ ਹੈ ਕਿ ਖਾਸ ਤੌਰ ਉਤੇ ਰਿਗਵੇਦ ਦੀ ਰਚਨਾ ਪੰਜਾਬ ਵਿੱਚ ਹੋਈ; ਉਸ ਵੇਲੇ ਜੇ ਇਹ ਸਥਾਨਕ ਵਸੋਂ ਨੂੰ ਸੰਬੋਧਤ ਸੀ ਤਾਂ ਇਹਦੀ ਭਾਸ਼ਾ ਸਥਾਨਕ ਹੋਣੀ ਚਾਹੀਦੀ ਸੀ। ਜੇ ਇਹ ਕਿਸੇ ਖਾਸ ਉਚ ਵਰਗ ਲਈ ਰਚੇ ਗਏ ਤਾਂ ਆਮ ਲੋਕਾਂ ਲਈ ਇਹਦਾ ਮਹੱਤਵ ਦੁਜੈਲਾ ਹੋ ਜਾਂਦਾ ਹੈ। ਗਿਆਨ ਪਰੰਪਰਾ ਵਿੱਚ ਸੰਸਕ੍ਰਿਤ ਆਮ ਲੋਕਾਂ, ਸ਼ੂਦਰਾਂ ਤੇ ਔਰਤਾਂ ਨੂੰ ਬੋਲਣ ਦੀ ਮਨਾਹੀ ਸੀ। ਇਹਦਾ ਅਰਥ ਹੋਇਆ ਕਿ ਆਮ ਲੋਕਾਂ ਦੀ ਭਾਸ਼ਾ ਕੋਈ ਵੱਖਰੀ ਬੋਲੀ ਸੀ। ਜੇ ਬੋਲੀ ਸੀ ਤਾਂ ਉਹਦੇ ਕੋਲ ਆਪਣੀ ਗਿਆਨ ਪਰੰਪਰਾ ਜ਼ਰੂਰ ਹੋਵੇਗੀ। ਪੰਜਾਬ ਦੇ ਪ੍ਰਚੀਨ ਇਤਿਹਾਸ ਵਿੱਚੋਂ ਇਸਨੂੰ ਗਾਇਬ ਕਰ ਦਿੱਤਾ ਗਿਆ ਹੈ।

ਵੇਦਾਂ ਤੋਂ ਵੀ ਪ੍ਰਾਚੀਨ ਬੁੱਧ ਦਾ ਫਲਸਫਾ ਹੈ, ਜੋ ਪਾਲੀ ਜ਼ਬਾਨ ਵਿੱਚ ਹੈ। ਪਾਲੀ ਨੂੰ ਵਰਤਣ 'ਤੇ ਕੋਈ ਪਾਬੰਦੀ ਨਹੀਂ ਸੀ। ਇਹਦਾ ਮਤਲਬ ਹੈ ਕਿ ਪਾਲੀ ਆਮ ਲੋਕਾਂ ਦੀ ਜ਼ਬਾਨ ਸੀ। ਮਹਾਰਾਜਾ ਅਸ਼ੋਕ ਦੇ ਸਮੇਂ ਪਾਲੀ ਕੋਲ ਖਰੋਸ਼ਟੀ ਲਿਪੀ ਸੀ, ਜਿਸ ਵਿੱਚ ਬੁੱਧ ਦਾ ਫਲਸਫਾ ਮਿਲਦਾ ਹੈ। ਬੁੱਧ ਦਾ ਫਲਸਫਾ ਜ਼ਿੰਦਗੀ ਤੇ ਯਥਾਰਥ ਨਾਲ ਜੁੜਿਆ ਨਜ਼ਰ ਆਉਂਦਾ ਹੈ। ਬੁੱਧ ਹੋਣ ਦਾ ਮਤਲਬ ਹੈ- ਆਪਣੇ ਆਪ ਨੂੰ ਸਮਝਣਾ। ਇਹ ਸਮਝ ਮਨੁੱਖ ਨੂੰ ਬੁੱਧ ਬਣਾ ਦਿੰਦੀ ਹੈ। ਇਸ ਤਰ੍ਹਾਂ ਪੰਜਾਬ ਦੀ ਬੌਧਿਕ ਪਰੰਪਰਾ ਬੁੱਧ ਦੇ ਫਲਸਫੇ ਦੇ ਵਧੇਰੇ ਨੇੜੇ ਹੈ।

ਪ੍ਰਾਚੀਨ ਕਾਲ ਤੋਂ ਪੰਜਾਬ ਬੌਧਿਕਤਾ ਦਾ ਕੇਂਦਰ ਰਿਹਾ ਹੈ। ਕੌਸ਼ਤਿਕ ਬ੍ਰਾਹਮਣ ਵਿੱਚ ਵੀ ਆਉਂਦਾ ਹੈ ਕਿ ਪੰਜਾਬ ਕਿਸੇ ਸਮੇਂ ਗਿਆਨ ਦਾ ਕੇਂਦਰ ਸੀ ਤੇ ਦੂਰੋਂ ਦੂਰੋਂ ਲੋਕ ਇੱਥੇ ਗਿਆਨ ਪ੍ਰਾਪਤੀ ਲਈ ਆਉਂਦੇ ਸਨ। ਜਦੋਂ ਉਹ ਵਾਪਸ ਜਾਂਦੇ ਸਨ ਤਾਂ ਲੋਕ ਉਤਸੁਕਤਾ ਨਾਲ ਉਨ੍ਹਾਂ ਨੂੰ ਸੁਣਨਾ ਚਾਹੁੰਦੇ ਸਨ। ਉਦੋਂ ਇਹਦਾ ਨਾਂ ਉਦੀਚਯ ਪ੍ਰਦੇਸ਼ ਭਾਵ ਉੱਚਾ ਸਥਾਨ ਸੀ। ਇਹ ਭੂਗੋਲਿਕਤਾ ਤੇ ਗਿਆਨ ਦੋਹਾਂ ਵਿੱਚ ਉਚਾ ਸੀ। ਇਹਦਾ ਅਰਥ ਹੈ ਕਿ ਲੋਕਾਂ ਕੋਲ ਆਪਣੀ ਜ਼ਬਾਨ ਸੀ, ਜੋ ਕਲਾਸੀਕਲ ਜ਼ਬਾਨਾਂ ਤੋਂ ਵੱਖਰੀ ਸੀ। ਇਹ ਲੋਕਾਂ ਦੇ ਸੱਭਿਆਚਾਰ ਤੇ ਜ਼ਿੰਦਗੀ ਦੇ ਸਰੋਕਾਰਾਂ ਦੀ ਜ਼ਬਾਨ ਸੀ। ਯੂਨਾਨੀ ਵਿਦਵਾਨਾਂ ਦਾ ਮੱਤ ਹੈ ਕਿ ਪੰਜਾਬ ਦੀ ਬੋਲੀ ਨੇ ਪ੍ਰਾਚੀਨ ਆਰੀਆ ਭਾਸ਼ਾ ਦੇ ਗੁਣਾਂ ਨੂੰ ਵਿਸ਼ੇਸ਼ ਤੌਰ ਉੱਤੇ ਸੰਭਾਲਿਆ ਹੋਇਆ ਹੈ। ਇਹ ਭਾਸ਼ਾਵਾਂ ਦੇ ਲੈਣ-ਦੇਣ ਦੀ ਸਥਿਤੀ ਨੂੰ ਜ਼ਾਹਰ ਕਰਦੀ ਹੈ।

ਬਹੁਤੇ ਵਿਦਵਾਨ ਇਸ ਮੱਤ ਦੇ ਹਨ ਕਿ ਵੇਦਿਕ ਬੋਲੀ ਪੰਜਾਬ ਦੀ ਪ੍ਰਾਚੀਨ ਭਾਸ਼ਾ ਸੀ ਤੇ ਸੰਸਕ੍ਰਿਤ ਬਾਅਦ ਵਿੱਚ ਸੰਸਕਾਰੇ ਰੂਪ ਵਿੱਚ ਜਨਮ ਲੈਂਦੀ ਹੈ। ਦੁਨੀਆ ਦਾ ਪਹਿਲਾ ਵਿਆਕਰਣਕਾਰ ਪਾਣਿਨੀ ਪੰਜਾਬ ਵਿੱਚ ਪੈਦਾ ਹੋਇਆ ਤੇ ਜਦੋਂ ਉਹਨੇ ਆਪਣਾ ਵਿਆਕਰਣ 'ਅਸ਼ਟਾਧਿਆਏ' ਰਚਿਆ ਤਾਂ ਉਹ ਵੇਦਿਕ ਭਾਸ਼ਾ ਛੰਦਸ ਦੇ ਮੁਕਾਬਲੇ ਇਸਨੂੰ ਲੌਕਿਕ ਭਾਸ਼ਾ ਕਹਿੰਦਾ ਹੈ। ਵਿਆਕਰਣ ਹਮੇਸ਼ਾ ਬੋਲਚਾਲ ਦੀ ਬੋਲੀ ਦੀ ਹੁੰਦੀ ਹੈ ਤੇ ਇਹਦਾ ਅਰਥ ਹੋਇਆ ਪਾਣਿਨੀ ਨੇ ਆਪਣੇ ਸਮੇਂ ਬੋਲੀ ਜਾਣ ਵਾਲੀ ਬੋਲੀ ਦੇ ਵਿਆਕਰਣਕ ਨੇਮ ਲੱਭੇ। ਜਿਨ੍ਹਾਂ ਨੂੰ ਪਿਸ਼ਾਚ ਜਾਂ ਬੋਲੀ ਨੂੰ ਪਿਸ਼ਾਚੀ ਕਿਹਾ ਜਾਂਦਾ ਹੈ; ਨਿਸਚੇ ਹੀ ਇਹ ਸਥਾਨਕ ਲੋਕਾਂ ਤੇ ਉਨ੍ਹਾਂ ਦੀ ਬੋਲੀ ਵੱਲ ਨਕਾਰਾਤਮਕ ਰਵੱਈਏ ਨੂੰ ਦਰਸਾਉਂਦਾ ਹੈ।

645 ਈ. ਵਿੱਚ ਯੁਆਨ ਚੁਆਂਗ ਨਾਂ ਦਾ ਇੱਕ ਚੀਨੀ ਯਾਤਰੀ ਹਰਸ਼ ਵਰਧਨ ਦੇ ਸਮੇਂ ਮੱਧ ਏਸ਼ੀਆ ਤੇ ਗੰਧਾਰ ਵਿੱਚੋਂ ਹੁੰਦਾ ਹੋਇਆ ਹਿੰਦ ਆਇਆ। ਉਹ ਸਿੰਧ ਦਰਿਆ ਨੇੜੇ ਸ਼ਲਾਤੁਰ ਪਿੰਡ ਕੋਲ ਪਹੁੰਚ ਕੇ ਲਿਖਦਾ ਹੈ- ਇਹ ਸਥਾਨ ਰਿਸ਼ੀ ਪਾਣਿਨੀ ਦਾ ਜਨਮ ਸਥਾਨ ਹੈ, ਇੱਥੇ ਉਨ੍ਹਾਂ ਦੀ ਮੂਰਤੀ ਵੀ ਬਣੀ ਹੋਈ ਹੈ। ਇੱਥੋਂ ਦੇ ਲੋਕ ਹੁਣ ਵੀ ਉਹਦੇ ਸ਼ਾਸਤਰ ਦਾ ਮੁਤਾਲਿਆ ਕਰਦੇ ਹਨ ਤੇ ਬਾਕੀ ਇਲਾਕਿਆਂ ਦੇ ਲੋਕਾਂ ਨਾਲੋਂ ਇੱਥੋਂ ਦੇ ਬਾਸ਼ਿੰਦੇ ਵਿਦਵਤਾ ਵਿੱਚ ਮਾਹਿਰ ਤੇ ਸਿਆਣੇ ਹਨ। ਨਿਸਚੇ ਹੀ ਪਾਣਿਨੀ ਦੇ ਸਮੇਂ ਲੋਕ ਭਾਸ਼ਾ ਵਿੱਚ ਗਿਆਨ ਦੀ ਪਰੰਪਰਾ ਹੋਵੇਗੀ, ਜੋ ਬਾਅਦ ਵਿੱਚ ਕਿਸੇ ਕਾਰਨ ਨਸ਼ਟ ਕਰ ਦਿੱਤੀ ਗਈ ਤੇ ਪਾਣਿਨੀ ਦੀ ਵਿਆਕਰਣ ਨੂੰ ਵੀ ਕਲਾਸੀਕਲ ਪਰੰਪਰਾ ਨਾਲ ਜੋੜਨ ਦਾ ਜਤਨ ਕੀਤਾ ਗਿਆ।

ਆਰੀਆਂ ਦਾ ਜੱਦੀ ਸਥਾਨ ਇਰਾਨ ਤੇ ਇਹਦੇ ਆਲੇ-ਦੁਆਲੇ ਦਾ ਇਲਾਕਾ ਹੈ। ਨਿਸਚੇ ਹੀ ਆਰੀਆਂ ਦੀ ਬੋਲੀ ਦੀਆਂ ਜੜ੍ਹਾਂ ਇਰਾਨੀ ਵਿੱਚ ਹੋਣਗੀਆਂ। ਭਾਸ਼ਾਵਾਂ ਕਦੇ ਵੀ ਕਿਸੇ ਸ਼ੁਧ ਰੂਪ ਵਿੱਚ ਨਹੀਂ ਹੁੰਦੀਆਂ। ਇਨ੍ਹਾਂ ਦੇ ਰੂਪ ਬਣਦੇ/ਵਿਗਸਦੇ ਤੇ ਨਸ਼ਟ ਹੁੰਦੇ ਰਹਿੰਦੇ ਹਨ। ਸਿਰਫ਼ ਵਿਆਕਰਣਿਕ ਰੂਪ ਛੇਤੀ ਨਹੀਂ ਬਦਲਦੇ। ਭਾਸ਼ਾਵਾਂ ਬੋਲਚਾਲ ਦੀ ਪੱਧਰ ਉੱਤੇ ਹੀ ਵਿਕਾਸ ਕਰਦੀਆਂ ਹਨ। ਵਿਕਾਸ ਦੇ ਪੜਾਵਾਂ 'ਤੇ ਇਹ ਇੱਕ ਦੂਜੀ ਕੋਲੋਂ ਲੈਣ-ਦੇਣ ਕਰਦੀਆਂ ਰਹਿੰਦੀਆਂ ਹਨ ਤੇ ਇਹ ਸਿਲਸਿਲਾ ਕਦੇ ਖਤਮ ਨਹੀਂ ਹੁੰਦਾ। ਹਰ ਭਾਸ਼ਾ ਨੇ ਅਗਲੀ ਪੀੜ੍ਹੀ ਕੋਲ ਜਾ ਕੇ ਬਹੁਤ ਕੁਝ ਨਵਾਂ ਗ੍ਰਹਿਣ ਕਰਨਾ ਤੇ ਪੁਰਾਣੇ ਦਾ ਤਿਆਗ ਕਰਨਾ ਹੁੰਦਾ ਹੈ। ਇਹ ਦਰੁਸਤ ਹੈ ਕਿ ਜਦੋਂ ਕਿਸੇ ਬੋਲੀ ਜਾਂ ਭਾਸ਼ਾ ਨੂੰ ਰਾਜਸੀ ਛਤਰ-ਛਾਇਆ ਮਿਲ ਜਾਂਦੀ ਹੈ ਤਾਂ ਨਿਸਚੇ ਹੀ ਉਹਦਾ ਪ੍ਰਭਾਵ ਵੱਧ ਜਾਂਦਾ ਹੈ।

ਕਲਾਸੀਕਲ ਭਾਸ਼ਾਵਾਂ ਦੇ ਵਿਕਾਸ ਦਾ ਜੋ ਪੌੜੀ ਪ੍ਰਬੰਧ ਸਿਰਜਿਆ ਜਾਂਦਾ ਹੈ, ਉਹ ਵੀ ਆਪਹੁਦਰਾ ਨਜ਼ਰ ਆਉਂਦਾ ਹੈ, ਕਿਉਂਕਿ ਅਸਲ ਭਾਸ਼ਾ ਤਾਂ ਉਹ ਹੁੰਦੀ ਹੈ ਜਿਸਨੂੰ ਲੋਕ ਬੋਲਦੇ ਤੇ ਜਿਸ ਦਾ ਵਿਕਾਸ ਕਰਦੇ ਹਨ। ਇਹ ਉਨ੍ਹਾਂ ਦੇ ਹਾਸਿਆਂ, ਰੋਣਿਆਂ, ਦੁੱਖਾਂ, ਸੁੱਖਾਂ, ਪੀੜਾਂ, ਹੇਰਵਿਆਂ ਤੇ ਮਰਨਿਆਂ-ਪਰਨਿਆਂ ਦੀ ਭਾਸ਼ਾ ਹੁੰਦੀ ਹੈ ਜਦ ਕਿ ਕਲਾਸੀਕਲ ਭਾਸ਼ਾ ਕੁਝ ਕੁ ਲੋਕਾਂ ਦੇ ਸੂਤਰਬੱਧ ਵਿਚਾਰਾਂ ਦਾ ਸੰਗ੍ਰਹਿ ਹੁੰਦੀ ਹੈ। ਜਿਹੜਾ ਇਹ ਮੱਤ ਪੇਸ਼ ਕੀਤਾ ਜਾਂਦਾ ਹੈ ਕਿ ਕਲਾਸੀਕਲ ਭਾਸ਼ਾਵਾਂ ਵਿੱਚੋਂ ਸਫਰ ਕਰਦੀਆਂ ਆਧੁਨਿਕ ਭਾਰਤੀ ਬੋਲੀਆਂ ਗਿਆਰਵੀਂ-ਬਾਰਵੀਂ ਸਦੀ ਵਿੱਚ ਪ੍ਰਗਟ ਹੋਈਆਂ ਹਨ, ਇਹ ਦਰੁਸਤ ਨਹੀਂ। ਲੋਕ ਬੋਲੀਆਂ ਤਾਂ ਲੋਕ ਵਿੱਚ ਹੀ ਵਿਕਾਸ ਕਰਦੀਆਂ ਹਨ ਤੇ ਇੰਜ ਹੀ ਸਾਡੀਆਂ ਬੋਲੀਆਂ ਬਣੀਆਂ ਹਨ। ਇਹ ਸਿਰਫ਼ ਕਲਾਸੀਕਲ ਹੈਜੇਮਨੀ ਸਥਾਪਤ ਕਰਨ ਦਾ ਢੋਂਗ ਸੀ, ਇਸ ਤੋਂ ਸਿਵਾ ਇਹਦਾ ਕੋਈ ਤਰਕ ਨਜ਼ਰ ਨਹੀਂ ਆਉਂਦਾ।

ਜਦੋਂ ਗਿਆਰਵੀਂ-ਬਾਰਵੀਂ ਸਦੀ ਵਿੱਚ ਪੰਜਾਬੀ ਭਾਸ਼ਾ ਆਪਣਾ ਪਿੰਡਾ ਸੰਵਾਰ ਰਹੀ ਸੀ ਤਾਂ ਨਿਸਚੇ ਹੀ ਉਸ ਕੋਲ ਆਪਣੀ ਗਿਆਨ ਪਰੰਪਰਾ ਸੀ। ਕੰਨ ਪਾਟੇ ਜੋਗੀ, ਨਾਥ, ਸਾਧ ਇਸੇ ਪਰੰਪਰਾ ਦੀ ਅਗਲੀ ਕੜੀ ਸਨ। ਬਾਬਾ ਫਰੀਦ ਤੇ ਅੱਦਹਮਾਣ ਵਰਗੇ ਕਵੀ ਇਸੇ ਪਰੰਪਰਾ ਦੀ ਦੇਣ ਹਨ। ਬਾਬਾ ਫਰੀਦ ਨੇ ਇਸਲਾਮਿਕ ਪਰੰਪਰਾ ਨੂੰ ਪੰਜਾਬੀ ਭਾਸ਼ਾ ਨਾਲ ਜੋੜ ਕੇ ਨਵੀਂ ਗਿਆਨ ਪਰੰਪਰਾ ਦੀ ਸ਼ੁਰੂਆਤ ਕੀਤੀ। ਉਨ੍ਹਾਂ ਦੇ ਪਿਛੋਕੜ ਵਿੱਚ ਇਰਾਨੀ ਸੂਫ਼ੀ ਬੌਧਿਕਤਾ ਦੇ ਸੂਤਰ ਪਏ ਹਨ, ਪਰ ਉਨ੍ਹਾਂ ਨੇ ਆਪਣੀ ਭਾਸ਼ਾ ਵਿੱਚ ਇਸ ਗਿਆਨ ਪਰੰਪਰਾ ਦਾ ਸਥਾਨਕ ਸਕੂਲ ਅਰੰਭਿਆ, ਜੋ ਬਾਅਦ ਵਿੱਚ ਪੰਜਾਬੀ ਸੂਫ਼ੀ ਬੌਧਿਕਤਾ ਦੇ ਵੱਖ ਵੱਖ ਪੜਾਅ ਤਿਆਰ ਕਰਦਾ ਹੈ।

ਗੁਰੂ ਨਾਨਕ ਸਾਹਿਬ ਨੇ ਪੰਜਾਬ ਦੀ ਬੌਧਿਕ ਪਰੰਪਰਾ ਨੂੰ ਨਵਾਂ ਤਰਕਸ਼ਾਸਤਰ ਦਿੱਤਾ। ਉਨ੍ਹਾਂ ਦੇ ਸਾਹਮਣੇ ਦੋ ਗਿਆਨ ਪਰੰਪਰਾਵਾਂ ਸਨ, ਜਿਨ੍ਹਾਂ ਵਿੱਚ ਕੋਈ ਸੰਵਾਦੀ ਰਿਸ਼ਤਾ ਨਹੀਂ ਸੀ। ਇੱਕ ਸਨਾਤਨੀ ਪਰੰਪਰਾ ਸੀ, ਜੋ ਆਰੀਆਂ ਦੇ ਆਉਣ ਤੋਂ ਬਾਅਦ ਲੰਮੇ ਸਮੇਂ ਵਿੱਚ ਵਜੂਦ ਵਿੱਚ ਆਉਂਦੀ ਹੈ। ਦੂਸਰੀ ਇਸਲਾਮਿਕ ਪਰੰਪਰਾ ਸੀ, ਜੋ ਬਾਹਰੋਂ ਆਈ। ਇਸ ਪਰੰਪਰਾ ਦਾ ਆਗਮਨ ਜਬਰੀ ਕਿਸਮ ਦਾ ਸੀ। ਇਸਨੇ ਬਾਅਦ ਵਿੱਚ ਭਾਰਤ ਦੇ ਬਹੁਤ ਸਾਰੇ ਲਤਾੜੇ ਤੇ ਹੇਠਲੇ ਪੱਧਰ ਦੀ ਨਰਕੀ ਜ਼ਿੰਦਗੀ ਜਿਊਣ ਵਾਲੇ ਮਨੁੱਖਾਂ ਨੂੰ ਆਕਰਸ਼ਿਤ ਕੀਤਾ, ਕਿਉਂਕਿ ਉਨ੍ਹਾਂ ਵਿੱਚ ਵਰਣ ਵਿਵਸਥਾ ਨਹੀਂ ਸੀ ਤੇ ਸਾਰੇ ਮਨੁੱਖ ਬਰਾਬਰੀ ਦੇ ਰੁਤਬੇ ਵਾਲੇ ਸਨ। ਭਾਵੇਂ ਇਸਲਾਮ ਨੇ ਮੁਢਲੇ ਰੂਪ ਵਿੱਚ ਜੋਰ ਜਬਰੀ ਵੀ ਧਰਮ ਪਰਿਵਰਤਨ ਦੀ ਲਹਿਰ ਚਲਾਈ ਤੇ ਅੱਲ੍ਹਾ ਦੇ ਨਾਂ 'ਤੇ ਇਹਦਾ ਵਿਸਥਾਰ ਵੀ ਕੀਤਾ; ਪਰ ਸੂਫੀਆਂ ਦੇ ਪ੍ਰਭਾਵ ਤੇ ਨਰਮਾਈ ਨੇ ਵੀ ਇਸਲਾਮ ਦੇ ਫੈਲਾਅ ਵਿੱਚ ਵੱਡੀ ਭੂਮਿਕਾ ਨਿਭਾਈ।

ਗੁਰੂ ਨਾਨਕ ਸਾਹਿਬ ਨੇ ਦੋਹਾਂ ਪਰੰਪਰਾਵਾਂ ਨਾਲ ਸੰਵਾਦ ਰਚਾਇਆ ਤੇ ਇਹਦੇ ਲਈ ਚਾਰ ਉਦਾਸੀਆਂ ਕੀਤੀਆਂ। ਉਹ ਨਵੇਂ ਨਿਆਰੇ ਧਰਮ ਤੇ ਫਲਸਫੇ ਲਈ ਲੋਕਾਂ ਨੂੰ 'ਇੱਕ ਅਕਾਲ ਪੁਰਖ' ਦਾ ਸੁਨੇਹਾ ਦੇ ਰਹੇ ਸਨ। ਇਸ ਵਿੱਚ ਨਾ ਤਾਂ ਇਸਲਾਮ ਵਾਲੀ ਕੱਟੜਤਾ ਸੀ ਤੇ ਨਾ ਵਹਿਮਾਂ-ਭਰਮਾਂ ਲਈ ਕੋਈ ਸਥਾਨ ਸੀ। ਊਚ-ਨੀਚ, ਵੱਡੇ-ਛੋਟੇ, ਅਮੀਰ-ਗਰੀਬ, ਔਰਤ-ਪੁਰਸ਼ ਵਿੱਚ ਕੋਈ ਵਿਤਕਰਾ ਨਹੀਂ ਸੀ। ਸਾਰਿਆਂ ਨੂੰ ਬਰਾਬਰ ਦਾ ਰੁਤਬਾ ਤੇ ਜਿਊਣ ਦਾ ਹੱਕ ਸੀ। ਉਨ੍ਹਾਂ ਨੇ ਦੂਜੇ ਧਰਮਾਂ ਦੇ ਲੋਕਾਂ ਨੂੰ ਵੀ ਇਹੀ ਕਿਹਾ ਕਿ ਉਹ ਸੱਚੇ ਮੁਸਲਮਾਨ ਜਾਂ ਸੱਚੇ ਹਿੰਦੂ ਬਣਨ ਤੇ ਪਖੰਡਾਂ ਨੂੰ ਛੱਡ ਕੇ ਜ਼ਿੰਦਗੀ ਦੇ ਅਰਥ ਲੱਭਣ। ਉਨ੍ਹਾਂ ਨੇ ਅਜਿਹੀ ਗਿਆਨ ਪਰੰਪਰਾ ਸਥਾਪਤ ਕੀਤੀ, ਜਿਸ ਵਿੱਚ 'ਸੁੱਚ' ਤੋਂ 'ਸੱਚ' ਦੇ ਸਫਰ ਦੀ ਗੱਲ ਕੀਤੀ। ਸੱਚ ਦੀ ਪ੍ਰਾਪਤੀ ਹੀ ਇਹਦਾ ਅੰਤਿਮ ਉਦੇਸ਼ ਹੈ।

ਇਸ ਪਰੰਪਰਾ ਕੋਲ ਦੋ ਤਾਕਤਾਂ ਬੜੀਆਂ ਮੁਲਵਾਨ ਸਨ- ਪਹਿਲੀ, ਸ਼ਬਦ ਦੀ ਤਾਕਤ ਜਿਸ ਵਿੱਚ ਪਹਿਲੀਆਂ ਧਾਰਮਿਕ ਪ੍ਰਕਿਰਿਆਵਾਂ ਰੱਦ ਹੋ ਜਾਂਦੀਆਂ ਸਨ। ਦੂਜੀ, ਲਿਪੀ ਜਿਸ ਵਿੱਚ ਪ੍ਰਵਚਨਾਂ ਨੂੰ ਬਾਣੀ ਰੂਪ ਵਿੱਚ ਦਰਜ ਕਰਕੇ ਉਨ੍ਹਾਂ ਦੀ ਪ੍ਰਮਾਣਿਕਤਾ ਸਿੱਕੇਬੰਦ ਕਰ ਦਿੱਤੀ ਗਈ। ਸ਼ਬਦ ਲਈ ਗੁਰੂ ਜੀ ਨੇ ਸਥਾਨਕ ਭਾਸ਼ਾ ਨੂੰ ਪਹਿਲ ਦਿੱਤੀ; ਹਾਲਾਂਕਿ ਆਪਣੇ ਗਿਆਨ ਦੇ ਪਾਸਾਰ ਲਈ ਦੂਜੀਆਂ ਭਾਸ਼ਾਵਾਂ ਦੇ ਸ਼ਬਦ ਵੀ ਲਏ। ਮੱਧਕਾਲ ਵਿੱਚ ਭਾਸ਼ਾਵਾਂ ਵਿੱਚ ਉਹੋ ਜਿਹਾ ਵੈਰ-ਵਿਰੋਧ ਨਜ਼ਰ ਨਹੀਂ ਆਉਂਦਾ, ਜਿਹੋ ਜਿਹਾ ਬਸਤੀ ਕਾਲ ਵਿੱਚ ਆ ਕੇ ਸੰਪਰਦਾਇਕ ਰੂਪ ਧਾਰਦਾ ਹੈ।

ਗੁਰੂ ਪਰੰਪਰਾ ਨੇ ਗੁਰੂ ਨਾਨਕ ਸਾਹਿਬ ਦੇ ਆਦਰਸ਼ਾਂ ਤੇ ਫਲਸਫੇ ਦਾ ਲਗਾਤਾਰ ਵਿਕਾਸ ਕੀਤਾ, ਪਰ ਪ੍ਰਮਾਣਿਕ ਕਸੌਟੀ ਉਹੀ ਰੱਖੀ। ਗੁਰੂ ਅਰਜਨ ਸਾਹਿਬ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੁਨੀਆ ਦੇ ਇਤਿਹਾਸ ਵਿੱਚ ਅਨੋਖੀ ਹੈ। ਇਹੋ ਜਿਹਾ ਕੋਈ ਸਰਬ ਸਾਂਝਾ ਗ੍ਰੰਥ ਹੋਰ ਕਿਤੇ ਨਹੀਂ ਮਿਲਦਾ, ਜਿਸ ਵਿੱਚ ਸਮਕਾਲੀ ਧਰਮਾਂ ਦੇ ਪ੍ਰਮਾਣਿਕ ਭਗਤਾਂ, ਸੂਫੀਆਂ, ਸੰਤਾਂ, ਭੱਟਾਂ ਨੂੰ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਸਥਾਨ ਮਿਲਿਆ ਹੋਵੇ। ਇਸ ਗ੍ਰੰਥ ਵਿੱਚ ਸਮੁੱਚੀ ਮਾਨਵਤਾ ਦੇ ਭਲੇ ਲਈ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਦਾ ਸੰਦੇਸ਼ ਹੈ। ਇਸ ਨੇ ਸਮਾਜਿਕ ਦਰਜੇਬੰਦੀਆਂ ਤੇ ਊਚ-ਨੀਚ ਦੇ ਭਾਵਾਂ ਨੂੰ ਖਤਮ ਕਰਕੇ ਬੋਲੀਆਂ ਦੇ ਵਿਤਕਰੇ ਨੂੰ ਵੀ ਤੋੜ ਦਿੱਤਾ। ਇਸ ਲਈ ਗੁਰੂ ਗ੍ਰੰਥ ਸਾਹਿਬ ਨੂੰ ਪੰਜਾਬ ਦੀ ਬੌਧਿਕ ਪਰੰਪਰਾ ਦੀ ਸਿਖਰ ਕਿਹਾ ਜਾ ਸਕਦਾ ਹੈ। ਇਸ ਵਿਚਲੇ ਵਿਸ਼ਵ ਦਰਸ਼ਨ ਨੂੰ ਪਛਾਣਨ ਦੀ ਲੋੜ ਹੈ। ਇਸਨੇ ਸਾਡੀ ਭਾਸ਼ਾ ਨੂੰ ਵਿਸ਼ਵ ਦਰਜਾ ਬਖਸ਼ਿਆ ਹੈ।

ਵਰਤਮਾਨ ਸਮੇਂ ਵਿੱਚ ਜੇ ਪੰਜਾਬ ਦੀ ਬੌਧਿਕ ਪਰੰਪਰਾ ਦੀ ਗੱਲ ਕਰੀਏ ਤਾਂ ਇੱਕ ਖਲਾਅ ਨਜ਼ਰ ਆਉਂਦਾ ਹੈ। ਪੰਜਾਬ ਦੇ ਇਤਿਹਾਸ, ਸਭਿਆਚਾਰ, ਧਰਮ, ਲਹਿਰਾਂ, ਵਿਸ਼ੇਸ਼ ਘਟਨਾਵਾਂ ਤੇ ਹੋਰ ਬਹੁਤ ਕੁਝ ਨੂੰ ਪੰਜਾਬੀ ਜ਼ਬਾਨ ਵਿੱਚ ਲਿਖਣ ਤੇ ਪੇਸ਼ ਕਰਨ ਦੀ ਥਾਂ ਅੰਗਰੇਜ਼ੀ ਦਾ ਸਹਾਰਾ ਲਿਆ ਜਾ ਰਿਹਾ ਹੈ। ਪੰਜਾਬ ਦੇ ਇਤਿਹਾਸ, ਸਮਾਜਿਕ ਵਿਗਿਆਨਾਂ, ਅਰਥਚਾਰੇ ਤੇ ਹੋਰ ਕਈ ਵਿਸ਼ਿਆਂ ਬਾਰੇ ਗੱਲਬਾਤ ਦਾ ਮਾਧਿਅਮ ਅੰਗਰੇਜ਼ੀ ਹੈ। ਇਹ ਠੀਕ ਹੈ ਕਿ ਪੰਜਾਬ ਤੇ ਪੰਜਾਬੀ ਦੀ ਗੱਲ ਅੰਗਰੇਜ਼ੀ ਰਾਹੀਂ ਦੂਸਰੇ ਲੋਕਾਂ ਤੱਕ ਜਾਣੀ ਚਾਹੀਦੀ ਹੈ, ਪਰ ਉਸ ਨੂੰ ਪੰਜਾਬੀ ਭਾਸ਼ਾ ਦੀ ਗਿਆਨ ਪਰੰਪਰਾ ਦਾ ਅੰਗ ਬਣਾਉਣਾ ਵੀ ਜ਼ਰੂਰੀ ਹੈ। ਗੱਲ ਅਸੀਂ ਪੰਜਾਬ ਦੀ ਕਰਨੀ ਹੈ, ਪਰ ਅੰਗਰੇਜ਼ੀ ਵਿੱਚ। ਇਹਦਾ ਮਤਲਬ ਹੈ ਅਸੀਂ ਆਪਣੀ ਭਾਸ਼ਾ ਦੇ ਗਿਆਨ ਤੇ ਸਮਰੱਥਾ ਤੋਂ ਕੋਰੇ ਹਾਂ। ਗੁਰੂ ਸਾਹਿਬਾਨ ਨੇ ਸਾਨੂੰ ਭਾਸ਼ਾ ਤੇ ਲਿਪੀ ਇਸੇ ਕਰਕੇ ਦਿੱਤੀ ਸੀ ਕਿ ਅਸੀਂ ਆਪਣੀ ਗਿਆਨ ਪਰੰਪਰਾ ਦੀ ਸੰਭਾਲ ਕਰਦੇ ਹੋਏ ਇਹਦਾ ਵਿਕਾਸ ਕਰੀਏ, ਪਰ ਅਸੀਂ ਉਸਤੋਂ ਖੁੰਝ ਗਏ ਹਾਂ।

ਇਹ ਸਾਡੀ ਭਾਸ਼ਾ ਦੀ ਤ੍ਰਾਸਦੀ ਬਣੀ ਹੋਈ ਹੈ ਕਿ ਆਪਣੇ ਬਾਰੇ ਜਾਣਨ ਲਈ ਸਾਨੂੰ ਪਰਾਈ ਭਾਸ਼ਾ ਦਾ ਸਹਾਰਾ ਲੈਣਾ ਪੈਂਦਾ ਹੈ। ਇਸ ਬਾਰੇ ਸਾਨੂੰ ਸੁਚੇਤ ਹੋਣ ਦੀ ਲੋੜ ਹੈ। ਪੰਜਾਬੀ ਨੇ ਹੁਣ ਤੱਕ ਲੋਕ ਪਰੰਪਰਾ ਵਿੱਚ ਵਿਕਾਸ ਕੀਤਾ ਤੇ ਕਰ ਰਹੀ ਹੈ। ਸਰਕਾਰਾਂ ਤੇ ਸਾਡੇ ਨਾਮਨਿਹਾਦ ਬੁੱਧੀਜੀਵੀਆਂ ਨੇ ਇਸਨੂੰ ਵਿਗਾੜਿਆ ਭਾਵੇਂ ਹੋਵੇ, ਇਹਦਾ ਸੰਵਾਰਿਆ ਕੁਝ ਨਹੀਂ। ਜੇ ਸਾਡੇ ਵਿਦਵਾਨ ਪਰਾਈ ਬੋਲੀ ਦੇ ਨਾਲ ਨਾਲ ਆਪਣੀ ਭਾਸ਼ਾ ਵਿੱਚ ਵੀ ਉਹੀ ਗੱਲਾਂ ਕਹਿਣ ਦੇ ਸਮਰੱਥ ਹੁੰਦੇ ਤਾਂ ਅੱਜ ਸਾਡੀ ਭਾਸ਼ਾ ਨੂੰ ਤਕਨਾਲੋਜੀ ਵਿੱਚ ਵਰਤੇ ਜਾਣ ਤੋਂ ਕੋਈ ਨਹੀਂ ਸੀ ਰੋਕ ਸਕਦਾ। ਇਹਦੇ ਲਈ ਭਾਸ਼ਾ ਦਾ ਰੋਡਮੈਪ ਤਿਆਰ ਕਰਨ ਦੀ ਲੋੜ ਹੈ ਤਾਂ ਕਿ ਅਸੀਂ ਆਪਣੀ ਬੌਧਿਕਤਾ ਨੂੰ ਗਿਆਨ ਦੀ ਪਰੰਪਰਾ ਵਿੱਚ ਢਾਲ ਸਕੀਏ।



ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਵਿਖੇ ਸੁਸ਼ੋਭਿਤ ਗੁਰਦੁਆਰਾ ਨਨਕਾਣਾ ਸਾਹਿਬ

# ਧੰਨ ਧੰਨ ਗੁਰੂ ਨਾਨਕ ਪਾਤਿਸ਼ਾਹ ਦੇ ਪ੍ਰਕਾਸ਼ ਪੁਰਬ ਦੀ ਸਮੂਹ ਭਾਈਚਾਰੇ ਨੂੰ

# ਕੋਟਾਨਿ ਕੋਟਿ ਵਧਾਈ


ਬਲਵਿੰਦਰ ਸਿੰਘ (ਬੌਬ) ਸੰਧੂ


ਜਸਵਿੰਦਰ ਸਿੰਘ (ਜੱਸੀ) ਸੰਧੂ


ਕਿਰਪਾਲ ਸਿੰਘ ਰੰਧਾਵਾ


ਸੋਨੀ ਜੱਜ

## ਸੰਧੂ, ਰੰਧਾਵਾ ਅਤੇ ਜੱਜ ਪਰਿਵਾਰ (ਸ਼ਿਕਾਗੋ)

# ਪੰਜਾਬੀ ਪਰਵਾਜ਼


Punjabi Parwaz

## ਸਮੁੱਚੀ ਟੀਮ ਵੱਲੋਂ ਪਾਠਕਾਂ ਅਤੇ ਸਮੂਹ ਭਾਈਚਾਰਿਆਂ ਨੂੰ

# ਧੰਨ ਧੰਨ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ


ਮਹਾਨ ਯੁਗ ਪੁਰਸ਼ ਗੁਰੂ ਨਾਨਕ ਸਾਹਿਬ ਨੇ ਆਪਣੇ ਜੀਵਨ ਤੇ ਬਾਣੀ ਰਾਹੀਂ ਲੋਕ-ਚੇਤਨਾ ਪੈਦਾ ਕੀਤੀ ਅਤੇ ਮਨੁੱਖਤਾ ਦੇ ਕਲਿਆਣ ਹਿੱਤ ਸੰਕੀਰਣ ਤੇ ਰੂੜ੍ਹ ਧਾਰਮਿਕ ਪਰੰਪਰਾਵਾਂ ਨੂੰ ਕਿਸੇ ਤਰ੍ਹਾਂ ਦਾ ਕੋਈ ਮਹੱਤਵ ਨਹੀਂ ਦਿੱਤਾ। ਉਨ੍ਹਾਂ ਨੇ ਆਪਣੀ ਬਾਣੀ ਰਾਹੀਂ ਖੜੋਤ ਨੂੰ ਖ਼ਤਮ ਕਰਕੇ ਨਵੇਂ ਅਤੇ ਨਰੋਏ ਜੀਵਨ ਦਾ ਬਿਗਲ ਵਜਾਇਆ। ਆਓ, ਗੁਰੂ ਜੀ ਦੀ ਵਿਚਾਰਧਾਰਾ ਅਪਣਾਈਏ ਅਤੇ ਉਨ੍ਹਾਂ ਦੇ ਦਰਸਾਏ ਸੱਚ ਦੇ ਮਾਰਗ ਉਤੇ ਚੱਲਣ ਦਾ ਯਤਨ ਕਰੀਏ!

### ਸਤਿਕਾਰਯੋਗ ਬੋਰਡ ਮੈਂਬਰ


ਬਲਵਿੰਦਰ ਸਿੰਘ (ਬੌਬ) ਸੰਧੂ


ਦਵਿੰਦਰ ਸਿੰਘ ਰੰਗੀ


ਮਨਜਿੰਦਰ ਸਿੰਘ (ਮੈਕ) ਭਮਰਾ


ਬੇਅੰਤ ਸਿੰਘ ਬੋਪਾਰਾਏ ਮਿਲਵਾਕੀ


ਜੋਧ ਸਿੰਘ ਸਿੱਧੂ


ਅਮਰੀਕ ਸਿੰਘ ਸ਼ਿਕਾਗੋ


ਕਿਰਪਾਲ ਸਿੰਘ ਰੰਧਾਵਾ


ਅੰਮ੍ਰਿਤਪਾਲ ਸਿੰਘ ਗਿੱਲ


ਬਲਵਿੰਦਰ ਸਿੰਘ ਚੱਠਾ


ਗੁਰਿੰਦਰਜੀਤ ਸਿੰਘ ਗਰੇਵਾਲ


ਦੀਦਾਰ ਸਿੰਘ ਧਨੋਆ


ਯਾਦਵਿੰਦਰ ਸਿੰਘ (ਰਿੰਪੀ) ਖੱਟੜਾ


ਅਮਰਜੀਤ ਸਿੰਘ ਢੀਂਡਸਾ


ਗੁਰਵਿੰਦਰ ਸਿੰਘ ਬੱਬੂ (ਐਪਲਟਨ)


ਦਰਸ਼ਨ ਸਿੰਘ ਪੰਮਾ



ਬਿਕਰਮ ਸਿੰਘ ਸਿੱਧੂ



ਪਰਮਜੀਤ ਸਿੰਘ ਸਿੱਧੂ (ਮਹਿਰਾਜ)



ਮਨਮਿੰਦਰ ਸਿੰਘ ਹੀਰ


ਬਲਜੀਤ ਸਿੰਘ ਸਿੱਧੂ (ਫਲੋਰਿਡਾ)


ਮਿੰਨੀ ਮੁਲਤਾਨੀ


ਗੁਰਪ੍ਰੀਤ ਕੇ. ਸਿੰਘ


ਲਾਲੀ ਧਾਲੀਵਾਲ (ਮਿਸ਼ੀਗਨ)



ਪਰਮਿੰਦਰ ਸਿੰਘ (ਯੂਬਾ ਸਿਟੀ)


ਜਗਜੀਤ ਸਿੰਘ ਖੇੜਾ (ਓਕਲਾਹੋਮਾ)


ਇੰਦਰ ਹੁੰਜਣ


ਅਮਨਦੀਪ ਸਿੰਘ ਕੁਲਾਰ


ਜਿਗਰਦੀਪ ਸਿੰਘ ਢਿੱਲੋਂ


ਹਰਕੇਵਲ ਸਿੰਘ ਲਾਲੀ